Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

FOR ADVERTISING IN CANADIAN PUNJABI POST CALL:
905-793-2202

Vol 19*Issue 67 Friday, April 10, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

## ਅੰਦਰ ਪੜ੍ਹੋ

ਐਂਨਡੀਪੀ ਨੇ ਡਰਾਈਵਰਾਂ ਲਈ ਆਟੋ ਇੰਸ਼ੋਰੈਂਸ ਪੇਅਮੈਂਟਸ ਵਿੱਚ ਰਿਆਇਤ ਦੇਣ ਦੀ ਕੀਤੀ ਮੰਗ


ਪੰਨਾ 03

ਪੰਜਾਬ ਦਾ ਜਵਾਹਰਪੁਰ ਪਿੰਡ ਪਹਿਲਾ ਹਾਟ-ਸਪਾਟ ਐਲਾਨ ਕੀਤਾ ਗਿਆ


ਪੰਨਾ 04

# ਮੈਡੀਕਲ ਸਪਲਾਈ ਤੇ ਸਾਜ਼ੋ ਸਮਾਨ ਦੀ ਬਹੁਤੀ ਲੋੜ ਘਰੇਲੂ ਮਾਰਕਿਟ ਤੋਂ ਹੀ ਪੂਰੀ ਕਰਨ ਦਾ ਟਰੂਡੋ ਨੇ ਕੀਤਾ ਐਲਾਨ



ਓਟਵਾ, 9 ਅਪਰੈਲ (ਪੋਸਟ ਬਿਊਰੋ) : ਕੈਨੇਡੀਅਨ ਬਿਜ਼ਨਸਿਜ਼ ਤੇ ਉਤਪਾਦਕ ਕੋਵਿਡ-19 ਮਹਾਮਾਰੀ ਨਾਲ ਜਾਰੀ ਸੰਘਰਸ਼ ਵਿੱਚ ਹਿੱਸਾ ਪਾਉਣ ਲਈ ਕਮਰ ਕੱਸ ਰਹੇ ਹਨ। ਕੈਨੇਡਾ ਸਰਕਾਰ ਦੇਸ਼ ਭਰ ਦੀਆਂ ਕੰਪਨੀਜ਼ ਨਾਲ ਰਲ ਕੇ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਸਾਡੇ ਕੋਲ ਕੈਨੇਡੀਅਨਾਂ ਨੂੰ ਸੇਫ ਤੇ ਸਿਹਤਮੰਦ ਰੱਖਣ ਲਈ ਲੋੜੀਂਦੀ ਮੈਡੀਕਲ ਸਪਲਾਈਜ਼ ਤੇ ਸਾਜ਼ੋ ਸਮਾਨ ਹੋਵੇ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੋਵਿਡ-19 ਨਾਲ ਸੰਘਰਸ਼ ਦੌਰਾਨ ਕੈਨੇਡਾ ਦੀ ਇੰਡਸਟਰੀ ਨੂੰ ਨਾਲ ਲੈ ਕੇ ਤੁਰਨ ਦਾ ਐਲਾਨ ਕੀਤਾ ਗਿਆ। ਮਹਾਮਾਰੀ ਤੋਂ ਬਚਾਅ ਲਈ ਕੈਨੇਡਾ ਵਿੱਚ ਹੀ ਤਿਆਰ ਪ੍ਰੋਟੈਕਟਿਵ ਗੇਅਰ ਤੇ ਮੈਡੀਕਲ ਇਕਿਊਪਮੈਂਟ ਦੀ ਸਮਰੱਥਾ ਵਧਾਈ ਜਾਵੇਗੀ। ਕੈਨੇਡਾ ਸਰਕਾਰ ਵੱਲੋਂ ਫਰੰਟ ਲਾਈਨ ਹੈਲਥ ਵਰਕਰਜ਼ ਦੀ ਹਿਫਾਜ਼ਤ ਲਈ ਲੋੜੀਂਦੀਆਂ ਆਈਟਮਾਂ ਦੀ ਘਰੇਲੂ ਸਪਲਾਈ ਯਕੀਨੀ ਬਣਾਈ ਜਾਵੇਗੀ। ਘੱਟੋ ਘੱਟ 5000 ਕੈਨੇਡੀਅਨ ਕੰਪਨੀਆਂ ਵੱਲੋਂ ਆਪਣੀ ਮਹਾਰਤ ਤੇ ਸਮਰੱਥਾ ਦੀ ਪੇਸ਼ਕਸ਼ ਕੀਤੀ ਗਈ ਹੈ ਜਿਸ ਰਾਹੀਂ ਹੇਠ ਲਿਖੇ ਪ੍ਰੋਜੈਕਟਾਂ ਉੱਤੇ ਕੰਮ ਕੀਤਾ ਜਾਵੇਗਾ :

- ਥੌਰਨਹਿੱਲ ਮੈਡੀਕਲ, ਸਟਾਰਫਿਸ਼ ਮੈਡੀਕਲ ਤੇ ਲੀਨਾਮਾਰ ਆਦਿ ਵਰਗੀਆਂ ਭਾਈਵਾਲ ਕੰਪਨੀਆਂ ਤੋਂ ਸੀਏਈ, ਵੈਂਟੀਲੇਟਰਜ਼ ਖਰੀਦਣਾ। 30,000 ਵੈਂਟੀਲੇਟਰਜ਼ ਤਿਆਰ ਕਰਨ ਲਈ ਕੈਨੇਡਾ ਸਰਕਾਰ ਅਜਿਹੀਆਂ ਕੰਪਨੀਆਂ ਨਾਲ ਰਲ ਕੇ ਕੰਮ ਕਰ ਰਹੀ ਹੈ। ਇਸ ਤਰ੍ਹਾਂ ਦੀ ਖਰੀਦ ਨਾਲ ਜ਼ਿੰਦਗੀ ਬਚਾਉਣ ਵਾਲੀਆਂ ਇਨ੍ਹਾਂ ਮਸ਼ੀਨਾਂ ਨੂੰ ਦੇਸ਼ ਵਿੱਚ ਹੀ ਤਿਆਰ ਕਰਨ ਕਾਰਨ ਘਰੇਲੂ ਸਮਰੱਥਾ ਵਿੱਚ ਵੀ ਇਜਾਫਾ ਹੋਵੇਗਾ।

...ਬਾਕੀ ਪੰਨਾ 6 'ਤੇ

## ਸਬਸਿਡੀ ਬਿੱਲ ਪਾਸ ਕਰਨ ਲਈ ਸ਼ਨਿੱਚਰਵਾਰ ਨੂੰ ਹੋਵੇਗੀ ਪਾਰਲੀਆਮੈਂਟ ਦੀ ਇੱਕ ਹੋਰ ਸਿਟਿੰਗ



ਓਟਵਾ, 9 ਅਪਰੈਲ (ਪੋਸਟ ਬਿਊਰੋ) : ਹਾਊਸ ਆਫ ਕਾਮਨਜ਼ ਤੇ ਸੈਨੇਟ ਨੂੰ ਦੂਜੀ ਪਾਰਲੀਆਮੈਂਟਰੀ ਸਿਟਿੰਗ ਲਈ ਸ਼ਨਿੱਚਰਵਾਰ ਨੂੰ ਸੱਦਿਆ ਗਿਆ ਹੈ, ਅਜਿਹਾ ਵੇਜ ਸਬਸਿਡੀ ਪ੍ਰੋਗਰਾਮ ਦੇ ਪਸਾਰ ਦੇ ਅਧਿਐਨ ਤੇ ਉਸ ਨੂੰ ਪਾਸ ਕਰਨ ਲਈ ਕੀਤਾ ਜਾ ਰਿਹਾ ਹੈ।

ਇਹ ਵੀਕੈਂਡ ਸਿਟਿੰਗ, ਹਾਊਸ ਆਫ ਕਾਮਨਜ਼ ਵਿੱਚ ਦੁਪਹਿਰ ਦੇ 12:15 ਵਜੇ ਤੋਂ ਸ਼ੁਰੂ ਹੋ ਕੇ ਸ਼ਾਮੀਂ 5:00 ਵਜੇ ਤੱਕ ਚੱਲੇਗੀ ਜਦਕਿ ਸੈਨੇਟਰਜ਼ ਦੀ ਸਿਟਿੰਗ 4:00 ਵਜੇ ਤੋਂ ਸ਼ੁਰੂ ਹੋ ਕੇ ਜਦੋਂ ਤੱਕ ਇਹ ਬਿੱਲ ਐਮਪੀਜ਼ ਵੱਲੋਂ ਪਾਸ ਨਹੀਂ ਹੋ ਜਾਂਦਾ ਉਦੋਂ ਤੱਕ ਚੱਲੇਗੀ। ਸਰਕਾਰ ਦੇ ਹਾਊਸ ਲੀਡਰ ਪਾਬਲੋ ਰੌਡਰਿਗਜ਼ ਵੱਲੋਂ ਹਾਊਸ ਆਫ ਕਾਮਨਜ਼ ਦੇ ਸਪੀਕਰ ਐਨਥਨੀ ਰੋਟਾ ਨੂੰ ਇਹ ਸਿਟਿੰਗ ਵਿਰੋਧੀ ਪਾਰਟੀਆਂ ਨਾਲ ਸਮਝੌਤਾ ਸਿਰੇ ਚੜ੍ਹਨ ਤੋਂ ਬਾਅਦ ਰੱਖਣ ਲਈ ਆਖਿਆ ਗਿਆ ਸੀ। ਇਸ ਨਵੇਂ ਬਿੱਲ-ਅ ਸੈਕੰਡ ਐਕਟ ਰਿਸਪੈਕਟਿੰਗ ਸਰਟੇਨ ਮੇਯਰਜ਼ ਇਨ ਰਿਸਪਾਂਸ ਟੂ ਕੋਵਿਡ-19, ਦੀ ਕਾਪੀ ਵਿਰੋਧੀ ਪਾਰਟੀਆਂ ਕੋਲ ਵੀ ਹੈ। ...ਬਾਕੀ ਪੰਨਾ 6 'ਤੇ

# ਟੋਰਾਂਟੋ ਵਿੱਚ ਕੋਵਿਡ-19 ਦੇ 199 ਨਵੇਂ ਮਾਮਲੇ ਆਏ ਸਾਹਮਣੇ, ਪੰਜ ਮੌਤਾਂ ਦੀ ਪੁਸ਼ਟੀ



ਟੋਰਾਂਟੋ, 9 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਹੈਲਥ ਅਧਿਕਾਰੀਆਂ ਵੱਲੋਂ ਕੋਵਿਡ-19 ਦੇ 199 ਨਵੇਂ ਮਾਮਲਿਆਂ ਤੇ ਪੰਜ ਮੌਤਾਂ ਦੀ ਵੀਰਵਾਰ ਨੂੰ ਪੁਸ਼ਟੀ ਕੀਤੀ ਗਈ। ਇਸ ਨਾਲ ਸ਼ਹਿਰ ਵਿੱਚ ਕੋਵਿਡ-19 ਦੇ ਕੁੱਲ ਮਾਮਲਿਆਂ ਦੀ ਗਿਣਤੀ 1769 ਤੱਕ ਅੱਪੜ ਗਈ ਹੈ। ਇਨ੍ਹਾਂ ਅੰਕੜਿਆਂ ਵਿੱਚ 1519 ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ ਜਦਕਿ 250 ਮਾਮਲਿਆਂ ਵਿੱਚ ਅਜੇ ਖਦਸ਼ਾ ਹੀ ਪ੍ਰਗਟਾਇਆ ਗਿਆ ਹੈ। ਸਿਟੀ ਅਨੁਸਾਰ 1769 ਮਾਮਲਿਆਂ ਵਿੱਚੋਂ 174 ਲੋਕ ਹਸਪਤਾਲ ਦਾਖਲ ਕਰਵਾਏ ਜਾ ਚੁੱਕੇ ਹਨ ਜਦਕਿ 76 ਦਾ ਇਲਾਜ ਇੰਟੈਂਸਿਵ ਕੇਅਰ ਯੂਨਿਟ ਵਿੱਚ ਚੱਲ ਰਿਹਾ ਹੈ। ਸਿਟੀ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ. ਏਲੀਨ ਡੀ ਵਿੱਲਾ ਨੇ ਵੀਰਵਾਰ ਦੁਪਹਿਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਟੋਰਾਂਟੋ ਵਿੱਚ ਕੋਵਿਡ-19 ਨਾਲ 54 ਮੌਤਾਂ ਹੋ ਚੁੱਕੀਆਂ ਹਨ।

ਡੀ ਵਿੱਲਾ ਨੇ ਸਿਟੀ ਦੇ ਲਾਂਗ ਟਰਮ ਕੇਅਰ ਸੈਂਟਰਜ਼ ਦੀ ਵੀ ਗੱਲ ਕੀਤੀ ਜਿੱਥੇ ਇਸ ਵਾਇਰਸ ਕਾਰਨ ਕਾਫੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਸੈਂਟਰਜ਼ ਵਿੱਚ ਇਹ ਵਾਇਰਸ ਲੋਕਾਂ ਰਾਹੀਂ ਹੀ ਪਹੁੰਚਿਆ ਹੈ, ਇਨ੍ਹਾਂ ਵਿੱਚ ਉਹ ਲੋਕ ਸ਼ਾਮਲ ਹਨ ਜਿਹੜੇ ਉੱਥੇ ਵਿਜ਼ਿਟ ਕਰਨ ਜਾਂਦੇ ਹਨ ਤੇ ਜਿਹੜਾ ਉੱਥੋਂ ਦਾ ਸਟਾਫ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਹ ਚੋਣ ਕਾਫੀ ਮੁਸ਼ਕਲ ਹੈ ਕਿ ਇਨ੍ਹਾਂ ਸੈਂਟਰਾਂ ਉੱਤੇ ਪਰਿਵਾਰਕ ਜੀਆਂ ਤੇ ਦੋਸਤਾਂ ਨੂੰ ਵਿਜ਼ਿਟ ਕਰਨ ਤੋਂ ਰੋਕਿਆ ਜਾਵੇ ਪਰ ਅਜਿਹਾ ਕਰਨਾ ਸਮੇਂ ਦੀ ਮੰਗ ਹੈ। ...ਬਾਕੀ ਪੰਨਾ 6 'ਤੇ

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here To Reach Wider Audience (905)793-2202

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

A1 RENOVATIONS
Commercial & Residential Renovations
**Professional ,Reliable & Experienced**
Services: • Painting • Drywalls • Plumbing • Electrical • Flooring
• Complete Basement Renovation • Kitchen & Washrooms • Concrete Services (Driveways & Sidewalks)
5-10 % DISCOUNT
Note: Complete basement (passed by city) Certified GasTechnician
Call Bobby Mann today !! 647-407-9595
a1floor_2000@hotmail.com *Some condition apply

DHINDSA LAW
Barrister, Solicitor & Notary Public
www.dhindsalaw.ca
- Criminal and Family Law
- Immigration
- Real Estate
- Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS:
10510 Torbram Rd Unit-J1, Brampton L6R 3N9 (Torbram & Sandalwood)
Cell: 437 998 1429
330 Highway 7 E, Suite 309, Richmond Hill- L4B 3P8

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885




GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ Individual Yard & Driveway
✓ 25x100ft lot
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005




www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348


AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4


## ਅੱਜ ਨਾਮਾ

ਕੇਹਰ ਸਿੰਘ ਨੇ ਕਿਹਾ ਤਰਲੋਕ ਸੋਂਹ ਨੂੰ,
ਵਕਤ ਕੱਟਣ ਨੂੰ ਛੇੜ ਕੋਈ ਗੱਲ ਬੇਲੀ।
ਲਾਈਏ ਰੇਡੀਓ, ਟੀ ਵੀ ਤਾਂ ਬੱਸ ਓਥੇ,
ਹੁੰਦੀ ਕਰੋਨਾ ਦੀ ਗੱਲ ਰਹੀ ਚੱਲ ਬੇਲੀ।
ਸੁਣ ਕੇ ਚਰਚਾ ਕਰੋਨਾ ਦੀ ਦਿਨੇ ਰਾਤੀਂ,
ਸਾਡੀ ਨੀਂਦ ਵੀ ਲਈ ਇਸ ਮੱਲ ਬੇਲੀ।
ਗਿਣਤੀ ਮੌਤਾਂ ਦੀ ਨਿਰੀ ਹੈ ਹੋਈ ਜਾਂਦੀ,
ਕੋਈ ਨਾ ਨਿਕਲਦਾ ਏਸ ਦਾ ਹੱਲ ਬੇਲੀ।
ਅੱਗੋਂ ਕਿਹਾ ਤਰਲੋਕ ਸੋਂਹ ਸੁਣੀਂ ਮਿੱਤਰ,
ਇਨ੍ਹਾਂ ਗੱਲਾਂ ਨਾਲ ਦਿਲ ਨਾ ਢਾਹੀਦਾ ਈ।
ਪੈਣਾ ਈ ਲੱਭ ਇਸ ਰੋਗ ਦਾ ਹੱਲ ਭਾਈ,
ਥੋੜ੍ਹਾ ਵਕਤ ਹੀ ਖੋਜ ਲਈ ਚਾਹੀਦਾ ਈ।

**ਤੀਸ ਮਾਰ ਖਾਂ**

# ਹਾਈ ਕਮਿਸ਼ਨਰ ਅਜੇ ਵਿਸਾਰੀਆ ਨੇ ਕੋਵਿਡ-19 ਦੀ ਮਹਾਂਮਾਰੀ ਮੌਕੇ ਲਾਮਬੰਦ ਕੀਤੀਆਂ ਕੈਨੇਡਾ ’ਚ ਭਾਰਤੀ ਮੂਲ ਦੀਆਂ ਸੰਸਥਾਵਾਂ

ਓਟਵਾ, 9 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਕੈਨੇਡਾ ’ਚ ਹਾਈ ਕਮਿਸ਼ਨਰ ਦਾ ਅਹੁਦਾ ਸੰਭਾਲਦਿਆਂ ਹੀ ਹਾਈ ਕਮਿਸ਼ਨਰ ਅਜੇ ਵਿਸਾਰੀਆਂ ਵਲੋਂ ਕੋਰੋਨਾ ਵਾਇਰਸ ਦੀ ਮਹਾਂਮਾਰੀ ਪ੍ਰਤੀ ਕੰਮ ਕਰਦੀਆਂ ਤੇ ਕੰਮ ਕਰਨ ਲਈ ਕੈਨੇਡਾ ਵਿਚ ਕੋਸਟ ਟੂ ਕੋਸਟ ਭਾਰਤੀ ਸੰਸਥਾਵਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੱਲ੍ਹ ਉਨ੍ਹਾਂ ਨੋਵੋਸ ਕੋਸ਼ੀਆ ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ ਤੱਕ 20 ਸੰਸਥਾਵਾਂ ਦੇ ਮੁਖੀਆਂ ਨਾਲ ਟੈਲੀ ਕਾਨਫਰੰਸ ਕੀਤੀ। ਇਸ ’ਚ ਜਿਥੇ ਵੈਨਕੂਵਰ ਵਿਖੇ ਭਾਰਤ ਦੇ ਕੌਂਸਲ ਜਨਰਲ ਸ਼ਾਮਲ ਸਨ, ਉਸ ਦੇ ਨਾਲ-ਨਾਲ ਟੋਰਾਂਟੋ ਤੋਂ ਕੌਂਸਲ ਜਨਰਲ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵਾ ਵੀ ਇਸ ਕਾਨਫਰੰਸ ਕਾਲ ’ਚ ਸ਼ਾਮਲ ਹੋਏ। ਇਸ ਮੌਕੇ ਕੈਨੇਡਾ ’ਚ ਮਿਲੀਅਨ ਤੋਂ ਉਤੇ ਰਹਿ ਰਹੇ ਭਾਰਤੀ ਮੂਲ ਦੇ ਲੋਕਾਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਸਬੰਧਤ ਸੰਸਥਾਵਾਂ ਦੇ ਸੰਚਾਲਕ ਨੇ ਆਪਣੀ ਗੱਲਬਾਤ ਸਾਂਝੀ ਕੀਤੀ। ਇਸ ਗੱਲਬਾਤ ਦਾ ਮੁੱਖ ਮੁੱਦਾ ਖਾਸ ਤੌਰ ’ਤੇ ਜੋ ਅੰਤਰਰਾਸ਼ਟਰੀ ਵਿਦਿਆਰਥੀ ਇਥੇ ਆਏ ਹਨ, ਜਾਂ ਫੇਰ ਭਾਰਤੀ ਮੂਲ ਦੇ ਉਹ ਲੋਕ, ਜੋ ਵਿਜ਼ਿਟਰ ਜਾਂ ਫੇਰ ਹੋਰ ਕਿਸੇ ਕੰਮ ਲਈ ਆਏ ਹਨ ਤੇ ਕੋਰੋਨਾ ਵਾਇਰਸ ਕਾਰਨ ਇਥੇ ਰੁਕ ਗਏ ਹਨ, ਉਨ੍ਹਾਂ ਦੀ ਕਿਵੇਂ ਨਾ ਕਿਵੇਂ ਲੋੜ ਪੈਣ ’ਤੇ ਮਦਦ ਕੀਤੀ ਜਾਵੇ, ਇਸ ਬਾਰੇ ਉਹ ਆਪਣੀ ਉਹ ਗੱਲਬਾਤ ਇਨ੍ਹਾਂ ਸੰਸਥਾਵਾਂ ਦੇ ਮੁਖੀਆਂ ਨਾਲ ਸਾਂਝੀ ਕਰ ਰਹੇ ਸਨ। ਇਸ ਵਿਚ ਨੋਵੋਸ ਕੋਸ਼ੀਆ ਤੋਂ ਲੈ ਕੇ ਮੌਂਟਰੀਅਲ, ਓਟਵਾ, ਕਿੰਗਸਟਨ, ਟੋਰਾਂਟੋ, ਵਿਨੀਪੈਗ, ਐਡਮਿੰਟਨ, ਵੈਨਕੂਵਰ ਤੇ ਹੋਰਨਾਂ ਸ਼ਹਿਰਾਂ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਸੰਚਾਲਕ ਤੇ ਵੱਖ-ਵੱਖ ਹੋਰ ਸੰਸਥਾਵਾਂ ਦੇ ਸਚਾਲਕਾਂ ਨੇ ਆਪਣੀ-ਆਪਣੀ ਗੱਲ ਸਾਂਝੀ ਕੀਤੀ ਕਿ ਕਿਵੇਂ



ਇਸ ਮਹਾਮਾਰੀ ਦੌਰਾਨ ਉਨ੍ਹਾਂ ਨੇ ਅਪਾਣੇ ਦਰਵਾਜੇ ਲੋੜਵੰਦਾਂ ਲਈ ਖੋਲ੍ਹੇ ਹਨ। ਇਸ ਗੱਲਬਾਤ ਦੌਰਾਨ ਜਿਥੇ ਇੰਡੋ ਕੈਨੇਡਾ ਚੈਂਬਰ ਆਫ਼ ਕਮਰਸ, ਕੈਨੇਡਾ ਇੰਡੀਆ ਫਰੈਂਡਸ਼ਿਪ ਫੋਰਮ ਤੇ ਵੱਖ-ਵੱਖ ਹਿੰਦੂ ਸਮਾਜ ਸੇਵੀ ਸੰਸਥਾਵਾਂ ਨੇ ਇਸ ਆਪਾਤਕਾਲ ਦੌਰਾਨ ਜਿਥੇ ਆਪਣੇ ਕੰਮਾਂ ਬਾਰੇ ਅਤੇ ਆਪਣੀਆਂ ਸੇਵਾਵਾਂ ਬਾਰੇ ਦੱਸਿਆ, ਉਸ ਦੇ ਨਾਲ-ਨਾਲ ਟੋਰਾਂਟੋ ਤੋਂ ਚੱਲ ਰਹੀ ਪੰਜਾਬੀ ਫੂਡ ਸੇਵਾ ਦੀ ਵਿਸ਼ੇਸ਼ ਤੌਰ ’ਤੇ ਸ਼ਲਾਘਾ ਹੋਈ।

ਜਗਦੀਸ਼ ਗਰੇਵਾਲ ਤੇ ਜੁਗਰਾਜ ਸਿੱਧੂ ਨੇ ਹਾਈ ਕਮਿਸ਼ਨਰ ਸ਼੍ਰੀ ਅਜੇ ਵਿਸਾਰੀਆ ਨੂੰ ਆਪਣੇ ਬਾਰੇ ਜਾਣ ਪਹਿਚਾਣ ਕਰਵਾਉਂਦਿਆਂ ਦੱਸਿਆ ਕਿ ਹੁਣ ਤੱਕ ਪੰਜਾਬੀ ਫੂਡ ਸੇਵਾ ਵਲੋਂ ਕਿਸ ਤਰ੍ਹਾਂ 5-6 ਹਜ਼ਾਰ ਦੇ ਕਰੀਬ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਤੇ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕਈ ਲੱਖਾਂ ਡਾਲਰ ਦੀ ਗ੍ਰਾਸਰੀ ਦਿੱਤੀ ਜਾ ਚੁੱਕੀ ਹੈ ਅਤੇ ਇਸ ਲਈ ਦਰਵਾਜੇ ਖੋਲਿਆਂ ਨੂੰ ਪੂਰੇ 18 ਦਿਨ ਹੋ ਚੁੱਕੇ ਹਨ। ਇਸ ਦੌਰਾਨ ਨਾ ਤਾਂ ਖਾਣਾ ਦੇਣ ਵਾਲਿਆਂ ਦੀ ਘਾਟ ਆ ਰਹੀ ਹੈ ਤੇ ਨਾਲ ਹੀ ਇਕ ਲੰਬੀ ਕਤਾਰ ਖਾਣਾ ਲੈਣ ਵਾਲਿਆਂ ਦੀ ਲੱਗੀ ਹੋਈ ਹੈ। ਇਸ ਗੱਲਬਾਤ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀ, ਜੋ ਖੁਦ ਵਲੰਟੀਅਰ ਦੇ ਤੌਰ ’ਤੇ ਅੱਗੇ ਆਏ, ਉਨ੍ਹਾਂ ਦੀ ਵੀ ਸ਼ਲਾਘਾ ਹੋਈ ਤੇ ਉਹ ਹੀ ਅੱਗੇ ਜਾ ਕੇ ਵੱਖ-ਵੱਖ ਵਿਦਿਆਰਥੀ ਵਰਗਾਂ ਨੂੰ ਮਦਦ ਪਹੁੰਚਾ ਰਹੇ ਹਨ। ਜਗਦੀਸ਼ ਗਰੇਵਾਲ ਤੇ ਜੁਗਰਾਜ ਸਿੱਧੂ ਨੇ ਦੱਸਿਆ ਕਿ ਟੋਰਾਟੋ ਤੋਂ 3 ਤੋਂ 4 ਘੰਟੇ ਦੀ ਦੂਰੀ ਤੱਕ ਕੋਈ ਵੀ ਗਰੁੱਪ, ਜਿਸ ਨੂੰ ਗ੍ਰਾਸਰੀ ਜਾਂ ਹੋਰ ਵਸਤਾਂ ਦੀ ਜਰੂਰਤ ਹੈ ਤਾਂ ਉਸ ਦੀ ਇਕ ਦਿਨ ਦੇ ਵਿਚ ਵਿਚ ਡਿਲੀਵਰੀ ਕੀਤੀ ਜਾਵੇਗੀ। ਉਨ੍ਹਾਂ ਬਾਕੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਜੋ ਵੀ ਗ੍ਰੇਟਰ ਟੋਰਾਂਟੋ ਏਰੀਆ ਜਾਂ ਫੇਰ ਓਂਟਾਰੀਓ ਵਿਚ ਜੋ ਵੀ ਸੰਸਥਾਵਾਂ ਹਨ, ਉਨ੍ਹਾਂ ਨੂੰ ਸੰਸਥਾ ਦੇ ਤੌਰ ’ਤੇ ਵੀ ਕਿਸੇ ਤਰ੍ਹਾਂ ਦੀ ਜਰੂਰਤ ਹੋਵੇ ਤਾਂ ਪੰਜਾਬੀ ਫੂਡ ਸੇਵਾ ਨਾਲ ਸੰਪਰਕ ਕਰਕੇ ਇਥੋਂ ਉਹ ਗ੍ਰਾਸਰੀ ਲਿਜਾ ਸਕਦੇ ਹਨ। ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਪੈਰਾਲੀਗਲ ਸਰਵਿਸਜ਼ ਫ੍ਰੀ ਮੁਹੱਈਆ ਕਰਵਾਉਣ ਦੀ ਜਾਂ ਫੇਰ ਜੋ ਸਰਕਾਰ ਵਲੋ ਬੈਨੀਫਿਟ ਅਨਾਊਂਸ ਕੀਤੇ ਗਏ ਹਨ, ਉਸ ਬਾਰੇ ਕੋਈ ਪ੍ਰੋਫੈਸ਼ਨਲ ਹੈਲਪ ਦੀ ਜਰੂਰਤ ਹੈ, ਉਹ ਦੇ ਲਈ ਵੀ ਪੰਜਾਬੀ ਫੂਡ ਸੇਵਾ ਨੇ ਮੁਫ਼ਤ ਸਰਵਿਸ ਦੇਣ ਦੀ ਗੱਲ ਸਾਂਝੀ ਕੀਤੀ। ਅਜੇ ਵਿਸਾਰੀਆ ਜੀ ਵਲੋਂ ਇਸ ਉਦਮ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਭਾਰਤ ਸਰਕਾਰ ਆਪਣੇ ਨਾਗਰਿਕਾਂ ਦੀ ਪੂਰੀ ਤਰ੍ਹਾਂ ਸਿਹਤਯਾਬੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਕੰਮ ਕਰ ਰਹੀ ਹੈ, ਉਸ ਦੇ ਨਾਲ-ਨਾਲ ਉਨ੍ਹਾਂ ਇਥੇ ਬੈਠੀਆਂ ਸਮਾਜ ਸੇਵੀ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ, ਜੋ ਇਸ ਕੰਮ ’ਚ ਜੁਟੀਆਂ ਹੋਈਆਂ ਹਨ।

# ਐਨ.ਆਰ.ਆਈਜ਼ ਦੀ ਮਦਦ ਪਹਿਲ ਦੇ ਆਧਾਰ ’ਤੇ ਕੀਤੀ ਜਾ ਰਹੀ ਹੈ: ਏ.ਡੀ.ਜੀ.ਪੀ. ਸ਼੍ਰੀ ਵਰਿੰਦਰ ਕੁਮਾਰ

ਟੋਰਾਂਟੋ, 9 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਂਮਾਰੀ ਦੇ ਚਲਦੇ ਭਾਰਤ ’ਚ ਲਾਕਡਾਊਣ ਹੋਣ ਕਾਰਨ ਹਜ਼ਾਰਾਂ ਐਨ.ਆਰ.ਆਈ ਹੋਰਨਾਂ ਸੂਬਿਆਂ ਦੇ ਨਾਲ ਨਾਲ ਪੰਜਾਬ ’ਚ ਵੀ ਫਸੇ ਹੋਏ ਹਨ। ਏਅਰਪੋਰਟ ਬੰਦ ਹੋ ਜਾਣ ਕਾਰਨ ਸਾਰੀਆਂ ਫਲਾਈਟਾਂ ਰੱਦ ਹੋ ਚੁੱਕੀਆਂ ਹਨ ਤੇ ਇਸ ਸਮੇਂ ਐਨ.ਆਰ.ਆਈ. ਆਪਣੇ ਆਪਣੇ ਮੁਲਕਾਂ ਨੂੰ ਪਰਤਣ ਲਈ ਉਤਾਵਲੇ ਹਨ ਤੇ ਇਕ ਤਰ੍ਹਾਂ ਦੀ ਹਾਹਾਕਾਰ ਮਚੀ ਹੋਈ ਹੈ। ਜੇਕਰ ਕੈਨੇਡਾ ਦੀ ਗੱਲ ਕਰੀਏ ਤਾਂ ਕੈਨੇਡਾ ਸਰਕਾਰ ਵਲੋਂ ਇਕ ਅਜਿਹੀ ਕੰਪਨੀ ਨੂੰ ਕਾਂਟ੍ਰੈਕਟ ਦਿੱਤਾ ਗਿਆ ਹੈ, ਜੋ ਇਸ ਸਮੇਂ ਮੂੰਹ ਮੰਗੇ ਪੈਸੇ ਵਸੂਲ ਕੇ ਲੋਕਾਂ ਨੂੰ ਉਥੋਂ ਕੱਢਣ ’ਚ ਜੁਟੀ ਹੋਈ ਹੈ। ਬੀਤੇ ਕੁੱਝ ਦਿਨਾਂ ਤੋਂ ਕੈਨੇਡਾ ਦੇ ਸਿਆਸੀ ਹਲਕਿਆਂ ’ਚ ਇਹ ਚਰਚਾ ਛਿੜੀ ਹੋਈ ਸੀ ਕਿ ਕੈਨੇਡਾ ਸਰਕਾਰ ਤਾਂ ਪੂਰਾ ਕੰਮ ਕਰ ਰਹੀ ਹੈ, ਪਰ ਸਾਨੂੰ ਭਾਰਤ ਸਰਕਾਰ ਤੇ ਪੰਜਾਬ ਤੋਂ ਸਹੀ ਰਿਸਪਾਂਸ ਨਹੀਂ ਮਿਲ ਰਿਹਾ। ਇਸ ਚਰਚਾ ਦਾ ਸੱਚ ਜਾਣਨ ਲਈ ਟੋਰਾਂਟੋ ਤੋਂ ਚੱਲਦੇ ‘ਰੇਡੀਓ ਖ਼ਬਰਸਾਰ’ ਤੋਂ ਜਗਦੀਸ਼ ਗਰੇਵਾਲ ਨੇ ਏ.ਡੀ.ਜੀ.ਪੀ. ਇੰਟੈਲੀਜੈਂਸ ਸ਼੍ਰੀ ਵਰਿੰਦਰ ਕੁਮਾਰ ਨਾਲ ਜਦੋਂ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਇਸ ਸਮੇਂ ਐਨ.ਆਰ.ਆਈਜ਼ ਨੂੰ ਪਹਿਲ ਦੇ ਆਧਾਰ ’ਤੇ ਪੰਜਾਬ ’ਚੋਂ ਕੱਢ ਕੇ ਏਅਰਪੋਰਟਾਂ ਤੱਕ ਪਹੁੰਚਾਉਣ ਦਾ ਕੰਮ ਕਰ ਰਹੇ ਹਾਂ।



ਉਨ੍ਹਾਂ ਦੱਸਿਆ ਕਿ ਜਰਮਨ, ਮਲੇਸ਼ੀਆ, ਨਿਊਜ਼ੀਲੈਂਡ ਤੇ ਹੋਰਨਾਂ ਮੁਲਕਾਂ ਦੇ ਵਸਨੀਕ ਕਾਫ਼ੀ ਹੱਦ ਤੱਕ ਜਾ ਚੁੱਕੇ ਹਨ, ਪਰ ਅਜੇ ਕੈਨੇਡੀਅਨ ਐਨ.ਆਰ.ਆਈਜ਼ ਦਾ ਕੋਈ ਖਾਸ ਪ੍ਰਬੰਧ ਨਹੀਂ ਹੋ ਸਕਿਆ। ਉਨ੍ਹਾਂ ਦੱਸਿਆ ਕਿ ਅਸੀਂ ਪਿੰਡਾਂ ਦੇ ਸਰਪੰਚਾਂ ਤੱਕ ਇਹ ਸੁਨੇਹਾ ਲਾ ਦਿੱਤਾ ਹੈ ਕਿ ਜੇਕਰ ਕੋਈ ਵੀ ਐਨ.ਆਰ.ਆਈ. ਤੁਹਾਡੇ ਕੋਲ ਆਉਂਦਾ ਹੈ ਤਾਂ ਉਸ ਨੂੰ ਤੁਰੰਤ ਕਰਫਿਊ ਤੋਂ ਪਾਸ ਦਿੱਤਾ ਜਾਵੇਗਾ ਤੇ ਉਨ੍ਹਾਂ ਨੂੰ ਸਹੀ ਸਲਾਮਤ ਏਅਰਪੋਰਟ ’ਤੇ ਪਹੁੰਚਾ ਦਿੱਤਾ ਜਾਵੇਗਾ। ਉਨ੍ਹਾਂ ਇਥੋਂ ਤੱਕ ਕਿਹਾ ਕਿ ਭਾਵੇਂ ਕਿਸੇ ਨੇ ਅੰਮ੍ਰਿਤਸਰ, ਮੋਹਾਲੀ ਜਾਂ ਫੇਰ ਦਿੱਲੀ ਤੱਕ ਜਾਣਾ ਹੈ ਤਾਂ ਉਨ੍ਹਾਂ ਨੂੰ ਇਕੋ ਹੀ ਪਾਸ ਮੁਹੱਈਆ ਕਰਵ-ਾਇਆ ਜਾਵੇਗਾ ਤੇ ਪੂਰੀ ਸਿਕਿਓਰਿਟੀ ਨਾਲ ਉਨ੍ਹਾਂ ਨੂੰ ਉਨ੍ਹਾਂ ਦੀ ਬੱਸ ਜਾਂ ਫੇਰ ਜਹਾਜ਼ ਤੱਕ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਸ ਪੂਰੀ ਤਰ੍ਹਾਂ ਇਸ ਕੰਮ ਲਈ ਜਾਗਰੂਕ ਹੈ ਤੇ ਇਸ ਕੰਮ ਨੂੰ ਪਹਿਲ ਦੇ ਆਧਾਰ ’ਤੇ ਕਰ ਰਹੀ ਹੈ। ਏ.ਡੀ.ਜੀ.ਪੀ. ਸਰਕਾਰ ਤੇ ਪ੍ਰਸ਼ਾਸਨ ਵਲੋਂ ਲਏ ਗਏ ਉਨ੍ਹਾਂ ਫੈਸਲਿਆਂ ਦੀ ਜ਼ਿਕਰ ਕੀਤਾ, ਜਿਨ੍ਹਾਂ ਨਾਲ ਐਨ.ਆਰ.ਆਈਜ਼ ਨੂੰ ਹਰ ਮਦਦ ਮੁਹੱਈਆ ਕੀਤੀ ਜਾ ਸਕੇ। ਉਨ੍ਹਾਂ ਵਲੋਂ ਦਿੱਤੇ ਗਏ ਇਸ ਬਿਆਨ ਨੇ ਕੈਨੇਡਾ ਦੇ ਕਈ ਰਾਜਨੀਤਿਕ ਆਗੂਆਂ ਨੂੰ ਝੁਠਲਾ ਦਿੱਤਾ ਹੈ, ਜਿਹੜੇ ਪੰਜਾਬ ਅਤੇ ਭਾਰਤ ਦੀ ਸਰਕਾਰ ’ਤੇ ਦੋਸ਼ ਪ੍ਰਤੀ ਦੋਸ਼ ਲਗਾ ਰਹੇ ਸਨ।

# ਐੱਨਡੀਪੀ ਨੇ ਡਰਾਈਵਰਾਂ ਲਈ ਆਟੋ ਇੰਸ਼ੋਰੈਂਸ ਪੇਅਮੈਂਟਸ ਵਿੱਚ ਰਿਆਇਤ ਦੇਣ ਦੀ ਕੀਤੀ ਮੰਗ



ਕੁਈਨਜ ਪਾਰਕ, 9 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੀ ਮੁੱਖ ਵਿਰੋਧੀ ਧਿਰ ਵੱਲੋਂ ਫੋਰਡ ਸਰਕਾਰ ਤੋਂ ਓਨਟਾਰੀਓ ਦੇ ਡਰਾਈਵਰਾਂ ਨੂੰ ਤਿੰਨ ਮਹੀਨਿਆਂ ਲਈ ਆਟੋ ਇੰਸ਼ੋਰੈਂਸ ਪੇਅਮੈਂਟਸ ਵਿਚ 50 ਫੀ ਸਦੀ ਦੀ ਰਿਆਇਤ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮਹਾਮਾਰੀ ਦੌਰਾਨ ਜਿਹੜੇ ਲੋਕ ਆਪਣੀ ਨੌਕਰੀ ਤੋਂ ਹੱਥ ਧੁਆ ਬੈਠੇ ਹਨ ਜਾਂ ਜਿਨ੍ਹਾਂ ਦੀ ਆਮਦਨ ਖੁੱਸ ਗਈ ਹੈ ਉਨ੍ਹਾਂ ਦੀ ਮਦਦ ਦੀ ਵੀ ਮੰਗ ਐਨਡੀਪੀ ਵੱਲੋਂ ਸਰਕਾਰ ਤੋਂ ਕੀਤੀ ਜਾ ਰਹੀ ਹੈ।

ਐਨਡੀਪੀ ਦੇ ਆਟੋ ਇੰਸੋਰੈਂਸ ਕ੍ਰਿਟਿਕ ਟੌਮ ਰੈਕੋਸੈਵਿਕ ਨੇ ਆਖਿਆ ਕਿ ਓਨਟਾਰੀਓ ਵਾਸੀਆਂ ਵੱਲੋਂ ਪਬਲਿਕ ਹੈਲਥ ਮਾਹਿਰਾਂ ਦੀ ਗੱਲ ਪੂਰੀ ਤਰ੍ਹਾਂ ਮੰਨੀ ਜਾ ਰਹੀ ਹੈ ਤੇ ਉਹ ਘਰਾਂ ਵਿੱਚ ਹੀ ਵੱਧ ਤੋਂ ਵੱਧ ਸਮਾਂ ਬਤੀਤ ਕਰ ਰਹੇ ਹਨ ਤੇ ਇਸ ਲਈ ਪ੍ਰੋਵਿੰਸ ਵਿਚ ਡਰਾਈਵਿੰਗ ਵੀ ਜਿੱਥੇ ਘਟੀ ਹੈ ਉੱਥੇ ਹੀ ਹਾਦਸਿਆਂ ਵਿੱਚ ਵੀ ਕਮੀ ਆਈ ਹੈ। ਇੰਸੋਰੈਂਸ ਕੰਪਨੀਆਂ ਨੂੰ ਨਹੀਂ ਸਗੋਂ ਡਰਾਈਵਰਾਂ ਨੂੰ ਵੀ ਇਸ ਦਾ ਫਾਇਦਾ ਹੋਣਾ ਚਾਹੀਦਾ ਹੈ। ਅਜਿਹੇ ਵਿਚ ਜਦੋਂ ਕੋਵਿਡ-19 ਮਹਾਮਾਰੀ ਦੌਰਾਨ ਡਰਾਈਵਰ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਅ ਰਹੇ ਹਨ ਤਾਂ ਡਰਾਈਵਰਾਂ ਨੂੰ ਪੂਰਾ ਭੁਗਤਾਣ ਕਰਨ ਲਈ ਕਿਉਂ ਆਖਿਆ ਜਾਵੇ।

ਐਂਡਰੀਆ ਹੌਰਵਥ ਤੇ ਐਨਡੀਪੀ ਦਾ ਇਹ ਮੰਨਣਾ ਹੈ ਕਿ ਪ੍ਰੋਵਿੰਸ ਨੂੰ 50 ਫੀ ਸਦੀ ਛੋਟ ਤਿੰਨ ਮਹੀਨਿਆਂ ਲਈ ਦੇਣੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਤਾਂ ਕਿ ਡਰਾਈਵਰ ਅਸਾਨੀ ਨਾਲ ਆਪਣੀ ਇਹ ਘਟੀ ਹੋਈ ਇੰਸੋਰੈਂਸ ਦੀ ਅਦਾਇਗੀ ਕਰ ਸਕਣ।

# ਨਿਊਟਨ ਸਿੰਘ ਤੇ ਉਨ੍ਹਾਂ ਦੇ ਸਾਥੀ 2 ਹਜ਼ਾਰ ਡਾਲਰ ਦੀ ਟਿਕਟ ਨਾਲ ਕੈਨੇਡੀਅਨ ਪ੍ਰਵਾਸੀਆਂ ਨੂੰ ਪੰਜਾਬ ’ਚੋਂ ਕੱਢਣ ਲਈ ਹਨ ਯਤਨਸ਼ੀਲ

ਟੋਰਾਂਟੋ, 9 ਅਪ੍ਰੈਲ (ਪੋਸਟ ਬਿਊਰੋ)- ਚੰਡੀਗੜ੍ਹ ਤੋਂ ਨਿਊਟਨ ਸਿੰਘ ਤੇ ਬ੍ਰਿਟਿਸ਼ ਕੋਲੰਬੀਆ ਤੋਂ ਉਨ੍ਹਾਂ ਦੇ ਸਾਥੀ ਇਸ ਸਮੇਂ ਜੋ ਭਾਰਤ ’ਚ ਕੈਨੇਡੀਅਨ ਫਸੇ ਹੋਏ ਹਨ, ਉਨ੍ਹਾਂ ਨੂੰ ਕੈਨੇਡਾ ਪਹੁੰਚਾਉਣ ਲਈ ਸਸਤੀਆਂ ਹਵਾਈ ਟਿਕਟਾਂ ਮੁਹੱਈਆ ਕਰਨ ਲਈ ਯਤਨਸ਼ੀਲ ਹਨ। ਕੈਨੇਡਾ ਸਰਕਾਰ ਵਲੋਂ ਇਕ ਕੰਪਨੀ ਨੂੰ ਕਾਂਟ੍ਰੈਕਟ ਦਿੱਤਾ ਗਿਆ ਹੈ, ਜੋ 3 ਹਜ਼ਾਰ ਡਾਲਰ + 300 ਡਾਲਰ ਪ੍ਰਤੀ ਵਿਅਕਤੀ ਗ੍ਰਾਊਂਡ ਟਰਾਂਸਪੋਰਟੇਸ਼ਨ ਦਾ ਚਾਰਜ ਕਰਕੇ ਲੋਕਾਂ ਨੂੰ ਭਾਰਤ ਤੋਂ ਕੱਢ ਕੇ ਕੈਨੇਡਾ ਤੱਕ ਪਹੁੰਚਾਉਣ ਲਈ ਵਚਨਬੱਧ ਹੈ ਤੇ ਇਕ ਵਿਅਕਤੀ ਦੀ ਟਿਕਟ ਕੁੱਲ ਮਿਲਾ ਕੇ 3500 ਤੋਂ ਲੈ ਕੇ 4 ਹਜ਼ਾਰ ਡਾਲਰ ਤੱਕ ਬਣਦੀ ਹੈ। ਪਹਿਲਾਂ ਇਹ ਕਿਹਾ ਜਾ ਰਿਹਾ ਸੀ ਕਿ ਇਹ ਇਕ ਚਾਰਟਰ ਫਲਾਈਟ ਹੈ, ਪਰ ਸੂਤਰਾਂ ਨੇ ਦੱਸਿਆ ਕਿ ਜੇਕਰ ਏਅਰ ਕੈਨੇਡਾ ਦੀ ਗੱਲ ਕਰੀਏ ਤਾਂ ਇਹ ਕੋਈ



ਚਾਰਟਰ ਫਲਾਈਟ ਨਹੀਂ ਹੈ। ਦਿੱਲੀ ਤੋਂ ਲੰਡਨ ਤੇ ਲੰਡਨ ਤੋਂ ਫੇਰ ਟੋਰਾਂਟੋ ਇਹ ਫਲਾਈਟ ਆਉਂਦੀ ਹੈ, ਜੋ ਕਿ ਪੂਰੀ ਤਰ੍ਹਾਂ ਦੁਸ਼ਵਾਰੀਆਂ ਭਰੀ ਫਲਾਈਟ ਹੈ। ਲੋਕਾਂ ਵਲੋਂ ਲਾਈ ਗਈ ਇਸ ਗੁਹਾਰ ਨੂੰ ਮੱਦੇਨਜ਼ਰ ਰੱਖਦਿਆਂ ਉਨ੍ਹਾਂ ਦੇ ਸਾਥੀ ਸੁੱਖੀ ਸੰਧੂ ਤੇ ਹੋਰ ਸਾਥੀਆਂ ਵਲੋਂ ਇਹ ਕੋਸ਼ਿਸ਼ ਕੀਤੀ ਗਈ ਕਿ ਭਾਰਤ ’ਚ ਫਸੇ ਐਨ.ਆਰ.ਆਈਜ਼ ਨੂੰ ਤੁਰੰਤ ਸਹੀ ਕੀਮਤ ’ਤੇ ਵਾਪਸ ਭੇਜਿਆ ਜਾਵੇ। ਇਸ ਲਈ ਉਨ੍ਹਾਂ ਨੇ ਏਅਰ ਕੈਨੇਡਾ ਤੇ ਭਾਰਤ ਸਰਕਾਰ ਨਾਲ ਗੱਲਬਾਤ ਕੀਤੀ। ਉਨ੍ਹਾਂ ਭਾਰਤ ਸਰਕਾਰ ਨਾਲ ਕੀਤੀ ਗੱਲਬਾਤ ਤੋਂ ਤਾਂ ਸੰਤੁਸ਼ਟੀ ਜਤਾਈ, ਪਰ ਉਨ੍ਹਾਂ ਨੇ ਕੈਨੇਡੀਅਨ ਸਿਆਸੀ ਆਗੂਆਂ ਪ੍ਰਤੀ ਬੜੀ ਨਿਰਾਸ਼ਤਾ ਜਤਾਈ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਇਸ ਸਮੇਂ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ, ਪਰ ਨਾ ਤਾਂ ਕੈਨੇਡੀਅਨ ਹਾਈ ਕਮਿਸ਼ਨਰ ਤੇ ਨਾ ਹੀ ਕੈਨੇਡਾ ਦੇ ਇਲੈਕਟਡ ਰੀਪ੍ਰੀਜ਼ੈਂਟੇਟਿਵ ਉਨ੍ਹਾਂ ਨਾਲ ਸਿੱਧੇ ਤੌਰ ’ਤੇ ਗੱਲਬਾਤ ਕਰ ਰਿਹਾ ਹੈ, ਸਗੋਂ ਉਨ੍ਹਾਂ ਦੇ ਵਾਰ-ਵਾਰ ਯਤਨ ਕਰਨ ’ਤੇ ਇਕ ਵੱਡੇ ਮਿਨਿਸਟਰ ਨੇ ਉਨ੍ਹਾਂ ਦਾ ਫ਼ੋਨ ਨੰਬਰ ਹੀ ਬਲਾਕ ਕਰ ਦਿੱਤਾ। ਪਰ ਫੇਰ ਵੀ ਉਨ੍ਹਾਂ ਕਿਹਾ ਕਿ ਇਹ ਸਾਰੀਆਂ ਕੋਸ਼ਿਸ਼ਾਂ ਕਰਨ ਤੋਂ ਬਾਅਦ ਆਸ ਦੀ ਇਕ ਕਿਰਨ ਬੱਝੀ ਹੈ ਤੇ ਹੁਣ ਇਕ ਅਜਿਹੀ ਸੰਧੀ ਹੋਣ ਜਾ ਰਹੀ ਹੈ, ਜਿਸ ਤਹਿਤ ਏਅਰ ਕੈਨੇਡਾ ਦੀ ਦਿੱਲੀ ਤੋਂ ਟੋਰਾਂਟੋ ਤੇ ਅੰਮ੍ਰਿਤਸਰ ਤੋਂ ਟੋਰਾਂਟੋ ਸਿੱਧੀ ਫਲਾਈਟ ਦਾ ਉਨ੍ਹਾਂ ਨਾਲ ਸਮਝੌਤਾ ਹੋਵੇਗਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ 6 ਹਜ਼ਾਰ ਦੇ ਕਰੀਬ ਲੋਕਾਂ ਵਲੋਂ ਨਾਮ ਰਜਿਸਟਰਡ ਕਰਵਾ ਦਿੱਤੇ ਗਏ ਹਨ ਤੇ ਇਸ ਦੀ ਟਿਕਟਿੰਗ ਵੀ ਵਲੰਟੀਅਰ ਤੌਰ ’ਤੇ ਇਕ ਏਜੰਟ ਵਲੋਂ ਕੀਤੀ ਜਾਵੇਗੀ। ਇਸ ਲਈ ਦੋ ਦਿਨ ਦੇ ਵਿਚ-ਵਿਚ ਉਨ੍ਹਾਂ ਦੱਸਿਆ ਕਿ ਅਸੀਂ ਇਹ ਖੁਲਾਸਾ ਆਮ ਲੋਕਾਂ ਤੱਕ ਪਹੁੰਚਾ ਦੇਵਾਂਗੇ ਤੇ ਨਾਲ ਦੀ ਨਾਲ ਟਿਕਟ ਖਰੀਦਣ ਲਈ ਨੰਬਰ ਲੋਕਾਂ ਤੱਕ ਪਹੁੰਚਾ ਦਿੱਤਾ ਜਾਵੇਗਾ।

# ਮਾਰਚ ਵਿੱਚ ਖੁੱਸੀਆਂ ਇੱਕ ਮਿਲੀਅਨ ਤੋਂ ਵੀ ਵੱਧ ਨੌਕਰੀਆਂ : ਸਟੈਟਕੈਨ

ਓਟਵਾ, 9 ਅਪਰੈਲ (ਪੋਸਟ ਬਿਊਰੋ) : ਇੱਕਲੇ ਮਾਰਚ ਦੇ ਮਹੀਨੇ ਹੀ ਇੱਕ ਮਿਲੀਅਨ ਤੋਂ ਵੀ ਵੱਧ ਕੈਨੇਡੀਅਨਾਂ ਨੂੰ ਆਪਣੀ ਨੌਕਰੀ ਤੋਂ ਹੱਥ ਧੁਆਉਣੇ ਪਏ। ਇਹ ਖੁਲਾਸਾ ਸਟੈਟੇਸਟਿਕਸ ਕੈਨੇਡਾ ਵਲੋਂ ਕੀਤਾ ਗਿਆ। ਬੇਰੋਜਗਾਰੀ ਦਰ ਵਿਚ ਵੀ ਇਸ ਦੌਰਾਨ 7·8 ਫੀ ਸਦੀ ਵਾਧਾ ਹੋਇਆ। ਇਹ ਦਰ ਫਰਵਰੀ ਦੇ ਅੰਕੜੇ ਨਾਲੋਂ 2·2 ਫੀ ਸਦੀ ਵੱਧ ਹੈ। ਕੈਨੇਡਾ ਦੀ ਕੌਮੀ ਸਟੈਟੇਸਟਿਕਸ ਏਜੰਸੀ ਵਲੋਂ ਵੀਰਵਾਰ ਨੂੰ ਆਪਣਾ ਮਹੀਨਾਵਾਰੀ ਲੇਬਰ ਫੋਰਸ ਸਰਵੇਖਣ ਜਾਰੀ ਕੀਤਾ ਗਿਆ। ਇਸ ਲਈ 15 ਮਾਰਚ ਤੋਂ 21 ਮਾਰਚ ਤੱਕ ਦੇ ਅੰਕੜਿਆਂ ਨੂੰ ਆਧਾਰ ਬਣਾਇਆ ਗਿਆ। ਇਹ ਉਹ ਸਮਾਂ ਸੀ ਜਦੋਂ ਸਰਕਾਰ ਨੇ ਸਮਾਜਕ ਇੱਕਠਾਂ ਉਤੇ ਸਖਤੀ ਕਰਨੀ ਸੁਰੂ ਕਰ ਦਿੱਤੀ ਸੀ ਤੇ ਜਰੂਰੀ ਕਾਰੋਬਾਰਾਂ ਨੂੰ ਵੀ ਆਪਣਾ ਕੰਮਕਾਜ ਤੇ ਦੁਕਾਨਾਂ ਬੰਦ ਕਰਨ ਲਈ ਆਖਿਆ ਜਾ ਰਿਹਾ ਸੀ।

ਕੋਵਿਡ-19 ਕਾਰਨ ਖੁੱਸੀਆਂ ਨੌਕਰੀਆਂ ਕਾਰਨ ਹੀ ਕੈਨਡਾ ਦੇ ਅਰਥਚਾਰੇ ਉਤੇ ਵੀ ਨਕਾਰਾਤਮਕ ਅਸਰ ਪੈਣਾ ਸੁਰੂ ਹੋ ਗਿਆ। ਪਹਿਲੇ ਸੈਂਪਲ ਪੀਰੀਅਡ ਤੋਂ ਲੈ ਕੇ ਹੁਣ ਤੱਕ 1·1 ਮਿਲੀਅਨ ਲੋਕ ਕੰਮ ਤੋਂ ਵਿਹਲੇ ਹੋ ਚੁਕੇ ਹਨ। ਇਸ ਦੇ ਨਾਲ ਹੀ ਇੰਪਲੌਇਮੈਂਟ ਦਰ ਵਿਚ ਵੀ ਘਾਟਾ ਵੇਖਣ ਨੂੰ ਮਿਲਿਆ ਹੈ। ਇਹ ਇੰਪਲੌਇਮੈਂਟ ਦਰ ਅਪਰੈਲ 1997 ਤੋਂ ਲੈ ਕੇ ਹੁਣ ਤਕ ਸਭ ਤੋਂ ਘੱਟ ਹੈ। ਸੱਭ ਤੋਂ ਵੱਧ ਨੌਕਰੀਆਂ ਪ੍ਰਾਈਵੇਟ ਸੈਕਟਰ ਵਿਚ ਖੁੱਸੀਆਂ ਤੇ ਜਿਨ੍ਹਾਂ ਲੋਕਾਂ ਦੇ ਹੱਥਾਂ ਵਿੱਚੋਂ ਨੌਕਰੀਆਂ ਗਈਆਂ ਉਨ੍ਹਾਂ ਵਿੱਚੋਂ ਬਹੁਤਿਆਂ ਦਾ ਉਮਰ ਵਰਗ 15 ਤੇ 24 ਦਰਮਿਆਨ ਸੀ।

ਜਿਨ੍ਹਾਂ ਲੋਕਾਂ ਦੀ ਨੌਕਰੀ ਗਈ ਉਨ੍ਹਾਂ ਦਾ ਅੰਕੜਾ 413,000 ਤੱਕ ਅੱਪੜ ਗਿਆ। ਕੈਨੇਡਾ ਵਿੱਚ ਇੱਥ ਮਹੀਨੇ ਦੇ ਅੰਦਰ ਬੇਰੋਜਗਾਰੀ ਦਰ ਪਹਿਲੀ ਵਾਰੀ ਇਸ ਹੱਦ ਤੱਕ ਪਹੁੰਚੀ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਸੌਖਾ ਨਹੀਂ ਹੈ ਆਉਣ ਵਾਲਾ ਸਮਾਂ : ਟਰੂਡੋ

ਓਟਵਾ, 9 ਅਪਰੈਲ (ਪੋਸਟ ਬਿਊਰੋ) : ਮੌਜੂਦਾ ਪਬਲਿਕ ਹੈਲਥ ਮਾਪਦੰਡਾਂ ਦੇ ਬਾਵਜੂਦ ਆਉਣ ਵਾਲੇ ਮਹੀਨਿਆਂ ਵਿੱਚ 44,000 ਕੈਨੇਡੀਅਨ ਕੋਵਿਡ-19 ਕਾਰਨ ਮਰ ਸਕਦੇ ਹਨ। ਫੈਡਰਲ ਮਾਡਲ ਦੇ ਹਿਸਾਬ ਨਾਲ ਜੇ ਕੋਵਿਡ-19 ਨਾਲ ਸੰਘਰਸ ਦੀਆਂ ਕੋਸਿਸਾਂ ਨੂੰ ਰੋਕ ਦਿੱਤਾ ਜਾਂਦਾ ਹੈ ਤਾਂ ਮਰਨ ਵਾਲਿਆਂ ਦੀ ਗਿਣਤੀ ਤੇਜੀ ਨਾਲ ਵਧ ਵੀ ਸਕਦੀ ਹੈ। ਵੀਰਵਾਰ ਨੂੰ ਬ੍ਰੀਫਿੰਗ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਮੌਤਾਂ ਦੀ ਦਰ ਘੱਟ ਤੋਂ ਘੱਟ ਰੱਖਣਾ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਹਰੇਕ ਵਿਅਕਤੀ ਇਸ ਸਮੇਂ ਕੀ ਕਰ ਰਿਹਾ ਹੈ। ਪਰ ਇਨ੍ਹਾਂ ਨੂੰ ਰੋਕਣ ਲਈ ਕਈ ਮਹੀਨਿਆਂ ਦਾ ਸਮਾਂ ਲੱਗ ਸਕਦਾ ਹੈ ਤੇ ਦ੍ਰਿੜ ਕੋਸਿਸਾਂ

**ਕੋਸਿਸਾਂ ਜਾਰੀ ਨਾ ਰੱਖਣ ਦੀ ਸੂਰਤ ਵਿਚ ਜਾ ਸਕਦੀ ਹੈ ਲੱਖਾਂ ਕੈਨੇਡੀਅਨਾਂ ਦੀ ਜਾਨ**

ਕਰਨੀਆਂ ਬੇਹੱਦ ਜਰੂਰੀ ਹਨ। ਹੈਲਥ ਕੈਨੇਡਾ ਵੱਲੋਂ ਜਾਰੀ ਕੀਤੇ ਅੰਕੜਿਆਂ ਦੇ ਹਿਸਾਬ ਨਾਲ ਟਰੂਡੋ ਨੇ ਆਖਿਆ ਕਿ ਅਜੇ ਕੈਨੇਡਾ ਵਿਚ ਕੋਵਿਡ-19 ਦੇ ਮਾਮਲਿਆਂ ਵਿੱਚ ਤੇਜੀ ਆਉਣੀ ਬਾਕੀ ਹੈ ਤੇ ਇਹ ਤੇਜੀ ਬਹਾਰ ਦੇ ਅੰਤ ਵਿੱਚ ਆਵੇਗੀ। ਉਨ੍ਹਾਂ ਆਖਿਆ ਕਿ ਉਸ ਤੋਂ ਬਾਅਦ ਵੀ ਨਿੱਕੀਆਂ ਨਿੱਕੀਆਂ ਆਊਟਬ੍ਰੇਕਸ ਹੁੰਦੀਆਂ ਰਹਿਣਗੀਆਂ। ਜਦੋਂ ਤੱਕ ਵੈਕਸੀਨ ਤਿਆਰ ਨਹੀਂ ਹੋ ਜਾਂਦੀ ਅਜਿਹਾ ਹੋਣਾ ਨੌਰਮਲ ਹੀ ਸਮਝਿਆ ਜਾਵੇਗਾ। ਟਰੂਡੋ ਨੇ ਆਖਿਆ ਕਿ ਇਹ ਖਬਰ ਪਚਾਉਣੀ ਕਾਫੀ ਮੁਸਕਲ ਹੈ ਕਿ ਇੱਕਲੇ ਮਾਰਚ ਦੇ ਮਹੀਨੇ ਵਿਚ ਹੀ ਇੱਕ ਮਿਲੀਅਨ ਨੌਕਰੀਆਂ ਦਾ ਨੁਕਸਾਨ ਹੋਇਆ। ਉਨ੍ਹਾਂ ਆਖਿਆ ਕਿ ਟੈਸਟਿੰਗ ਨੂੰ ਹੋਰ ਜਿਆਦਾ ਸੁਖਾਲਾ ਬਣਾਉਣ ਦੀ ਕੋਸਿਸ ਕੀਤੀ ਜਾ ਰਹੀ ਹੈ। ਇੱਕ ਅਧਿਐਨ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਇਸ ਵਾਇਰਸ ਕਾਰਨ ਕੈਨੇਡਾ ਵਿਚ 4000 ਤੋਂ 300,000 ਲੋਕ ਮਰ ਸਕਦੇ ਹਨ। ਦੂਜੇ ਪਰੀਪੇਖ ਅਨੁਸਾਰ ਹੈਲਥ ਕੈਨੇਡਾ ਦਾ ਮੰਨਣਾ ਹੈ ਕਿ ਕੈਨੇਡਾ ਵਿੱਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ 11,000 ਤੋਂ 22,000 ਦਰਮਿਆਨ ਰਹਿਣ ਦੀ ਸੰਭਾਵਨਾ ਹੈ।

# ਭਾਰਤ ਵਿੱਚ ਕਰੋਨਾ ਦੇ ਕੇਸ ਸਾਢੇ ਛੇ ਹਜ਼ਾਰ ਤੋਂ ਵਧ ਗਏ, ਮੌਤਾਂ ਦੀ ਗਿਣਤੀ 225 ਹੋਈ

*** ਓਡੀਸ਼ਾ ਸਰਕਾਰ ਨੇ ਲਾਕਡਾਊਨ 30 ਅਪ੍ਰੈਲ ਤਕ ਵਧਾਇਆ**

ਨਵੀਂ ਦਿੱਲੀ, 9 ਅਪਰੈਲ, (ਪੋਸਟ ਬਿਊਰੋ)- ਭਾਰਤ ਵਿਚ ਵੱਖ-ਵੱਖ ਰਾਜਾਂ ਤੋਂ ਮਿਲੇ ਅੰਕੜਿਆਂ ਮੁਤਾਬਕ ਵੀਰਵਾਰ ਨੂੰ ਕੋਰੋਨਾ ਦੇ 762 ਨਵੇਂ ਕੇਸ ਪਤਾ ਲੱਗਣ ਨਾਲ ਕੁਲ ਕੇਸਾਂ ਦੀ ਗਿਣਤੀ 6,624 ਹੋ ਗਈ ਹੈ। ਵੀਰਵਾਰ ਤੱਕ ਇਸ ਮਰਜ਼ ਦੇ 596 ਪੀੜਤ ਲੋਕ ਠੀਕ ਵੀ ਹੋਏ ਹਨ, ਪਰ 225 ਲੋਕਾਂ ਦੀ ਮੌਤ ਹੋ ਚੁੱਕੀ ਹੈ।



ਵੀਰਵਾਰ ਦੇ ਦਿਨ ਸਭ ਤੋਂ ਵੱਧ 229 ਕੇਸ ਮਹਾਰਾਸ਼ਟਰ ਵਿੱਚ ਪਤਾ ਲੱਗੇ ਹਨ, ਜਿੱਥੇ ਕੁਲ ਕੇਸਾਂ ਦੀ ਗਿਣਤੀ 1,364 ਤੱਕ ਪਹੁੰਚ ਗਈ ਹੈ। ਦੇਸ਼ ਵਿੱਚ ਕੋਰੋਨਾ ਦੇ ਕੇਸ ਦੇ ਪੱਖ ਤੋਂ ਦੂਜੀ ਥਾਂ ਤਾਮਿਲ ਨਾਡੂ ਵਿੱਚ 96 ਨਵੇਂ ਕੇਸਾਂ ਨਾਲ ਕੁੱਲ ਗਿਣਤੀ 834 ਹੋ ਚੁੱਕੀ ਹੈ। ਉੱਤਰ ਪ੍ਰਦੇਸ਼ ਵਿੱਚ 50 ਤੋਂ ਵੱਧ ਨਵੇਂ ਕੇਸਾਂ ਨਾਲ 410 ਲੋਕਾਂ ਦੇ ਪੀੜਤਾਂ ਦੀ ਪੁਸ਼ਟੀ ਹੋਈ ਹੈ। ਰਾਜਸਥਾਨ ਵਿੱਚ 430 ਲੋਕ ਪ੍ਰਭਾਵਤ ਹੋਏ ਹਨ। ਗੁਜਰਾਤ ਵਿੱਚ ਵੀਰਵਾਰ 76 ਕੇਸ ਨਵੇਂ ਪਤਾ ਲੱਗੇ ਤੇ ਦਿੱਲੀ ਵਿੱਚ 51 ਨਵੇਂ ਮਰੀਜ਼ਾਂ ਨਾਲ ਗਿਣਤੀ 720 ਹੋ ਗਈ ਹੈ। ਮੌਤਾਂ ਦੇ ਪੱਖੋਂ ਸਭ ਤੋਂ ਵੱਧ 97 ਲੋਕਾਂ ਦੀ ਜਾਨ ਮਹਾਰਾਸ਼ਟਰ ਵਿੱਚ ਗਈ ਹੈ। ਇਥੇ ਵੀਰਵਾਰ ਨੂੰ 25 ਲੋਕਾਂ ਦੀ ਮੌਤ ਹੋਈ ਹੈ। ਮੱਧ ਪ੍ਰਦੇਸ਼ ਵਿੱਚ ਅੱਜ ਤੱਕ 30 ਮੌਤਾਂ, ਗੁਜਰਾਤ ਵਿੱਚ 18, ਦਿੱਲੀ 12, ਤੇਲੰਗਾਨਾ 11, ਪੰਜਾਬ ਵਿੱਚ 11 ਅਤੇ ਤਾਮਿਲ ਨਾਡੂ ਵਿੱਚ ਅੱਠ ਲੋਕਾਂ ਦੀ ਮੌਤ ਹੋਈ ਹੈ।

ਕੋਰੋਨਾ ਦੀ ਮਾਰ ਨੂੰ ਰੋਕਣ ਲਈ ਓਡੀਸ਼ਾ ਸਰਕਾਰ ਨੇ ਸੂਬੇ ਵਿੱਚ ਲਾਕਡਾਊਨ ਦੀ ਮਿਆਦ 30 ਅਪ੍ਰੈਲ ਤਕ ਵਧਾ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਤਰ੍ਹਾਂ ਲਾਕਡਾਊਨ ਦੀ ਮਿਆਦ ਵਧਾਉਣ ਵਾਲਾ ਓਡੀਸ਼ਾ ਪਹਿਲਾ ਸੂਬਾ ਬਣ ਗਿਆ ਹੈ। ਕਰਨਾਟਕ ਸਰਕਾਰ ਵੀ ਲਾਕਡਾਊਨ ਦੀ ਮਿਆਦ 15 ਦਿਨ ਵਧਾਉਣਾ ਚਾਹੁੰਦੀ ਹੈ, ਪਰ ਮੁੱਖ ਮੰਤਰੀ ਯੇਦੀਯੁਰੱਪਾ ਇਸ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਿਚਾਰ ਕਰ ਕੇ ਫ਼ੈਸਲਾ ਲੈਣਗੇ। ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੀ ਅਗਵਾਈ ਹੇਠ ਵੀਰਵਾਰ ਨੂੰ ਵੀਡੀਓ ਕਾਨਫਰੰਸਿੰਗ ਨਾਲ ਕੈਬਨਿਟ ਮੀਟਿੰਗ ਨੇ ਲਾਕਡਾਊਨ ਦੀ ਮਿਆਦ 30 ਅਪ੍ਰੈਲ ਤਕ ਵਧਾਉਣ ਦਾ ਫ਼ੈਸਲਾ ਕੀਤਾ ਅਤੇ ਕੇਂਦਰ ਸਰਕਾਰ ਨੂੰ ਇਸ ਦੀ ਮਿਆਦ 30 ਅਪ੍ਰੈਲ ਤਕ ਵਧਾਉਣ ਦੀ ਸਿਫਾਰਸ਼ ਕੀਤੀ ਹੈ। ਮੁੱਖ ਮੰਤਰੀ ਨੇ ਓਡੀਸ਼ਾ ਲਈ 30 ਅਪ੍ਰੈਲ ਤਕ ਰੇਲ ਗੱਡੀਆਂ ਅਤੇ ਹਵਾਈ ਸੇਵਾ ਬੰਦ ਰੱਖਣ ਲਈ ਵੀ ਕੇਂਦਰ ਸਰਕਾਰ ਨੂੰ ਕਿਹਾ ਹੈ। ਰਾਜ ਦੇ ਸਾਰੇ ਵਿੱਦਿਅਕ ਅਦਾਰੇ15 ਜੂਨ ਤਕ ਬੰਦ ਰੱਖਣ ਦਾ ਫ਼ੈਸਲਾ ਵੀ ਹੋਇਆ ਹੈ।

# ਨਿਊਯਾਰਕ ਵਿੱਚ ਹਾਲਾਤ ਚਿੰਤਾ ਜਨਕ, ਕੋਰੋਨਾ ਕਾਰਨ ਮੌਤਾਂ ਦਾ ਸਿਲਸਿਲਾ ਜਾਰੀ

*** ਟਰੰਪ ਵੱਲੋਂ ਡਬਲਿਊ ਐੱਚ ਓ ਦੇ ਮੁਖੀ ਉੱਤੇ ਫਿਰ ਹਮਲਾ * ਟੈਡਰੋਸ ਦੇ ਪੱਖ ਵਿੱਚ ਅਫਰੀਕੀ ਆਗੂ ਬੋਲਣ ਲੱਗੇ**

ਨਿਊਯਾਰਕ, 10 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਦੇ ਨਿਊਯਾਰਕ ਰਾਜ ਵਿਚ ਕੋਰੋਨਾ ਦੇ ਕਾਰਨ ਲਗਾਤਾਰ ਤੀਜੇ ਦਿਨ ਰਿਕਾਰਡ 799 ਮੌਤਾਂ ਦਰਜ ਹੋਈਆਂ ਹਨ। ਗਵਰਨਰ ਐਂਡਰੀਊ ਕੁਓਮੋ ਨੇ ਕਿਹਾ, 'ਅਸੀਂ ਇਕ ਲੜਾਈ ਲੜ ਰਹੇ ਹਾਂ।' ਉਨ੍ਹਾਂ ਨੇ ਕਿਹਾ ਕਿ ਉਹ ਇਸ ਵੇਲੇ ਅੰਤਿਮ ਸੰਸਕਾਰਾਂ ਲਈ ਹੋਰ ਡਾਇਰੈਕਟਰਾਂ ਦਾ ਪ੍ਰਬੰਧ ਕਰ ਰਹੇ ਹਨ ਕਿਉਂਕਿ ਇਸ ਰਾਜ ਵਿਚ ਮੌਤਾਂ ਦੀ ਗਿਣਤੀ ਕਾਫੀ ਵਧਦੀ ਜਾ ਰਹੀ ਹੈ।

ਨਿਊਯਾਰਕ ਸੂਬਾ ਅਮਰੀਕਾ ਵਿੱਚ ਕੋਰੋਨਾ ਦੇ ਨਾਲ ਸਭ ਤੋਂ ਵੱਧ ਮਾਰ ਹੇਠ ਹੈ। ਇਸ ਰਾਜ ਵਿਚ 1.50 ਲੱਖ ਤੋਂ ਵੱਧ ਕੋਰੋਨਾ ਦੇ ਕੇਸ ਨਿਕਲੇ ਹਨ। ਇਕੱਲੇ ਨਿਊਯਾਰਕ ਸ਼ਹਿਰ ਵਿਚ 81,800 ਕੇਸ ਮਿਲੇ ਹਨ। ਬੀਤੇ 24 ਘੰਟੇ ਵਿਚ 799 ਮੌਤਾਂ ਹੋਣ ਨਾਲ ਕੁੱਲ ਮਿਲਾ ਕੇ ਤੱਕ 7,067 ਲੋਕਾਂ ਦੀ ਮੌਤ ਇਸ ਰਾਜ ਵਿੱਚ ਹੋਈ ਹੈ। ਗਵਰਨਰ ਨੂੰ ਡਰ ਹੈ ਕਿ ਜੇ ਇਹੋ ਰੁਝਾਨ ਰਿਹਾ ਤਾਂ ਮਰੀਜ਼ਾਂ ਲਈ ਹਸਪਤਾਲਾਂ ਵਿਚ ਜਗ੍ਹਾ ਅਤੇ ਵੈਂਟੀਲੇਟਰ ਘੱਟ ਪੈ ਸਕਦੇ ਹਨ।

ਸਾਰੇ ਅਮਰੀਕਾ ਵਿੱਚ ਕੁੱਲ ਕੇਸਾਂ ਦੀ ਗਿਣਤੀ ਭਾਰਤ ਵਿੱਚ ਸ਼ੁੱਕਰਵਾਰ ਦੀ ਸਵੇਰ ਹੋਣ ਤੱਕ 4,66,546 ਤੱਕ ਪਹੁੰਚ ਚੁੱਕੀ ਹੈ, ਜਦ ਕਿ ਦੇਸ਼ ਵਿੱਚ ਇੱਕੋ ਦਿਨ 1816 ਹੋਰ ਮੌਤਾਂ ਨਾਲ ਕੁੱਲ ਮੌਤਾਂ 16,607 ਹੋ ਚੁੱਕੀਆਂ ਹਨ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਦੇ ਮੁਖੀ ਉੱਤੇ ਫਿਰ ਦੋਸ਼ ਲਾਇਆ ਹੈ ਕਿ ਉਹ ਚੀਨ ਦਾ ਪੱਖ ਲੈ ਰਹੇ ਹਨ ਹੈ। ਇਸ ਮੌਕੇ ਟਰੰਪ ਨੇ ਡਬਲਿਊ ਐੱਚ ਓ ਦੀ ਫੰਡਿੰਗ ਰੋਕਣ ਦੀ ਚਿਤਾਵਨੀ ਦੁਹਰਾਈ ਹੈ। ਵਰਨਣ ਯੋਗ ਹੈ ਟਰੰਪ ਨੇ ਇਕ ਦਿਨ ਪਹਿਲਾਂ ਡਬਲਿਊ ਐੱਚ ਓ ਦੀ ਫੰਡਿੰਗ ਰੋਕਣ ਦੀ ਚਿਤਾਵਨੀ ਦੇਂਦੇ ਹੋਏ ਕਿਹਾ ਸੀ ਕਿ ਇਹ ਸੰਗਠਨ ਮਹਾਮਾਰੀ ਰੋਕਣ ਵਿਚ ਨਾਕਾਮ ਰਿਹਾ ਤੇ ਇਸ ਬਾਰੇ ਠੀਕ ਤਰ੍ਹਾਂ ਨਿਰਦੇਸ਼ ਵੀ ਤਿਆਰ ਨਹੀਂ ਕਰ ਸਕਿਆ। ਟਰੰਪ ਨੇ ਇਹ ਟਿੱਪਣੀ ਡਬਲਿਊ ਐੱਚ ਓ ਦੇ ਮੁਖੀ ਟੈਡਰੋਸ ਐਡਹੈਨਮ ਦੇ ਉਸ ਬਿਆਨ ਉੱਤੇ ਦਿੱਤੀ ਸੀ, ਜਿਸ ਵਿਚ ਉਨ੍ਹਾਂ ਨੇ ਕੋਰੋਨਾ ਕੇਸ ਦਾ ਰਾਜਸੀਕਰਨ ਨਾ ਕਰਨ ਦੀ ਸਲਾਹ ਦੇ ਕੇ ਕਿਹਾ ਸੀ ਕਿ ਇਸ ਨਾਲ ਸਿਰਫ਼ ਲਾਸ਼ਾਂ ਦੀ ਗਿਣਤੀ ਵਧੇਗੀ। ਉਨ੍ਹਾਂ ਨੇ ਬੁੱਧਵਾਰ ਕਿਹਾ ਸੀ ਕਿ ਤੁਸੀਂ ਆਪਣਾ ਸ਼ੋਸ਼ਣ ਅਤੇ ਲਾਸ਼ਾਂ ਦੀ ਗਿਣਤੀ ਵਧਾਉਣਾ ਚਾਹੁੰਦੇ ਹੋ ਤਾਂ ਇਸ ਮੁੱਦੇ ਉੱਤੇ ਰਾਜਨੀਤੀ ਕਰੋ, ਜੇ ਅਜਿਹਾ ਨਹੀਂ ਚਾਹੁੰਦੇ ਤਾਂ ਰਾਜਨੀਤੀ ਕਰਨਾ ਬੰਦ ਕਰ ਦਿਓ। ਟੈਡਰੋਸ ਦੇ ਬਿਆਨ ਦੇ ਕੁਝ ਘੰਟੇ ਪਿੱਛੋਂ ਵ੍ਹਾਈਟ ਹਾਊਸ ਪ੍ਰੈੱਸ ਕਾਨਫਰੰਸ ਵਿਚ ਟਰੰਪ ਨੇ ਕਿਹਾ ਕਿ ਕੋਰੋਨਾ ਕੇਸ ਦਾ ਰਾਜਸੀਕਰਨ ਨਹੀਂ ਹੋਣਾ ਚਾਹੀਦਾ, ਪ੍ਰੰਤੂ ਡਬਲਿਊ ਐੱਚ ਓ ਦਾ ਮੁਖੀ ਖ਼ੁਦ ਇਹੋ ਕਰ ਰਿਹਾ ਹੈ। ਉਹ ਚੀਨ ਦਾ ਪੱਖ ਲੈਂਦਾ ਹੈ। ਟਰੰਪ ਨੇ ਕਿਹਾ ਕਿ ਅਸੀਂ ਪਿਛਲੇ ਸਾਲ ਡਬਲਿਊ ਐੱਚ ਓ ਉੱਤੇ 45 ਕਰੋੜ ਡਾਲਰ ਖ਼ਰਚ ਕੀਤੇ, ਇਸ ਤੋਂ ਪਹਿਲੇ ਸਾਲਾਂ ਵਿਚ ਵੀ ਕਾਫ਼ੀ ਖ਼ਰਚ ਕੀਤਾ। ਚੀਨ ਨੇ ਸਿਰਫ਼ 4.2 ਕਰੋੜ ਡਾਲਰ ਦਿੱਤੇ। ਫਿਰ ਵੀ ਸਭ ਕੁਝ ਚੀਨ ਦੀ ਮਰਜ਼ੀ ਮੁਤਾਬਕ ਹੁੰਦਾ ਹੈ। ਇਨ੍ਹਾਂ ਨੂੰ ਠੀਕ ਤਰ੍ਹਾਂ ਕੰਮ ਕਰਨਾ ਚਾਹੀਦਾ ਸੀ। ਮੈਨੂੰ ਵਿਸ਼ਵਾਸ ਨਹੀਂ ਕਿ ਉਹ ਰਾਜਨੀਤੀ ਦੀ ਗੱਲ ਕਰਨਗੇ। ਚੀਨ ਵਿੱਚ ਉਨ੍ਹਾਂ ਨੇ ਕੋਰੋਨਾ ਦੀ ਸਮੱਸਿਆ ਨੂੰ ਬਹੁਤ ਹਲਕੇ ਵਿਚ ਲਿਆ, ਜੋ ਬਹੁਤ ਗ਼ਲਤ ਹੈ।



ਦੂਸਰੇ ਪਾਸੇ ਜੋਹਾਨਸਬਰਗ ਤੋਂ ਮਿਲੀ ਖ਼ਬਰ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਿੱਧੇ ਹਮਲੇ ਪਿੱਛੋਂ ਕਈ ਅਫਰੀਕੀ ਦੇਸ਼ ਡਬਲਿਊ ਐੱਚ ਓ ਦੇ ਮੁਖੀ ਟੈਡਰੋਸ ਦੇ ਹੱਕ ਵਿਚ ਆਏ ਹਨ। ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਕਿਹਾ ਕਿ ਕੋਰੋਨਾ ਦੀ ਆਫ਼ਤ ਦੌਰਾਨ ਟੈਡਰੋਸ ਨੇ ਅਸਾਧਾਰਨ ਅਗਵਾਈ ਸਮਰੱਥਾ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਟੈਡਰੋਸ ਦੇ ਹੱਥ ਮਜ਼ਬੂਤ ਕਰਨ ਦੀ ਅਪੀਲ ਕੀਤੀ। ਰਵਾਂਡਾ ਦੇ ਰਾਸ਼ਟਰਪਤੀ ਪਾਲ ਕਗਾਰਮ ਨੇ ਇਕ ਟਵੀਟ ਕਰ ਕੇ ਕਿਹਾ ਕਿ ਡਬਲਿਊ ਐੱਚ ਓ ਦੇ ਮੁਖੀ ਨਾਲ ਪੂਰੇ ਅਫਰੀਕਾ ਦਾ ਸਮਰਥਨ ਹੈ।









# ਕੋਰੋਨਾ ਵਾਇਰਸ ਦਾ ਅਸਰ: ਪੰਜਾਬ ਦਾ ਜਵਾਹਰਪੁਰ ਪਿੰਡ ਪਹਿਲਾ ਹਾਟ-ਸਪਾਟ ਐਲਾਨ ਕੀਤਾ ਗਿਆ




*** ਮੋਹਾਲੀ ਜ਼ਿਲੇ ਦਾ ਸਾਰਾ ਪਿੰਡ ਮੁਕੰਮਲ ਤੌਰ ਉੱਤੇ ਸੀਲ**

ਐੱਸ ਏ ਐੱਸ ਨਗਰ, 9 ਅਪ੍ਰੈਲ, (ਪੋਸਟ ਬਿਊਰੋ)- ਸੰਸਾਰ ਭਰ ਵਿੱਚ ਤਬਾਹੀ ਮਚਾ ਰਹੇ ਕੋਰੋਨਾ ਵਾਇਰਸ ਦੇ ਪੀੜਤ ਲੋਕਾਂ ਦੀ ਗਿਣਤੀ ਪੰਜਾਬ ਵਿਚ ਦਿਨੋ-ਦਿਨ ਵਧ ਰਹੀ ਹੈ। ਜ਼ਿਲਾ ਮੋਹਾਲੀ ਦੇ ਡੇਰਾ ਬਸੀ ਬਲਾਕ ਦਾ ਪਿੰਡ ਜਵਾਹਰਪੁਰ ਕੋਰੋਨਾ ਦਾ ਗੜ੍ਹ ਮੰਨਿਆ ਜਾਣ ਲੱਗਾ ਹੈ। ਇਸ ਪਿੰਡ ਵਿਚ ਬੀਤੇ 12 ਘੰਟਿਆਂ ਵਿੱਚ 7 ਨਵੇਂ ਕੇਸ ਪਤਾ ਲੱਗੇ ਅਤੇ ਪਿੰਡ ਵਿਚ ਕੋਰੋਨਾ ਦੇ ਕੇਸਾਂ ਦੀ ਗਿਣਤੀ 22 ਹੋ ਗਈ ਹੈ। ਇਸ ਦੇ ਨਾਲ ਮੋਹਾਲੀ ਵਿਚ ਕੋਰੋਨਾ ਦੇ 37 ਕੇਸ ਹੋ ਚੁੱਕੇ ਹਨ। ਪੂਰੇ ਪੰਜਾਬ ਵਿਚ ਕੋਰੋਨਾ ਦੇ ਮਰੀਜਾਂ ਦੀ ਗਿਣਤੀ 129 ਹੋ ਗਈ ਹੈ, ਜਿਨ੍ਹਾਂ ਵਿਚੋਂ 14 ਜਣੇ ਠੀਕ ਹੋਏ ਅਤੇ 11 ਮਰੀਜ਼ਾਂ ਦੀ ਮੌਤ ਹੋ ਗਈ ਹੈ। ਪੰਜਾਬ ਦੇ ਸਿਹਤ ਵਿਭਾਗ ਨੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਦੀ ਅਪੀਲ ਦੁਹਰਾਈ ਹੈ।

ਇਸ ਦੌਰਾਨ ਪ੍ਰਸ਼ਾਸਨ ਨੇ ਪਿੰਡ ਜਵਾਹਰਪੁਰ ਨੂੰ ਹਾਟ-ਸਪਾਟ ਮੰਨ ਕੇ ਪੂਰਾ ਇਲਾਕਾ ਸੀਲ ਕਰ ਦਿੱਤਾ ਹੈ। ਪੰਜਾਬ ਵਿਚ ਕੋਰੋਨਾ ਵਾਇਰਸ ਦੇ ਸਭ ਤੋਂ ਵੱਧ 37 ਕੇਸ ਜ਼ਿਲ੍ਹਾ ਮੋਹਾਲੀ ਵਿਚ ਹਨ। ਇਨ੍ਹਾਂ ਵਿਚੋਂ 5 ਮਰੀਜ਼ ਠੀਕ ਹੋ ਚੁੱਕੇ ਹਨ ਅਤੇ ਇਕ 65 ਸਾਲਾ ਵਿਅਕਤੀ ਦੀ ਮੌਤ ਹੋ ਚੁੱਕੀ ਹੈ।

ਅੱਜ ਲੁਧਿਆਣਾ ਵਿੱਚ ਮਰਨ ਵਾਲੀ ਔਰਤ ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਆਈ ਹੈ। ਇਸ ਨਾਲ ਪੰਜਾਬ ਵਿੱਚ ਕੋਰੋਨਾ ਨਾਲ ਅੱਜ 11ਵੀਂ ਮੌਤ ਹੋਈ ਹੈ। ਕੋਰੋਨਾ ਕਾਰਨ ਮਰੀ ਔਰਤ ਲੁਧਿਆਣਾ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਸੀ ਅਤੇ ਬਰਨਾਲਾ ਦੇ ਕਸਬਾ ਮਹਿਲ ਕਲਾਂ ਦੀ ਵਸਨੀਕ ਸੀ। ਅੱਜ ਵੀਰਵਾਰ ਸਵੇਰੇ ਫੋਰਟਿਸ ਹਸਪਤਾਲ ਵਿੱਚ ਇਸ ਮਹਿਲਾ ਦੀ ਮੌਤ ਮਗਰੋਂ ਉਸ ਦੇ ਕੋਰੋਨਾ ਦੀ ਜਾਂਚ ਦੇ ਸੈਂਪਲ ਦੀ ਰਿਪੋਰਟ ਪਾਜ਼ੀਟਿਵ ਨਿਕਲੀ ਹੈ। ਬਰਨਾਲਾ ਦੇ ਸਿਵਲ ਸਰਜਨ ਡਾ. ਗੁਰਿੰਦਰਬੀਰ ਸਿੰਘ ਨੇ ਦੱਸਿਆ ਕਿ ਸਾਹ ਲੈਣ ਦੀ ਤਕਲੀਫ ਕਰ ਕੇ ਇਸ ਔਰਤ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਸੀ। ਇਹ ਮਹਿਲਾ ਮਹਿਲ ਕਲਾਂ ਦੇ ਜਿਸ ਇਲਾਕੇ ਵਿੱਚ ਰਹਿੰਦੀ ਸੀ, ਉਸ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਅਤੇ ਇਸ ਮਹਿਲਾ ਦੇ ਸੰਪਰਕ ਵਿੱਚ ਆਏ ਸਾਰੇ ਲੋਕਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਪੰਜਾਬ ਵਿੱਚ ਵੀਰਵਾਰ ਤੱਕ ਕੋਰੋਨਾ ਦੇ ਸਭ ਤੋਂ ਵੱਧ 37 ਕੇਸ ਮੋਹਾਲੀ ਦੇ ਹਨ। ਨਵਾਂਸ਼ਹਿਰ ਵਿੱਚ ਕੋਰੋਨਾ ਦੇ 19 ਕੇਸ, ਹੁਸ਼ਿਆਰਪੁਰ 7, ਜਲੰਧਰ, ਮਾਨਸਾ ਤੇ ਅੰਮ੍ਰਿਤਸਰ 11-11, ਲੁਧਿਆਣਾ 9, ਪਟਿਆਲਾ, ਸੰਗਰੂਰ, ਕਪੂਰਥਲਾ ਤੇ ਮੁਕਤਸਰ ਸਾਹਿਬ 1-1 ਕੇਸ ਹੈ। ਰੋਪੜ ਵਿੱਚ ਕੋਰੋਨਾ ਦੇ 3 ਕੇਸ, ਪਠਾਨਕੋਟ 7, ਫਰੀਦਕੋਟ, ਬਰਨਾਲਾ ਤੇ ਫਤਿਹਗੜ੍ਹ ਸਾਹਿਬ ਵਿੱਚ 2-2 ਕੇਸ ਅਤੇ ਮੋਗਾ ਵਿੱਚ 4 ਕੇਸ ਪਤਾ ਲੱਗੇ ਹਨ।

ਸਭ ਤੋਂ ਪਹਿਲੀ ਮੌਤ 18 ਮਾਰਚ ਨੂੰ ਨਵਾਂਸ਼ਹਿਰ ਦੇ ਪਿੰਡ ਪਠਲਾਵਾ ਦੇ ਗਿਆਨੀ ਬਲਦੇਵ ਸਿੰਘ ਦੀ ਸੀ, ਜਿਹੜਾ ਜਰਮਨੀ ਤੋਂ ਇਟਲੀ ਹੁੰਦਾ ਹੋਇਆ ਦੇਸ਼ ਮੁੜਿਆ ਸੀ। ਦੂਜੀ ਮੌਤ 29 ਮਾਰਚ ਨੂੰ ਬਲਦੇਵ ਸਿੰਘ ਦੇ ਸੰਪਰਕ ਵਿੱਚ ਆਏ ਹੁਸ਼ਿਆਰਪੁਰ ਦੇ ਹਰਭਜਨ ਸਿੰਘ ਦੀ ਅੰਮ੍ਰਿਤਸਰ ਵਿੱਚ ਹੋਈ ਸੀ। ਤੀਜੇ ਕੇਸ ਵਿੱਚ 30 ਮਾਰਚ ਨੂੰ ਲੁਧਿਆਣਾ ਦੀ 42 ਸਾਲਾ ਔਰਤ ਪੂਜਾ ਤੇ ਚੌਥੀ ਮੌਤ 31 ਮਾਰਚ ਨੂੰ ਚੰਡੀਗੜ੍ਹ ਪੀ ਜੀ ਆਈ ਵਿੱਚ ਮੋਹਾਲੀ ਦੇ 65 ਸਾਲਾ ਬਜ਼ੁਰਗ ਦੀ ਹੋਈ ਸੀ। ਸਾਬਕਾ ਰਾਗੀ ਭਾਈ ਨਿਰਮਲ ਸਿੰਘ ਖਾਲਸਾ ਦੀ ਮੌਤ ਪੰਜਵੀਂ ਸੀ ਅਤੇ ਛੇਵੇਂ ਮਰੀਜ਼ ਵਜੋਂ 5 ਅਪ੍ਰੈਲ ਨੂੰ ਲੁਧਿਆਣਾ ਵਿਖੇ 70 ਸਾਲ ਦੀ ਮੌਤ ਹੋਈ ਸੀ। 7ਵੀਂ ਮੌਤ ਪਠਾਨਕੋਟ ਦੀ ਕੋਰੋਨਾ ਪੀੜਤ ਔਰਤ ਦੀ ਅੰਮ੍ਰਿਤਸਰ ਵਿਖੇ 5 ਅਪ੍ਰੈਲ ਨੂੰ ਹੋਈ ਅਤੇ 8ਵੀਂ ਮੌਤ ਅੰਮ੍ਰਿਤਸਰ ਨਗਰ ਨਿਗਮ ਦੇ ਸਾਬਕਾ ਅਧਿਕਾਰੀ ਜਸਵਿੰਦਰ ਸਿੰਘ ਦੀ ਹੋਈ ਸੀ। 9ਵੀਂ ਮੌਤ ਬੁੱਧਵਾਰ ਰਾਤ ਰੋਪੜ ਵਿੱਚ ਅਤੇ ਅੱਜ ਪੰਜਾਬ ਵਿੱਚ 10ਵੀਂ ਮੌਤ ਜਲੰਧਰ ਵਿੱਚ ਪ੍ਰਵੀਨ ਕੁਮਾਰ ਦੀ ਹੋਈ ਹੈ, ਜਿਹੜਾ ਮਿੱਠਾ ਬਾਜ਼ਾਰ ਦਾ ਵਾਸੀ ਸੀ। ਇਸ ਦੇ ਨਾਲ 9 ਅਪ੍ਰੈਲ ਨੂੰ ਬਰਨਾਲਾ ਦੀ ਮਹਿਲਾ ਦੀ ਕੋਰੋਨਾ ਨਾਲ ਲੁਧਿਆਣਾ ਵਿੱਚ ਮੌਤ ਹੋਈ ਹੈ। ਪੰਜਾਬ ਵਿੱਚ ਵੀਰਵਾਰ ਤੱਕ ਕੋਰੋਨਾ ਦੇ 129 ਕੇਸ ਮਿਲੇ ਸਨ, ਜਿਨ੍ਹਾਂ ਵਿੱਚੋਂ 11 ਦੀ ਮੌਤ ਹੋ ਚੁੱਕੀ ਹੈ।

ਜਲੰਧਰ ਵਿੱਚ ਬੁੱਧਵਾਰ ਕੋਰੋਨਾ ਦੇ ਪਾਜ਼ੀਟਿਵ ਪਾਏ ਗਏ ਪ੍ਰਵੀਨ ਕੁਮਾਰ ਸ਼ਰਮਾ (60) ਦੀ ਮੌਤ ਅੱਜ ਤੜਕਸਾਰ ਹੋ ਗਈ। ਉਹ ਵਿਧਾਇਕ ਬਾਵਾ ਹੈਨਰੀ ਦੇ ਸਾਥੀ ਨੌਜਵਾਨ ਦੀਪਕ ਦੇ ਪਿਤਾ ਸਨ। ਸ਼ਹਿਰ ਵਿੱਚ ਕਰਫਿਊ ਲੱਗਾ ਹੋਣ ਦੇ ਬਾਵਜੂਦ ਦੀਪਕ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਲੰਗਰ ਵੰਡਣ ਦੀ ਸੇਵਾ ਕਰਦਾ ਰਿਹਾ ਸੀ।

# ਕੋਰੋਨਾ ਮਰੀਜ਼ ਦੇ ਸਸਕਾਰ ਮੌਕੇ ਵਿਘਨ ਪਾ ਰਹੇ 60 ਲੋਕਾਂ ਉੱਤੇ ਕੇਸ ਦਰਜ

ਜਲੰਧਰ, 9 ਅਪਰੈਲ, (ਪੋਸਟ ਬਿਊਰੋ)- ਇਸ ਮਹਾਨਗਰ ਦੀ ਪੁਲਸ ਨੇ ਹਰਨਾਮਦਾਸਪੁਰਾ ਸਮਸ਼ਾਨ ਘਾਟ ਵਿੱਚ ਕੋਰੋਨਾ ਮਰੀਜ਼ ਦਾ ਸਸਕਾਰ ਕਰਨ ਮੌਕੇ ਵਿਘਨ ਪਾਉਣ ਵਾਲੇ 60 ਲੋਕਾਂ ਉੱਤੇ ਕੇਸ ਦਰਜ ਕੀਤਾ ਹੈ।

ਇਸ ਸਬੰਧ ਵਿੱਚ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲਸ ਦੋਸ਼ੀਆਂ ਦੀ ਪਛਾਣ ਕਰਦੀ ਪਈ ਹੈ ਅਤੇ ਉਨ੍ਹਾਂ ਦੇ ਖਿਲਾਫ਼ ਧਾਰਾ 188, 269, 270, 271, 353, 186, 149 ਅਤੇ ਮਹਾਂਮਾਰੀ ਬਿਮਾਰੀ ਕਾਨੂੰਨ 1893 ਦੀ ਧਾਰਾ 3 ਅਤੇ ਆਫ਼ਤ ਪ੍ਰਬੰਧ ਕਾਨੂੰਨ 1996 ਦੀ ਧਾਰਾ 51 ਹੇਠ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਹੱਥਾਂ ਵਿੱਚ ਲੈਣ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤੀ ਕੀਤੀ ਜਾਵੇਗੀ। ਭੁੱਲਰ ਨੇ ਕਿਹਾ ਕਿ ਦੋਸ਼ੀਆਂ ਦੀ ਪਛਾਣ ਕਰਕੇ ਸੀਖਾਂ ਪਿਛੇ ਭੇਜਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਜਿਨਾਂ ਵਿਅਕਤੀਆਂ ਨੇ ਕੋਰੋਨਾ ਮਰੀਜ਼ ਦਾ ਅੰਤਿਮ ਸੰਸਕਾਰ ਕਰਨ ਤੋਂ ਜ਼ਿਲਾ ਪ੍ਰਸ਼ਾਸਨ ਨੂੰ ਰੋਕਿਆ ਹੈ, ਉਨ੍ਹਾਂ ਦੀ ਪਛਾਣ ਕਰਨ ਲਈ ਉਚ ਪੁਲਸ ਅਧਿਕਾਰੀਆਂ ਦੀ ਟੀਮ ਬਣਾਈ ਗਈ ਹੈ।




Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**




**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Toronto $179,000**

barBURRITO

**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

**Caledon $749,900**



**Old Church & Atchinson:** Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

**Mississauga $199,900**

Techlogics


**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Brampton $349,000**

Photo Not Available

**10635 Bramalea Rd J-4:** Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

**Brampton $249,000**



**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**MISSISSAUGA $299,000**

Photo Not Available

**5380 Terry Fox Way 12:** Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

**Waterloo $399,000**

Photo Not Available


**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Brampton $349,000**

Photo Not Available

**284 Orenda Dr 19:** Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

**Brampton $459,000**



**7800 Hurontario St 1 :** Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

**Barrie $769,000**




**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $499,000**




**15 Gateway Blvd:** Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

**Brampton $549,000**



**Clark & Bramalea:** Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

**Toronto $789,000**



**Warden And Steeles:** Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

**Mississauga $715,000**



**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement .

*Canadian punjabi post assumes no responsibility for the accuracy of any information shown. Copyright Ppost 2019

# ਖਾਲਸਾ ਸਾਜਨਾ ਦਿਵਸ ਬਨਾਮ ਕੋਵਿੱਡ-19

ਸੁਖਮਿੰਦਰ ਸਿੰਘ ਹੰਸਰਾ

ਖਾਲਸਾ ਪੰਥ ਦਾ ਸਾਜਨਾ ਦਿਵਸ (ਮੂਲ ਨਾਨਕਸ਼ਾਹੀ ਕਲੰਡਰ ਅਨੁਸਾਰ) 14 ਅਪਰੈਲ ਦਿਨ ਮੰਗਲਵਾਰ ਨੂੰ ਹੈ। ਕੋਵਿੱਡ-19 ਦੀ ਮਹਾਂਮਾਰੀ ਕਾਰਣ ਮਸਲਾ ਪੈਦਾ ਹੋ ਗਿਆ ਹੈ ਕਿ ਸਿੱਖ ਜਗਤ ਖਾਲਸਾ ਪੰਥ ਦਾ ਸਾਜਨਾ ਦਿਵਸ ਕਿਵੇਂ ਮਨਾਵੇ। ਇਹ ਮਸਲਾ ਉਸ ਵਕਤ ਵੀ ਪੈਦਾ ਹੋਇਆ ਸੀ ਜਦੋਂ ਗੁਰਦੁਆਰਾ ਸਾਹਿਬ, ਮੰਦਿਰਾਂ, ਮਸਜਿਦਾਂ ਅਤੇ ਚਰਚਾਂ ਵਿੱਚ ਧਾਰਮਿਕ ਸੇਵਾਵਾਂ ਦੇ ਪ੍ਰੋਗ੍ਰਾਮ ਮੁਲਤਵੀ ਕਰਨ ਦੀ ਜਰੂਰਤ ਪਈ ਸੀ। ਇਹ ਧਾਰਮਿਕ ਲੀਡਰਸ਼ਿਪ (ਗੁਰਦੁਆਰਾ ਸਾਹਿਬ, ਮੰਦਰ, ਮਸਜਿਦਾਂ ਅਤੇ ਚਰਚ ਦੇ ਪ੍ਰਬੰਧਕ) ਲਈ ਇਹਤਿਹਾਨ ਦੀ ਘੜੀ ਸੀ, ਪਰ ਜਦੋਂ ਸਰਕਾਰ ਨੇ ਐਲਾਨ ਹੀ ਕਰ ਦਿੱਤਾ ਤਾਂ ਲੀਡਰਸ਼ਿਪ ਵਾਲੀ ਗੱਲ ਖਤਮ ਹੋ ਗਈ, ਕਾਨੂੰਨ ਦੀ ਪਾਲਣਾ ਕਰਨਾ ਜਰੂਰੀ ਹੋ ਗਿਆ।

ਇਸ ਵੀਕਐਂਡ ਤੇ ਈਸਾਈ ਧਰਮ ਨਾਲ ਜੁੜੇ ਲੋਕਾਂ ਲਈ ਬਹੁਤ ਵੱਡਾ ਤਿਉਹਾਰ ਹੈ। ਈਸਟਰ ਦਾ ਉਹ ਦਿਹਾੜਾ ਹੈ ਜਿਸ ਨੂੰ ਈਸਾ ਮਸੀਹ ਦੇ ਕਬਰ ਚੋਂ ਉੱਠਣ ਦਾ ਤਿਉਹਾਰ ਮੰਨਿਆ ਜਾਂਦਾ ਹੈ। ਇਹ ਪਹਿਲੀ ਵਾਰ 18ਵੀਂ ਸਦੀ ਵਿੱਚ ਮਨਾਇਆ ਗਿਆ ਸੀ। ਇਸ ਦਿਨ ਤੇ ਕ੍ਰਿਸਚੀਅਨ ਲੋਕ ਚਰਚ ਵਿੱਚ ਵੱਡੀ ਤਾਦਾਦ ਵਿੱਚ ਇਕੱਠੇ ਹੁੰਦੇ ਹਨ ਅਤੇ ਜੀਸਸ ਕਰਾਈਸ ਦੀ ਯਾਦ ਵਿੱਚ ਜੁੜਦੇ ਹਨ। ਈਸਟਰ, ਕ੍ਰਿਸਚੀਅਨ ਲੋਕਾਂ ਦਾ ਪਾਸਓਵਰ ਤੋਂ ਬਾਅਦ ਪਹਿਲਾ ਦਿਨ ਹੁੰਦਾ ਹੈ ਜਦੋਂ ਇਹ ਜੀਸਸ ਕਰਾਈਸ ਨੂੰ ਮੰਨਣ ਵਾਲੇ ਸ਼ਰਧਾਲੂ ਚਰਚ ਵਿੱਚ ਜਾ ਕੇ ਬੰਦਗੀ ਕਰਦੇ ਹਨ ਅਤੇ ਸ਼ਾਮ ਨੂੰ ਪ੍ਰੀਵਾਰਾਂ ਸਮੇਤ ਖਾਣਾ ਪਰੋਸਦੇ ਹਨ।

ਇਸ ਵਾਰ ਕਰੋਨਾ ਨੇ ਸੰਸਾਰ ਭਰ ਦਾ ਰਵਾਇਤੀ ਜੀਵਨ ਤਬਦੀਲ ਕਰਕੇ ਰੱਖ ਦਿੱਤਾ ਹੈ। ਆਓ ਵੇਖੀਏ ਕਿ ਕੋਵਿੱਡ 19 ਦੀ ਕਿਆਮਤ ਦੌਰਾਨ ਇਸ ਐਤਵਾਰ ਨੂੰ ਈਸਾਈ ਲੋਕ ਕਿਸ ਤਰ੍ਹਾਂ ਈਸਟਰ ਮਨਾਉਣਗੇ। ਚਰਚ ਦੇ ਪ੍ਰਬੰਧਕਾਂ ਨੇ ਕ੍ਰਿਸਚੀਅਨ ਅਤੇ ਜੀਊਜ਼ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਆਪਣੇ ਪ੍ਰੀਵਾਰਾਂ ਸਮੇਤ ਚਰਚ ਦੀਆਂ ਆਨਲਾਈਨ ਸੇਵਾਵਾਂ ਨਾਲ ਜੁੜ ਕੇ ਬੰਦਗੀ ਕਰੋ ਅਤੇ ਸ਼ਾਮ ਨੂੰ ਪ੍ਰੀਵਾਰਾਂ ਵਿੱਚ ਬੈਠ ਕੇ ਡਿਨਰ ਪਰੋਸੋ। ਅਗਰ ਤੁਹਾਡੇ ਪ੍ਰੀਵਾਰ ਵਿੱਚ ਬਜ਼ੁਰਗ ਲੋਕ ਹਨ ਜੋ ਕਰੋਨਾ ਤੋਂ ਪ੍ਰਭਾਵਿਤ ਹੋ ਸਕਦੇ ਹਨ ਤਾਂ ਟਰਕੀ ਦਾ ਡਿਨਰ ਬਣਾ ਕੇ ਉਨ੍ਹਾਂ ਦੇ ਦਰਵਾਜੇ ਤੇ ਰੱਖ ਆਓ ਜੋ ਉਹ ਚੁੱਕ ਕੇ ਖਾ ਸਕਦੇ ਹਨ।

ਮਾਂਟਰੀਅਲ ਵਿੱਚ ਵੱਡੀ ਤਾਦਾਦ ਵਿੱਚ ਜੀਊਜ਼ ਭਾਈਚਾਰਾ ਵੱਸਦਾ ਹੈ ਜਿੰਨ੍ਹਾਂ ਵਿੱਚ ਈਸਟਰ ਮਨਾਉਣ ਦਾ ਪੂਰਾ ਉਤਸ਼ਾਹ ਨਜ਼ਰ ਆ ਰਿਹਾ ਹੈ। ਉਹ ਇਸ ਸਾਲ ਧਾਰਮਿਕ ਸਰਵਿਸ ਆਨਲਾਈਨ ਅਤੇ ਆਪਣੇ ਮੈਂਬਰਾਂ ਲਈ ਖਾਣਾ ਡੱਬਿਆਂ ਵਿੱਚ ਪੈਕ ਕਰਕੇ ਤਕਸੀਮ ਕਰ ਰਹੇ ਹਨ।

ਇਸੇ ਤਰ੍ਹਾਂ ਇਸ ਹਫਤੇ ਮੁਸਲਮਾਨ ਭਾਈਚਾਰ ਦਾ ਰਮਜ਼ਾਨ ਦਾ ਮਹੀਨਾ ਸ਼ੁਰੂ ਹੋ ਜਾਵੇਗਾ, ਜਦੋਂ ਸ਼ਰਧਾਲੂ ਲੋਕ ਮਸਜਿਦ ਵਿੱਚ ਜਾ ਕੇ ਨਮਾਜ਼ ਅਦਾ ਕਰਕੇ ਸ਼ਾਮ ਨੂੰ ਇਕੱਠੇ ਹੋ ਕੇ ਰੋਜ਼ਾ ਤੋੜਦੇ ਹਨ ਅਤੇ ਪਕਵਾਨ ਤਿਆਰ ਕਰਕੇ ਇਕੱਠੇ ਖਾਂਦੇ ਹਨ।

14 ਅਪਰੈਲ ਨੂੰ ਵੈਸਾਖੀ ਦਾ ਦਿਹਾੜਾ ਹੈ। ਇੱਕ ਸਿੱਖ ਵਿੱਚ ਇਹ ਦਿਹਾੜਾ ਬੇਹੱਦ ਅਹਿਮੀਅਤ ਰੱਖਦਾ ਹੈ। ਅਸੀਂ ਗੁਰਦੁਆਰਾ ਸਾਹਿਬਾਨਾਂ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਇਕੱਤਰ ਹੋ ਕੇ ਧੰਨ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪਰਉਪਕਾਰ ਨੂੰ ਯਾਦ ਕਰਦੇ ਹਾਂ। ਪਿਛਲੇ 70 ਸਾਲਾਂ ਦੌਰਾਨ ਜੋ ਕੁੱਝ ਖਾਲਸਾ ਪੰਥ ਵਿੱਚ ਵਾਪਰ ਰਿਹਾ ਹੈ ਉਸਦੀ ਰੌਸ਼ਨੀ ਵਿੱਚ ਇਸ ਦਿਹਾੜੇ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ।

ਇਸ ਦਿਹਾੜੇ ਨੂੰ ਮਨਾਉਣ ਲਈ ਹਰ ਸਾਲ ਨਗਰ ਕੀਰਤਨ ਉਲੀਕੇ ਜਾਂਦੇ ਹਨ ਜੋ ਇਸ ਸਾਲ ਕੋਵਿੱਡ-19 ਦੀ ਭੇਂਟ ਚੜ ਚੁੱਕੇ ਹਨ। ਸੰਸਾਰ ਭਰ ਦਾ ਸਭ ਤੋਂ ਵੱਡਾ ਸਰੀ ਨਗਰ ਕੀਰਤਨ ਅਤੇ ਟਰਾਂਟੋ ਸ਼ਹਿਰ ਦੇ ਦੋ ਵੱਡੇ ਨਗਰ ਕੀਰਤਨ ਕੈਂਸਲ ਹੋ ਚੁੱਕੇ ਹਨ। 14 ਅਪਰੈਲ ਨੂੰ ਵੈਸਾਖੀ ਦਾ ਦਿਹਾੜਾ ਕਿਸ ਤਰ੍ਹਾਂ ਮਨਾਇਆ ਜਾਵੇ, ਬਾਰੇ ਅਜੇ ਤੱਕ ਸਾਡੇ ਭਾਈਚਾਰੇ ਵਿੱਚ ਬਹੁਤ ਘੱਟ ਵਿਚਾਰ ਸੁਣਨ ਨੂੰ ਮਿਲੀ ਹੈ, ਭਾਵੇਂ ਕਿ ਸਾਡੇ ਸਤਿਕਾਰਯੋਗ ਪ੍ਰਬੰਧਕਾਂ ਨੇ ਇਸ ਬਾਰੇ ਫੈਸਲੇ ਕੀਤੇ ਹੀ ਹੋਣਗੇ। ਜਦਕਿ ਫੇਸਬੁੱਕ ਤੋਂ ਮਿਲੀ ਜਾਣਕਾਰੀ ਅਨੁਸਾਰ ਸਕਾਰਬਰੋ ਗੁਰਦੁਆਰਾ ਸਾਹਿਬ ਵਿਖੇ ਅਖੰਡਪਾਠ ਦੇ ਭੋਗ 13 ਅਪਰੈਲ ਨੂੰ ਪਾਏ ਜਾਣਗੇ, ਪ੍ਰਬੰਧਕਾਂ ਵਲੋਂ ਸੰਗਤ ਨੂੰ ਘਰ ਬੈਠ ਕੇ ਫੇਸਬੁੱਕ ਪੇਜ ਰਾਹੀਂ ਜੁੜਨ ਦੀ ਅਪੀਲ ਕੀਤੀ ਗਈ ਹੈ।

ਅਪੀਲ:

ਖਾਲਸਾ ਪੰਥ ਦੀ ਰੂਹਾਨੀ ਪਿਆਸ ਇਹ ਮੰਗ ਕਰਦੀ ਹੈ ਕਿ ਖਾਲਸਾ ਸਾਜਨਾ ਦਿਵਸ ਧੂਮ ਧਾਮ ਨਾਲ ਮਨਾਇਆ ਜਾਵੇ। ਮਨਾਇਆ ਵੀ ਜਾਣਾ ਚਾਹੀਦਾ ਹੈ। ਕੋਵਿੱਡ-19 ਦੀ ਮਹਾਂਮਾਰੀ ਅੰਤਰਗਤ ਇਹ ਮੁਸ਼ਕਲ ਤਾਂ ਜਰੂਰ ਹੈ ਪਰ ਅਸੰਭਵ ਨਹੀਂ ਹੈ। ਇਸ ਪ੍ਰਥਾਏ ਕੁੱਝ ਵਿਚਾਰ ਦੇਣੇ ਸਮ੍ਹੇਂ ਦੀ ਲੋੜ ਸਮਝਦਾ ਹਾਂ।

1) ਸਮੂਹ ਗੁਰਦੁਆਰਾ ਸਾਹਿਬਾਨਾਂ ਵਿੱਚ ਖਾਲਸਾ ਸਾਜਨਾ ਦਿਵਸ ਪ੍ਰਥਾਏ ਸ੍ਰੀ ਅਖੰਡਪਾਠ ਆਰੰਭ ਕਰਵਾਏ ਜਾਣੇ।

2) ਗੁਰਦੁਆਰਾ ਸਾਹਿਬ ਵਿੱਚ ਉਹ ਸਾਰੀ ਤਿਆਰੀ ਕੀਤੀ ਜਾਵੇ ਜੋ ਹਰ ਸਾਲ ਕੀਤੀ ਜਾਂਦੀ ਹੈ।

3) ਆਨਲਾਈਨ ਬਰਾਡਕਾਸਟ ਕਰਨ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ ਜਿਸ ਵਿੱਚ 2-3 ਕੈਮਰੇ ਲਾ ਕੇ ਬਕਾਇਦਾ ਹਾਈ ਕੁਆਲਟੀ ਬਰਾਡਕਾਸਟਿੰਗ ਕੀਤੀ ਜਾਵੇ। ਨਾਲ ਹੀ ਪਿਛਲੇ ਸਾਲਾਂ ਦੀਆਂ ਵੀਡੀਓਜ਼ ਵੀ ਬੈਕਗਰਾਊਂਡ ਤੇ ਪਲੇਅ ਕੀਤੀਆਂ ਜਾਣ।

4) ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਕੁੱਝ ਸੇਵਾਦਾਰ ਦਰਵਾਜੇ ਤੇ ਖੜੇ ਕਰਕੇ 3-4 ਸ਼ਰਧਾਲੂਆਂ ਨੂੰ ਮੱਥਾ ਟੇਕਣ ਦੀ ਇਜਾਜ਼ਤ ਦਿੱਤੀ ਜਾਵੇ। ਲੰਗਰ ਹਾਲ ਬੰਦ ਰਹਿਣ।

5) ਹਰ ਸ਼ਰਧਾਲੂ ਨੂੰ ਲੰਗਰ ਅਤੇ ਮਠਿਆਈ ਦਾ ਡੱਬਾ ਦਿੱਤਾ ਜਾਵੇ, ਇੰਝ ਹੀ ਜਿਹੜੀ ਸੰਗਤ ਮਠਿਆਈ ਲਿਆਉਣੀ ਚਾਹੁੰਦੀ ਹੈ ਤਾਂ 1 ਪੌਂਡ ਦੀ ਲਿਮਟ ਲਾ ਕੇ ਸੰਗਤ ਨੂੰ ਅਪੀਲ ਕੀਤੀ ਜਾਵੇ।

6) ਭੋਗ ਵਾਲੇ ਦਿਨ ਵੱਡੇ ਦੀਵਾਨ ਵਾਂਗ ਖਾਲਸਾ ਸਾਜਨਾ ਦਿਵਸ ਮਨਾਇਆ ਜਾਵੇ। ਕੁੱਝ ਬੁਲਾਰਿਆਂ ਦੀਆਂ ਵੀਡੀਓ ਰਿਕਾਰਡਿੰਗ ਕਰਕੇ ਉਸ ਦਿਨ ਬਰਾਡਕਾਸਟ ਕੀਤੀਆਂ ਜਾਣ।

7) ਅਗਰ ਹੋ ਸਕੇ ਹਰ ਘਰ ਵਿੱਚ ਕੇਸਰੀ ਨਿਸ਼ਾਨ ਝੁਲਾਏ ਜਾਣ, ਇਹ ਅਪੀਲ ਸਿੰਘ ਸਾਹਿਬ ਜਥੇਦਾਰ ਜਗਤਾਰ ਸਿੰਘ ਹਵਾਰਾ ਨੇ ਵੀ ਪੰਥ ਦੇ ਨਾਂ ਸੰਦੇਸ਼ ਦਿੱਤਾ ਹੈ।

8) ਹੁਰ ਗੁਰੂਦਆਰਾ ਸਾਹਿਬ ਵਲੋਂ ਇਸ ਦਿਨ ਸੇਵੀ ਸੰਸਥਾਵਾਂ ਲਈ ਫੰਡ ਰੇਜ਼ਿੰਗ ਕਰਕੇ ਫੰਡ ਮੁਹੱਈਆ ਕਰਵਾਏ ਜਾਣ।

9) ਗੁਰੂਦੁਆਰਾ ਸਾਹਿਬਾਨਾਂ ਵਿੱਚ ਸਮੁੱਚੀ ਮਨੁੱਖਤਾ ਨੂੰ ਕਰੋਨਾ ਵਾਇਰਸ ਤੋਂ ਮੁਕਤੀ ਮਿਲ ਸਕੇ, ਦੀ ਸੰਗਤੀ ਅਰਦਾਸ ਕੀਤੀ ਜਾਵੇ।

10) ਹੈਲਥ ਵਰਕਰ, ਟਰੱਕ ਡਰਾਈਵਰ, ਗਰੌਸਰੀ ਸਟੋਰ ਕਲਰਕ ਅਤੇ ਹੋਰ ਜਰੂਰੀ ਸੇਵਾਵਾਂ ਦੇ ਰਹੇ ਕਾਮਿਆਂ ਦੀ ਚੜਦੀ ਕਲਾ ਲਈ ਅਰਦਾਸ ਕੀਤੀ ਜਾਵੇ ਅਤੇ ਪ੍ਰਸੰਸਕ ਵਿਚਾਰ ਦਿੱਤੇ ਜਾਣ।

ਕੋਵਿੱਡ-19 ਦੀ ਮਹਾਂਮਾਰੀ ਨੂੰ ਧਿਆਨ ਵਿੱਚ ਰੱਖਦਿਆਂ ਸਰੀਰਕ ਫਾਸਲਾ ਬਣਾਈ ਰੱਖਿਆ ਜਾਵੇ। ਗਰੌਸਰੀ ਜਾਂ ਦਵਾਈ ਬੂਟੀ ਲੈਣ ਲਈ ਹਫਤੇ ਵਿੱਚ ਇੱਕ ਦਿਨ ਘਰੋਂ ਨਿਕਲਿਆ ਜਾਵੇ ਅਤੇ ਪ੍ਰੀਵਾਰ ਦਾ ਇੱਕ ਜੀਅ ਹੀ ਬਾਹਰ ਜਾਵੇ। ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ। ਹੱਥ ਧੋਣ ਦੀ ਪ੍ਰਕ੍ਰਿਆ ਨੂੰ ਹੈਲਥ ਕਰਮਚਾਰੀਆਂ ਦੀਆਂ ਹਦਾਇਤਾਂ ਅਨੁਸਾਰ ਬਕਾਇਦਾ ਕੀਤਾ ਜਾਵੇ। ਵਾਰ ਵਾਰ ਹੈਂਡ ਸੈਨੇਟਾਈਜ਼ਰ ਦਾ ਇਸਤੇਮਾਲ ਕੀਤਾ ਜਾਵੇ।

## ਮੁਸਲਿਮ ਭਾਈਚਾਰੇ ਵਿਰੁੱਧ ਸੋਸ਼ਲ ਮੀਡੀਆ ਉੱਤੇ ਇਤਰਾਜ਼ ਯੋਗ ਟਿੱਪਣੀ ਕਰਨ ਵਾਲਾ ਗ੍ਰਿਫਤਾਰ

ਪਟਿਆਲਾ, 9 ਅਪ੍ਰੈਲ (ਪੋਸਟ ਬਿਊਰੋ)- ਇਸ ਜ਼ਿਲੇ ਸੋਸ਼ਲ ਮੀਡੀਆ ਉੱਤੇ ਹਜ਼ਰਤ ਮੁਹੰਮਦ ਸਾਹਿਬ ਅਤੇ ਮੁਸਲਿਮ ਭਾਈਚਾਰੇ ਦੇ ਖਿਲਾਫ ਇਤਰਾਜ਼ਯੋਗ ਟਿੱਪਣੀ ਕਰਨ ਬਦਲੇ ਆਕਾਸ਼ਦੀਪ ਨਾਮਕ ਵਿਅਕਤੀ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਖਿਲਾਫ ਬਣਦੀਆਂ ਧਾਰਾਵਾਂ ਦਾ ਕੇਸ ਦਰਜ ਕਰ ਲਿਆ ਗਿਆ ਹੈ।

ਇਸ ਸੰਬੰਧ ਵਿਚ ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਫੇਸਬੁਕ ਉੱਤੇ ਕਿਸੇ ਵਿਅਕਤੀ ਵੱਲੋਂ ਹਜ਼ਰਤ ਮੁਹੰਮਦ ਸਾਹਿਬ ਅਤੇ ਮੁਸਲਿਮ ਭਾਈਚਾਰੇ ਬਾਰੇ ਮਾੜੇ ਸ਼ਬਦੇ ਵਰਤੇ ਗਏ ਗਏ ਸਨ। ਜਦ ਇਹੋ ਜਿਹੀ ਪੋਸਟ ਪਟਿਆਲਾ ਪੁਲਸ ਨੂੰ ਪਤਾ ਲੱਗੀ ਤਾਂ ਪੁਲਸ ਨੇ ਸੋਸ਼ਲ ਮੀਡੀਆ ਸੈੱਲ ਅਤੇ ਸੀ ਆਈ ਏ ਪਟਿਆਲਾ ਨੇ ਇਸ ਪੋਸਟ ਵਾਲੇ ਵਿਅਕਤੀ ਨੂੰ ਤਕਨੀਕੀ ਸਾਧਨਾਂ ਰਾਹੀਂ ਟਰੈਕ ਕੀਤਾ ਤੇ ਆਕਾਸ਼ਦੀਪ ਨਾਮੀ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜੋ ਪਹਿਲਾਂ ਇੱਕ ਮੀਡੀਆ ਹਾਊਸ ਦੇ ਪ੍ਰੋਡਕਸ਼ਨ ਮੈਨੇਜਰ ਦਾ ਕੰਮ ਕਰਦਾ ਸੀ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ






- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)


ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



# ਸੰਪਾਦਕੀ

## ਪਾਦਰੀਪਣ ਦੀ ਸਾਰਥਕਤਾ ਨੂੰ ਕੋਰਨਾ ਵਾਇਰਸ ਦਾ ਖੋਰਾ ਜਾਂ ?

ਈਸਾਈ ਧਰਮ ਗਿਣਤੀ ਪੱਖੋਂ ਵਿਸ਼ਵ ਦਾ ਸੱਭ ਤੋਂ ਵੱਡਾ ਧਰਮ ਹੈ ਅਤੇ ਇਸਦੇ ਸੱਭ ਤੋਂ ਅਹਿਮ ਉਸਤਵਾਂ ਵਿੱਚੋਂ ਗੁੱਡ ਫਰਾਈ-ਡੇਅ ਅਤੇ ਈਸਟਰ ਨੂੰ ਇਸ ਲੌਂਗ ਵੀਕ ਐਂਡ ਦੌਰਾਨ ਮਨਾਇਆ ਜਾ ਰਿਹਾ ਹੈ। ਕੋਰੋਨਾ ਵਾਇਰਸ ਨੇ ਈਸਾਈ ਧਰਮ ਦੇ ਸੱਭ ਤੋਂ ਅਹਿਮ ਅਤੇ ਕੇਂਦਰੀ ਸਥਾਨ (ਵੈਟੀਕਨ) ਦਾ ਘਰ ਹੋਣ ਦਾ ਰੁਤਬਾ ਮਾਣਨ ਵਾਲੇ ਇਟਲੀ ਮੁਲਕ ਉੱਤੇ ਜਿੰਨੀ ਮਾਰ ਕੀਤੀ ਹੈ, ਉਹ ਸੱਭ ਦੇ ਸਾਹਮਣੇ ਹਨ। 9 ਅਪਰੈਲ ਨੂੰ ਪੋਪ ਫਰਾਂਸਿਸ ਨੇ ਗੁੱਡ ਫਰਾਈ ਡੇਅ ਤੋਂ ਪਹਿਲਾਂ 'ਪੱਵਿਤਰ ਸ਼ੁੱਕਰਵਾਰ' (Holy Thursday) ਦੀਆਂ ਰਸਮਾਂ ਈਸਾਈ ਧਰਮ ਦੇ ਇਤਿਹਾਸ ਵਿੱਚ ਇੱਕ ਕਿਸਮ ਨਾਲ ਇੱਕਲਿਆਂ ਹੀ ਨਿਭਾਈਆਂ। ਸੈਂਕੜੇ ਸਾਲਾਂ ਤੋਂ ਜਿੱਥੇ ਇਸ ਦਿਨ ਵੈਟੀਕਨ ਵਿੱਚ ਪੋਪ ਦੇ ਇਰਦ ਗਿਰਦ ਲੱਖਾਂ ਲੋਕ ਇੱਕਤਰ ਹੁੰਦੇ ਸਨ, ਇਸ ਵਾਰ ਮਸਾਂ ਦਸ ਕੁ ਲੋਕ ਸਨ, ਉਹ ਵੀ ਇੱਕ ਦੂਜੇ ਤੋਂ ਦੂਰੀਆਂ ਬਣਾ ਕੇ ਖੜੇ ਸਨ। ਵਰਨਣਯੋਗ ਹੈ ਕਿ ਪੋਪ ਫਰਾਂਸਿਸ ਨੂੰ ਦੋ ਵਾਰ ਕੋਰੋਨਾ-ਵਾਇਰਸ ਤੋਂ ਪਾਜ਼ਿਟਿਵ ਪਾਇਆ ਜਾ ਚੁੱਕਾ ਹੈ।

ਵਿਸ਼ਵ ਭਰ ਦੇ ਮੰਦਰ, ਗੁਰਦੁਆਰੇ, ਮਸਜਿਦ ਅਤੇ ਗਿਰਜਾ ਘਰ ਇੱਕ ਕਿਸਮ ਨਾਲ ਬੰਦ ਹਨ। ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਵੱਲੋਂ ਖੁਦ ਪੈਰੋਕਾਰਾਂ ਨੂੰ ਆਉਣ ਤੋਂ ਮਨਾਹੀ ਕੀਤੀ ਜਾ ਰਹੀ ਹੈ ਕਿਉਂਕਿ ਅਜਿਹਾ ਕਰਨਾ ਹੀ ਮੌਤ ਤੋਂ ਬਚਣ ਦਾ ਰਾਹ ਰਹਿ ਗਿਆ ਹੈ। ਮੌਤ ਉੱਤੇ ਜਿੱਤ ਪਾਉਣ ਦੇ ਜਿਸ ਖਿਆਲ ਦੀ ਬੁਨਿਆਦ ਉੱਤੇ ਧਰਮ ਦੀ ਸਾਰਥਕਤਾ ਖੜੀ ਹੈ, ਕੋਰੋਨਾਵਾਇਰਸ ਦੇ ਧੱਕੇ ਸਾਹਮਣੇ ਉਹ ਖਿਆਲ ਜਰਕ ਕੇ ਰਹਿ ਗਿਆ ਹੈ। ਸੋਚਣ ਵਾਲੀ ਗੱਲ ਹੈ ਕਿ ਕੀ ਕੋਰੋਨਾਵਾਇਰਸ ਨੇ ਧਰਮ ਦੀ ਸਾਰਥਕਤਾ ਨੂੰ ਧੱਕਾ ਮਾਰਿਆ ਹੈ ਜਾਂ ਧਾਰਮਿਕਤਾ ਨੂੰ? ਧਰਮ ਅਤੇ ਧਾਰਮਿਕਤਾ ਵਿੱਚ ਫਰਕ ਬਹੁਤ ਸੂਖਮ ਪਰ ਵੱਡਾ ਫਰਕ ਹੁੰਦਾ ਹੈ। ਧਰਮ ਮਨੁੱਖ ਦਾ ਸਵੈ ਦੀ ਪ੍ਰਾਪਤੀ ਲਈ ਕੀਤਾ ਜਾਣ ਵਾਲਾ ਨਿੱਜੀ ਕਰਮ ਅਤੇ ਸੰਕਪਲ ਹੁੰਦਾ ਹੈ ਜੋ ਉਸਨੇ ਆਪਣੇ ਰਹਿਬਰਾਂ ਵੱਲੋਂ ਦਰਸਾਏ ਗਏ ਅਸੂਲਾਂ ਮੁਤਾਬਕ ਚੁਣਿਆ ਹੁੰਦਾ ਹੈ। ਇਸ ਤੋਂ ਉਲਟ ਧਾਰਮਿਕਤਾ (Religiosity) ਧਰਮ ਦਾ ਬਾਹਰੀ ਰੰਗ ਭੇਖ ਹੈ ਜੋ ਗੁਰੂਆਂ, ਪੀਰਾਂ, ਪੈਗੰਬਰਾਂ ਦੇ ਇਸ ਧਰਤੀ ਤੋਂ ਚਲੇ ਜਾਣ ਬਾਅਦ ਸਥਾਪਿਤ ਹੋ ਜਾਣ ਵਾਲੇ ਪਾਦਰੀਪਣ (Clergy) ਦੇ ਸਮੇਂ ਨਾਲ ਬਣਾਏ ਨੇਮਾਂ ਅਨੁਸਾਰ ਘੜਿਆ ਜਾਂਦਾ ਹੈ। ਮਨੁੱਖ ਦੇ ਨਿੱਜ ਦੇ ਵਿਕਾਸ ਨੂੰ ਪਰਪੱਕ ਕਰਨ ਦੇ ਸਿਧਾਂਤ ਉੱਤੇ ਟਿਕੇ ਧਰਮ ਅਤੇ ਧਾਰਮਿਕਤਾ (Religiosity) ਦੇ ਵਰਤਾਰੇ ਦੀ ਦੀ ਘੋਖ ਕਰਨ ਵਾਲੇ ਲੋਕ ਪਾਦਰੀਪਣ (Clergy), ਮੁਲਾਣੇਪਣ, ਗਰੰਥੀਵਾਦ, ਪੰਡਤਵਾਦ ਆਦਿ ਦੇ ਵਰਤਾਰੇ ਵਿੱਚ ਕੋਈ ਫਰਕ ਨਹੀਂ ਸਮਝਦੇ।

ਬੇਸ਼ੱਕ ਪੰਡਤਵਾਦ ਨੂੰ ਪਾਦਰੀਪਣ (Clergy) ਦਾ ਦਾਦਾ ਪੜਦਾਦਾ ਆਖਿਆ ਜਾ ਸਕਦਾ ਹੈ ਪਰ ਹਿੰਦੂ ਧਰਮ ਦੇ ਵਿਕਾਸ ਕਰਮ ਵਿੱਚ ਬੀਤ ਚੁੱਕੇ ਲੰਬੇ ਸਮੇਂ ਕਾਰਣ ਪੰਡਤਵਾਦ ਦੇ ਆਰੰਭ ਕਾਲ ਬਾਰੇ ਗੱਲ ਕਰਨੀ ਔਖੀ ਹੈ। ਇਸਦੇ ਉਲਟ ਈਸਾਈ ਧਰਮ ਵਿੱਚ ਪਾਦਰੀਪਣ ਦੇ ਆਰੰਭ ਹੋਣ ਬਾਰੇ ਬਾਰੇ ਇੱਕ ਦਿਲਚਸਪ ਦੰਦ ਕਥਾ ਹੈ। ਇਸ ਦੰਦ ਕਥਾ ਮੁਤਾਬਕ ਜਦੋਂ ਪੈਗੰਬਰ ਈਸਾ ਮਸੀਹ ਜੀ ਸਲੀਬ ਉੱਤੇ ਚੜਨ ਤੋਂ ਬਾਅਦ ਤੀਜੇ ਦਿਨ ਮੁੜ ਧਰਤੀ ਉੱਤੇ ਪਰਤ ਆਏ, ਜਿਸ ਨੂੰ ਪੁਨਰ-ਉਥਾਨ (Resurrection) ਆਖਿਆ ਜਾਂਦਾ ਹੈ, ਤਾਂ ਆਪ ਜੀ ਪੈਦਾ ਹੋਏ ਭਿਆਨਕ ਹਾਲਾਤਾਂ ਦਾ ਜ਼ਾਇਜਾ ਲੈਣ ਚੁੱਪ ਚੁਪੀਤੇ ਪੈਦਲ ਯਾਤਰਾ ਉੱਤੇ ਨਿਕਲ ਪਏ। ਉਹ ਹਾਲੇ ਕੁੱਝ ਦੂਰ ਹੀ ਗਏ ਸਨ ਕਿ ਇੱਕ ਪਿੰਡ ਦੇ ਬਾਹਰਵਾਰ ਇੱਕ ਵਿਅਕਤੀ ਲੋਕਾਂ ਦੇ ਹਜੂਮ ਨੂੰ ਸੰਬੋਧਨ ਕਰਦੇ ਹੋਏ ਪੂਰੀ ਦ੍ਰਿੜਤਾ ਨਾਲ ਸਮਝਾ ਰਿਹਾ ਸੀ ਕਿ ਈਸਾ ਮਸੀਹ ਨੇ ਮਨੁੱਖਤਾ ਦੇ ਭਲੇ ਵਾਸਤੇ ਸਾਨੂੰ ਆਹ ਕਰਨ ਦੀ ਹਦਾਇਤ ਦਿੱਤੀ ਹੈ ਜਾਂ ਆਹ ਨਿਰਦੇਸ਼ ਦਿੱਤੇ ਹਨ। ਈਸਾ ਮਸੀਹ ਨੇ ਮਲਕੜੇ ਜਿਹਾ ਜਾ ਕੇ ਉਸ ਵਿਅਕਤੀ ਦੇ ਮੋਢੇ ਉੱਤੇ ਹੱਥ ਰੱਖ ਕੇ ਆਖਿਆ, 'ਭਾਈ ਸਾਹਿਬ, ਮੈਂ ਅਜਿਹਾ ਕਦੇ ਕੁੱਝ ਨਹੀਂ ਕਿਹਾ ਜੋ ਮੇਰੇ ਨਾਮ ਉੱਤੇ ਤੁਸੀਂ ਇਹਨਾਂ ਭੋਲੇ ਭਾਲੇ ਲੋਕਾਂ ਨੂੰ ਤੁਸੀਂ ਦੱਸ ਰਹੇ ਹੋ'। ਆਖਦੇ ਹਨ ਕਿ ਉਸ ਆਦਮੀ ਨੇ ਈਸਾ ਮਸੀਹ ਦਾ ਹੱਥ ਮੋਢੇ ਤੋਂ ਹਲੂਣ ਕੇ ਪਰੇ ਕਰਦੇ ਹੋਏ ਕਿਹਾ, 'ਮੇਰੀ ਗੱਲ ਸੁਣੋ, ਤੁਸੀਂ ਹੁਣ ਮਰ ਚੁੱਕੇ ਹੋ। ਹੁਣ ਤੋਂ ਬਾਅਦ ਲੋਕ ਤੁਹਾਨੂੰ ਸਲੀਬ ਉੱਤੇ ਟੰਗਿਆ ਵੇਖ ਕੇ ਮੱਥੇ ਟੇਕਿਆ ਕਰਨਗੇ ਅਤੇ ਮੇਰੀਆਂ ਗੱਲਾਂ ਸੁਣ ਕੇ ਧਰਵਾਸ ਹਾਸਲ ਕਰਨਗੇ ਬੇਸ਼ੱਕ ਮੈਂ ਤੇਰੇ ਨਾਮ ਉੱਤੇ ਕੁੱਝ ਵੀ ਆਖ ਦਿਆਂ'। ਆਖਦੇ ਹਨ ਕਿ ਇਸ ਤਰਾਂ ਈਸਾ ਜੀ ਦੇ ਸਲੀਬ ਚੜਨ ਤੋਂ ਤੀਜੇ ਦਿਨ ਹੀ ਪਾਦਰੀਪਣ ਪੈਦਾ ਹੋ ਗਿਆ ਸੀ। ਉੱਨੀ ਇੱਕੀ ਦੇ ਫਰਕ ਨਾਲ ਸਾਰੇ ਧਰਮਾਂ ਦਾ ਇਹੀ ਹਾਲ ਹੈ। ਜਿਹੜਾ ਧਰਮ ਪੁਰਾਣਾ ਹੈ ਤਾਂ ਉਸ ਵਿੱਚ ਪਾਦਰੀਪਣ ਦਾ ਜੱਟ ਜੱਫਾ ਵੱਧ ਤਾਕਤਵਰ ਹੈ ਅਤੇ ਜੇ ਧਰਮ ਨਵਾਂ ਤਾਂ ਉਸਦਾ ਪਾਦਰੀਪਣ ਹਾਲੇ ਆਪਣੇ ਪੁਰਾਣੇ ਸਾਥੀਆਂ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਵਿੱਚ ਮਸਰੂਫ ਹੈ।

ਈਸਾਈ ਧਰਮ ਵਿੱਚ ਇਹ ਆਮ ਪ੍ਰਚੱਲਿਤ ਹੈ ਕਿ ਈਸਾ ਮਸੀਹ ਜੀ ਨੇ ਕਿਹਾ ਸੀ ਕਿ ਜਿੱਥੇ ਕਿਤੇ ਦੋ ਜਾਂ ਤਿੰਨ ਵਿਅਕਤੀ ਇੱਕਤਰ ਹੋ ਕੇ ਰੱਬ ਦਾ ਨਾਮ ਲੈਣਗੇ, ਉੱਥੇ ਮੈਂ ਹਾਜ਼ਰ ਹੋਵਾਂਗਾ। ਇਹ ਗੱਲ ਸਿੱਖ ਧਰਮ ਵਿੱਚ ਪੰਚ ਪ੍ਰਧਾਨ ਦੇ ਸਿਧਾਂਤ ਵਾਂਗੂੰ ਮਨੁੱਖਾਂ ਦੇ ਰਲ ਰੱਬ ਦਾ ਨਾਮ ਲੈਣ ਦੀ ਸਾਖੀ ਭਰਦੀ ਹੈ। ਕੋਰੋਨਾ ਵਾਇਰਸ ਕਾਰਣ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਤੋਂ ਲੈ ਕੇ ਵੈਟੀਕਨ ਤੋਂ ਸਾਊਦੀ ਅਰਬੀਆ ਵਿੱਚ ਮੱਕੇ ਤੱਕ ਸੱਭ ਕੁੱਝ ਬੰਦ ਕਰਨ ਦੇ ਹੁਕਮ ਦੀ ਮਜਬੂਰੀ ਨੇ ਮੁੜ ਲੋਕਾਂ ਨੂੰ ਲੱਖਾਂ ਤੋਂ ਪੰਚ ਪ੍ਰਧਾਨ ਦੇ ਨੁਕਤੇ ਉੱਤੇ ਲਿਆ ਕੇਂਦਰਿਤ ਕੀਤਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਵਰਤਾਰਾ ਅਸਥਾਈ ਸਾਬਤ ਹੋਵੇਗਾ ਜਾਂ ਹੁਣ ਤੋਂ ਬਾਅਦ ਲੋਕ ਆਪਣੇ ਨਿੱਜ ਧਰਮ (Religious philosophy centered on the spiritual growth of an individual's self) ਉੱਤੇ ਕੇਂਦਰਿਤ ਹੋ ਜਾਣਗੇ? ਕੀ ਸਥਾਪਿਤ ਧਰਮ ਦੇ ਵੱਡੇ ਖਰਚਿਆਂ ਅਤੇ ਵੱਡੇ ਆਡੰਬਰਾਂ ਵਾਲੇ ਵਾਲੇ ਮੰਦਰਾਂ, ਮਸਜਿਦਾਂ, ਗੁਰਦੁਆਰਿਆਂ ਅਤੇ ਗਿਰਜਾ ਘਰਾਂ ਵਾਲੇ ਸਰੂਪ ਨੂੰ ਖੋਰਾ ਲੱਗੇਗਾ? ਜਾਂ ਫੇਰ ਪਾਦਰੀਪਣ ਆਪਣੇ ਪਹਿਲਾਂ ਵਾਲੇ'ਜੱਟ ਜੱਫੇ' ਵਾਲੇ ਰੂਪ ਵਿੱਚ ਪਰਤ ਆਵੇਗਾ? ਇਸ ਪਾਦਰੀਪਣ ਵਿੱਚ ਧਰਮ ਦੇ ਨਾਮ 'ਬਾਬਾ ਕਲਚਰ' ਦੇ ਕਾਰਜ-ਕਰਤਾ ਵੀ ਸ਼ਾਮਲ ਹਨ ਜੋ ਹਰ ਧਰਮ ਵਿੱਚ ਖੂਬ ਗਿਣਤੀ ਵਿੱਚ ਪਾਏ ਜਾਂਦੇ ਹਨ।

ਇੱਕ ਪੁਰਾਤਨ ਯੂਨਾਨੀ ਕਥਾ ਮੁਤਾਬਕ ਫੀਨਿਕਸ ਇੱਕ ਅਜਿਹਾ ਪੰਛੀ ਹੁੰਦਾ ਹੈ ਜੋ ਪੰਜ ਸੌ ਸਾਲ ਦਾ ਜੀਵਨ ਕਾਲ ਭੋਗ ਕੇ ਆਪਣੇ ਅੰਤ ਸਮੇਂ ਖੁਦ ਹੀ ਅੱਗ ਪੈਦਾ ਕਰਕੇ ਖੁਦ ਨੂੰ ਉਸ ਵਿੱਚ ਭਸਮ ਕਰ ਲੈਂਦਾ ਹੈ। ਜਦੋਂ ਉਸਦੀ ਚਿਤਾ ਦੀ ਅੱਗ ਠੰਡੀ ਹੋ ਜਾਂਦੀ ਹੈ ਤਾਂ ਫੀਨਿਕਸ ਉਸੇ ਰਾਖ ਵਿੱਚੋਂ ਮੁੜ ਸੁਰਜੀਤ ਹੋ ਜਾਂਦਾ ਹੈ। ਕੀ ਕੋਰੋਨਾ ਵਾਇਰਸ ਵੱਲੋਂ ਮਾਰਿਆ ਧੱਕਾ ਸਥਾਪਿਤ ਪਾਦਰੀਪਣ ਨੂੰ ਕਮਜ਼ੋਰ ਕਰਨ ਵਿੱਚ ਕੋਈ ਰੋਲ ਅਦਾ ਕਰੇਗਾ ਜਾਂ ਪਾਦਰੀਪਣ ਮਿਥਿਹਾਸਕ ਫੀਨਿਕਸ ਪੰਛੀ ਵਾਂਗੂੰ ਫੇਰ ਮੁੜ ਸੁਰਜੀਤ ਹੋ ਜਾਵੇਗਾ?

## ਮੈਡੀਕਲ ਸਪਲਾਈ ਤੇ ਸਾਜ਼ੋ ਸਮਾਨ ਦੀ ਬਹੁਤੀ ਲੋੜ ਘਰੇਲੂ ਮਾਰਕਿਟ ਤੋਂ ਹੀ ਪੂਰੀ ਕਰਨ ਦਾ ਟਰੂਡੋ ਨੇ ਕੀਤਾ ਐਲਾਨ

...ਪੰਨਾ 1 ਦਾ ਬਾਕੀ

• ਕੈਨੇਡਾ ਦੇ ਨੋਬਲ ਪ੍ਰਾਈਜ਼ ਜੇਤੂ ਰਿਸਰਚਰ ਡਾ. ਆਰਟ ਮੈਕਡੌਨਲਡ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ ਜੋ ਕਿ ਨੈਸ਼ਨਲ ਲੈਬੌਰਟਰੀਜ਼ ਟਰਾਇੰਮਫ, ਕੈਨੇਡੀਅਨ ਨਿਊਕਲੀਅਰ ਲੈਬੌਰਟਰੀਜ਼ ਤੇ ਸਨੋਲੈਬ ਵਿੱਚ ਵਿਗਿਆਨੀਆਂ ਦੀ ਟੀਮ ਦੀ ਅਗਵਾਈ ਕਰ ਰਹੇ ਹਨ ਜਿਹੜੀ ਸੌਖੇ ਢੰਗ ਨਾਲ ਤਿਆਰ ਹੋਣ ਵਾਲੇ ਵੈਂਟੀਲੇਟਰਜ਼ ਲਈ ਲੋੜੀਂਦੇ ਪਾਰਟਸ ਵਿਕਸਤ ਕਰ ਰਹੀ ਹੈ। ਇਸ ਟੀਮ ਦਾ ਮੁੱਖ ਟੀਚਾ ਅਜਿਹੇ ਵੈਂਟੀਲੇਟਰ ਮਾਡਲ ਨੂੰ ਤਿਆਰ ਕਰਨਾ ਹੋਵੇਗਾ ਜਿਨ੍ਹਾਂ ਨੂੰ ਸੁਖਾਲੇ ਢੰਗ ਨਾਲ ਮੌਜੂਦਾ ਲੋੜਾਂ ਦੇ ਹਿਸਾਬ ਨਾਲ ਢਾਲਿਆ ਜਾ ਸਕੇ ਤੇ ਜੋ ਪੂਰੀ ਤਰ੍ਹਾਂ ਕੈਨੇਡਾ ਵਿੱਚ ਹੀ ਤਿਆਰ ਹੋਵੇ।

• ਅਜਿਹੇ ਨਿਵੇਕਲੇ ਬਦਲਵੇਂ ਮੈਟੀਰੀਅਲ ਦੀ ਵਰਤੋਂ ਨਾਲ ਮੈਡੀਕਲ ਗਾਊਨਜ਼ ਤਿਆਰ ਕਰਨਾ ਜਿਸ ਦੀ ਇਜਾਜ਼ਤ ਹੈਲਥ ਕੈਨੇਡਾ ਦੀ ਰੈਗੂਲੇਟਰੀ ਪ੍ਰਕਿਰਿਆ ਵੱਲੋਂ ਦਿੱਤੀ ਗਈ ਹੋਵੇ। ਸਟੈਨਫੀਲਡ ਲਿਮਟਿਡ ਵੱਲੋਂ ਇਸ ਮਕਸਦ ਲਈ ਇੰਟਰਟੇਪ ਪੌਲੀਮਰ ਗਰੁੱਪ ਵੱਲੋਂ ਤਿਆਰ ਫੈਬਰਿਕ ਦੀ ਵਰਤੋਂ ਕੀਤੀ ਜਾਵੇਗੀ। ਸਰਕਾਰ ਨੇ ਸਟੈਨਫੀਲਡ ਨਾਲ ਇੱਕ ਪਰਚੇਜ਼ ਆਰਡਰ ਉੱਤੇ ਸਾਈਨ ਕੀਤੇ ਹਨ, ਜਿਸ ਨਾਲ ਕੰਪਨੀ ਆਪਣੇ ਕੈਨੇਡੀਅਨ ਮੈਨੂਫੈਕਚਰਿੰਗ ਪਲੇਟਫਾਰਮ ਦੀ ਵਰਤੋਂ ਆਰਡਰ ਨੂੰ ਪੂਰਾ ਕਰਨ ਵਿੱਚ ਕਰੇਗੀ। ਇਸ ਤੋਂ ਇਲਾਵਾ ਸਰਕਾਰ ਨੇ ਰਵਾਇਤੀ ਤੌਰ ਉੱਤੇ ਏਅਰਬੈਗਜ਼ ਬਣਾਉਣ ਲਈ ਵਰਤੇ ਜਾਣ ਵਾਲੇ ਮੈਟੀਰੀਅਲ ਦੀ ਵਰਤੋਂ ਕਰ ਰਹੀ ਮੈਡੀਕਲ ਗਾਊਨ ਤਿਆਰ ਕਰਨ ਲਈ ਆਟੋਲਿਵ ਨਾਲ ਵੀ ਸਮਝੌਤਾ ਕੀਤਾ ਹੈ।

• ਨਵੇਂ ਕੈਨੇਡੀਅਨ ਸਰੋਤਾਂ ਤੋਂ ਮੈਡੀਕਲ ਗਾਊਨਜ਼ ਤਿਆਰ ਕਰਵਾਉਣ ਲਈ ਨਵੀਆਂ ਸਪਲਾਈ ਚੇਨਜ਼ ਕਾਇਮ ਕਰਨ ਤੇ ਉਨ੍ਹਾਂ ਨੂੰ ਸਹੇਜਣ ਦਾ ਨਵਾਂ ਉਪਰਾਲਾ ਵੀ ਕੈਨੇਡਾ ਸਰਕਾਰ ਵੱਲੋਂ ਕੀਤਾ ਗਿਆ ਹੈ।

• ਹੈਲਥ ਕੇਅਰ ਵਰਕਰਜ਼ ਦੀ ਹਿਫਾਜ਼ਤ ਲਈ ਮਾਸਕਸ ਖਰੀਦਣ ਤੇ ਤਿਆਰ ਕਰਨ ਵੱਲ ਵੀ ਸਰਕਾਰ ਉਚੇਚਾ ਧਿਆਨ ਦੇ ਰਹੀ ਹੈ। ਮੈਡੀਕੌਮ, ਸਰਗੋ ਸਰਜੀਕਲ ਸਪਲਾਈ ਤੇ ਬ੍ਰੀਦ ਮੈਡੀਕਲ ਵਰਗੀਆਂ ਵੱਖ ਵੱਖ ਕੰਪਨੀਆਂ ਤੋਂ ਸਰਕਾਰ ਮਿਲੀਅਨਜ਼ ਦੇ ਹਿਸਾਬ ਨਾਲ ਮਾਸਕਸ ਖਰੀਦ ਰਹੀ ਹੈ।

• ਫਲੂਅਡ ਐਨਰਜੀ ਗਰੁੱਪ ਲਿਮਟਿਡ ਤੇ ਇਰਵਿੰਗ ਆਇਲ ਸਮੇਤ ਕਈ ਕੈਨੇਡੀਅਨ ਕੰਪਨੀਆਂ ਤੋਂ ਸਰਕਾਰ ਹੈਂਡ ਸੈਨੇਟਾਈਜ਼ਰ ਖਰੀਦੇਗੀ। ਕਾਸਮੈਟਿਕ ਅਲਾਇੰਸ ਕੈਨੇਡਾ ਵੱਲੋਂ ਕੈਨੇਡੀਅਨ ਕੰਜ਼ਿਊਮਰ ਸਪੈਸ਼ਿਐਲਿਟੀ ਪ੍ਰੋਡਕਟਸ ਐਸੋਸਿਏਸ਼ਨ, ਸਪਿਰਿਟਜ਼ ਕੈਨੇਡਾ ਦੇ ਸਹਿਯੋਗ ਨਾਲ ਹੈਂਡ ਸੈਨੇਟਾਈਜ਼ਰ ਮੈਨੂਫੈਕਚਰਿੰਗ ਐਕਸਚੇਂਜ ਕਾਇਮ ਕੀਤੀ ਗਈ ਜਿਸ ਦਾ ਕੈਨੇਡਾ ਸਰਕਾਰ ਵੱਲੋਂ ਪੂਰਾ ਸਮਰਥਨ ਕੀਤਾ ਜਾ ਰਿਹਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸਬਸਿਡੀ ਬਿੱਲ ਪਾਸ ਕਰਨ ਲਈ ਸ਼ਨਿੱਚਰਵਾਰ ਨੂੰ ਹੋਵੇਗੀ ਪਾਰਲੀਆਮੈਂਟ ਦੀ ਇੱਕ ਹੋਰ ਸਿਟਿੰਗ

...ਪੰਨਾ 1 ਦਾ ਬਾਕੀ

ਕੰਜ਼ਰਵੇਟਿਵਾਂ ਨੇ ਇਸ ਦੂਜੇ ਬਿੱਲ ਨੂੰ ਪਹਿਲੇ ਬਿੱਲ ਵਿੱਚ ਸੁਧਾਰ ਕਰਨ ਵਾਲਾ ਬਿੱਲ ਦੱਸਿਆ ਹੈ ਜਦਕਿ ਲਿਬਰਲਾਂ ਦਾ ਕਹਿਣਾ ਹੈ ਕਿ ਇਹ ਬਿੱਲ ਸਾਡੀ ਜ਼ਿੰਦਗੀ ਦੇ ਸੱਭ ਤੋਂ ਵੱਡੇ ਆਰਥਿਕ ਮੇਯਰਜ਼ ਹੋਣਗੇ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਅਗਲੀ ਜਵਾਬਦੇਹੀ ਸਬੰਧੀ ਮਾਪਦੰਡਾਂ ਬਾਬਤ ਸਮਝੌਤੇ ਦੀਆਂ ਸ਼ਰਤਾਂ ਕੀ ਹੋਣਗੀਆਂ,ਜਿਨ੍ਹਾਂ ਬਾਰੇ ਆਖਿਆ ਜਾ ਰਿਹਾ ਹੈ ਕਿ ਇਹ ਅਜੇ ਵੀ ਚੱਲ ਰਹੀ ਗੱਲਬਾਤ ਦਾ ਹਿੱਸਾ ਹਨ।

ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਉਹ ਕੈਨੇਡੀਅਨ ਕਾਰੋਬਾਰਾਂ ਨੂੰ ਬਚਾਉਣ ਲਈ ਕੀਤੀ ਜਾਣ ਵਾਲੀ ਮਦਦ ਦੀਆਂ ਹਮਾਇਤੀ ਹਨ ਪਰ ਉਨ੍ਹਾਂ ਵੱਲੋਂ ਸਰਕਾਰ ਉੱਤੇ ਵਾਧੂ ਇੰਟੈਰਿਮ ਅਸਿਸਟੈਂਸ ਮੇਯਰਜ਼ ਚੁੱਕਣ ਲਈ ਦਬਾਅ ਪਾਇਆ ਜਾ ਰਿਹਾ ਹੈ। ਅਹੁਦਾ ਛੱਡ ਰਹੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ ਹਾਊਸ ਆਫ ਕਾਮਨਜ਼ ਦੀਆਂ ਇਨ-ਪਰਸਨ ਸਿਟਿੰਗਜ਼ ਲਈ ਦਬਾਅ ਪਾਇਆ ਜਾ ਰਿਹਾ ਹੈ, ਜਿੱਥੇ ਵਿਰੋਧੀ ਧਿਰਾਂ ਐਮਪੀਜ਼ ਦੀ ਸੀਮਤ ਗਿਣਤੀ ਨਾਲ ਘੱਟ ਗਿਣਤੀ ਲਿਬਰਲਾਂ ਨੂੰ ਸਵਾਲ ਪੁੱਛ ਸਕਣਗੀਆਂ।

## ਟੋਰਾਂਟੋ ਵਿੱਚ ਕੋਵਿਡ-19 ਦੇ 199 ਨਵੇਂ ਮਾਮਲੇ ਆਏ ਸਾਹਮਣੇ, ਪੰਜ ਮੌਤਾਂ ਦੀ ਪੁਸ਼ਟੀ

...ਪੰਨਾ 1 ਦਾ ਬਾਕੀ

ਕੋਵਿਡ-19 ਦੌਰਾਨ ਸਿਟੀ ਵੱਲੋਂ ਰੈਜ਼ੀਡੈਂਟਸ ਦੇ ਸਮਰਥਨ ਲਈ ਨਵੀਂ ਮੈਂਟਲ ਹੈਲਥ ਸਟਰੈਟੇਜੀ ਦਾ ਖੁਲਾਸਾ ਵੀ ਕੀਤਾ ਗਿਆ। ਮੇਅਰ ਜੌਹਨ ਟੋਰੀ ਨੇ ਵੀਰਵਾਰ ਨੂੰ ਆਖਿਆ ਕਿ ਉਹ ਜਾਣਦੇ ਹਨ ਕਿ ਬਹੁਤੇ ਲੋਕ ਖੁਦ ਨੂੰ ਇੱਕਲਾ, ਅਲੱਗ ਥਲੱਗ, ਦੂਜਿਆਂ ਤੋਂ ਟੁੱਟਿਆ ਹੋਇਆ ਮਹਿਸੂਸ ਕਰਦੇ ਹਨ। ਇਸੇ ਲਈ ਇਹ ਪਹਿਲਕਦਮੀ ਕੀਤੀ ਗਈ ਹੈ। ਜਿਹੜੇ ਲੋਕ ਇਸ ਸੇਵਾ ਦੀ ਵਰਤੋਂ ਕਰਨੀ ਚਾਹੁੰਦੇ ਹਨ ਉਹ 211 ਉੱਤੇ ਕਾਲ ਕਰ ਸਕਦੇ ਹਨ ਜਾਂ ਸੱਤ ਪ੍ਰਾਇਮਰੀ ਮੈਂਟਲ ਹੈਲਥ ਸਰਵਿਸ ਪਾਰਟਨਰਜ਼ ਵਿੱਚੋਂ ਇੱਕ ਨਾਲ ਗੱਲ ਕਰਨ ਲਈ ਵੈੱਬਸਾਈਟ ਉੱਤੇ ਵੀ ਜਾ ਸਕਦੇ ਹਨ।




## ਕੋਰੋਨਾ ਦਾ ਕਹਿਰ: ਫਰਾਂਸ ਵਿੱਚ ਇੱਕੋ ਦਿਨ ਵਿੱਚ 1300 ਤੋਂ ਵੱਧ ਮੌਤਾਂ

ਪੈਰਿਸ, 10 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਸਭ ਤੋਂ ਵੱਧ ਕਹਿਰ ਯੂਰਪ ਤੇ ਅਮਰੀਕਾ ਵਿਚ ਦੇਖਣ ਨੂੰ ਮਿਲ ਰਿਹਾ ਹੈ। ਯੂਰਪ ਵਿੱਚ ਵੀਰਵਾਰ ਦੇ ਇਕੋ ਦਿਨ ਫਰਾਂਸ ਵਿਚ 1,341 ਲੋਕਾਂ ਦੀ ਮੌਤ ਦਰਜ ਕੀਤੀ ਗਈ ਅਤੇ 4,799 ਵਾਇਰਸ ਦੇ ਨਵੇਂ ਕੇਸ ਪਤਾ ਲੱਗੇ ਹਨ। ਇਸ ਮਹੀਨੇ ਫਰਾਂਸ ਵਿੱਚ ਲਗਾਤਾਰ ਤੀਜੀ ਵਾਰ 1300 ਤੋਂ ਵੱਧ ਮੌਤਾਂ ਇੱਕੋ ਦਿਨ ਹੋਈਆਂ ਹਨ ਅਤੇ ਮੌਤਾਂ ਦਾ ਕੁੱਲ ਅੰਕੜਾ ਵਧਦਾ ਜਾ ਰਿਹਾ ਹੈ। ਭਾਰਤ ਵਿੱਚ ਸ਼ੁੱਕਰਵਾਰ ਦੀ ਸਵੇਰ ਹੋਣ ਤੱਕ ਫਰਾਂਸ ਵਿਚ ਕੋਰੋਨਾ ਵਾਇਰਸ ਨਾਲ 12,210 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 1,17,749 ਲੋਕ ਪ੍ਰਭਾਵਤ ਹੋ ਚੁੱਕੇ ਹਨ, ਜਿਨ੍ਹਾਂ ਵਿਚੋਂ 23,206 ਨੂੰ ਰਿਕਵਰ ਕੀਤਾ ਜਾ ਚੁੱਕਾ ਹੈ।

ਇਟਲੀ ਵਿਚ ਵੀਰਵਾਰ ਨੂੰ 4,204 ਨਵੇਂ ਕੇਸ ਪਤਾ ਲੱਗੇ ਹਨ, ਪਰ ਚੰਗੀ ਖਬਰ ਇਹ ਹੈ ਕਿ ਬੀਤੇ ਦਿਨਾਂ ਨਾਲੋਂ ਏਥੇ ਕੋਰੋਨਾ ਮਰੀਜ਼ਾਂ ਦੇ ਠੀਕ ਹੋਣ ਦੀ ਗਿਣਤੀ ਵਧ ਰਹੀ ਹੈ। ਇਸ ਦੇਸ਼ ਵਿਚ 1,43,626 ਪਾਜ਼ੇਟਿਵ ਕੇਸ ਪਤਾ ਲੱਗੇ ਹਨ, ਜਿਨ੍ਹਾਂ ਵਿਚੋਂ 28,470 ਠੀਕ ਹੋਏ ਅਤੇ 18,279 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਟਲੀ ਵਿੱਚ ਇਹ ਕੰਟਰੋਲ ਹੋਣ ਤੱਕ 100 ਤੋਂ ਵੱਧ ਡਾਕਟਰਾਂ ਅਤੇ 30 ਨਰਸਾਂ ਦੀ ਮੌਤ ਵੀ ਹੋ ਚੁੱਕੀ ਹੈ। ਬ੍ਰਿਟੇਨ ਨੇ ਵੀਰਵਾਰ ਨੂੰ ਕੋਰੋਨਾ 881 ਹੋਰ ਲੋਕਾਂ ਦੀ ਮੌਤ ਹੋ ਗਈ ਅਤੇ ਮੌਤਾਂ ਦੀ ਕੁੱਲ ਗਿਣਤੀ 7978 ਹੋ ਗਈ ਹੈ। ਬੀਤੀ 6 ਅਪ੍ਰੈਲ ਤੋਂ ਬਾਅਦ ਬ੍ਰਿਟੇਨ ਵਿਚ ਮੌਤਾਂ ਦਾ ਅੰਕੜਾ ਲਗਾਤਾਰ ਵਧਦਾ ਗਿਆ ਹੈ। ਸਪੇਨ ਵਿੱਚ ਇਸ ਦੌਰਾਨ 655 ਹੋਰ ਲੋਕਾਂ ਦੀ ਮੌਤ ਨਾਲ ਕੁਲ ਮੌਤਾਂ ਦੀ ਗਿਣਤੀ 15,447 ਹੋ ਗਈ ਅਤੇ ਇਸ ਰੋਗ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਵੀ 1,53,22 ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ 52,165 ਠੀਕ ਹੋ ਚੁੱਕੇ ਹਨ।

ਪਾਕਿਸਤਾਨ ਵਿਚ ਕੋਰੋਨਾ ਦੇ ਕੇਸ ਵਧ ਕੇ 4489 ਹੋ ਗਏ ਹਨ। ਦੇਸ਼ ਵਿੱਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਦੇ 208 ਨਵੇਂ ਕੇਸ ਪਤਾ ਲੱਗੇ ਹਨ। ਪਿਛਲੇ 24 ਘੰਟਿਆਂ ਵਿਚ ਕੋਰੋਨਾ ਤੋਂ ਪੀੜਤ ਚਾਰ ਹੋਰ ਲੋਕਾਂ ਦੀ ਮੌਤ ਹੋਣ ਨਾਲ ਮਰਨ ਵਾਲਿਆਂ ਦੀ ਗਿਣਤੀ 65 ਹੋ ਗਈ, ਪਰ 572 ਮਰੀਜ਼ ਠੀਕ ਵੀ ਹੋਏ ਹਨ।










## ਵੇਅਰਹਾਊਸ ਵਰਕਰਜ਼ ਸੈਂਟਰ ਕੋਵਿਡ-19 ਸੰਕਟ ਦੇ ਵਿਚਕਾਰ ਵੇਅਰਹਾਊਸਕਰਮਚਾਰੀਆਂ ਲਈ ਪੂਰੀ ਸੁਰੱਖਿਆ ਦੀ ਮੰਗ ਕਰਦਾ ਹੈ

30 ਮਾਰਚ, 2020 ਨੂੰ, ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਐਮਰਜੈਂਸੀ ਘੋਸ਼ਣਾ ਨੂੰ ਹੋਰ ਦੋ ਹਫ਼ਤਿਆਂ ਲਈ ਵਧਾ ਦਿੱਤਾ ਕਿਉਂਕਿ ਸੂਬੇ ਵਿਚ ਨਵੇਂ ਕੇਸਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਗਲੇ ਕੁਝ ਹਫ਼ਤਿਆਂ ਵਿਚ ਕੋਵੀਡ -19 ਵਿਰੁੱਧ ਫੈਲ ਰਿਹਾ ਸੰਘਰਸ਼ "ਬਹੁਤ ਗੰਭੀਰ" ਹੋਵੇਗਾ ਕਿਉਂਕਿ ਮਰੀਜ਼ ਵਿਚ ਵੱਡਾ ਵਾਧਾ ਸੂਬੇ ਨੂੰ ਮੈਡੀਕਲ ਉਪਕਰਣਾਂ ਦੀ ਘਾਟ ਵਿਚ ਛੱਡ ਦੇਵੇਗਾ।

ਇਸ ਸੰਕਟ ਦੇ ਵਿਚਕਾਰ, ਸਾਡੇ ਕੋਲ ਕਨੈਡਾ ਨੂੰ ਕਾਰਜਸ਼ੀਲ ਰੱਖਣ ਲਈ ਲੋੜੀਂਦੀ ਕਰਮਚਾਰੀ ਕਾਰਜਸ਼ੀਲ ਹਨ। ਜ਼ਰੂਰੀ ਕਾਮੇ ਜੀਵਨ, ਸਿਹਤ ਅਤੇ ਬੁਨਿਆਦੀ ਸਮਾਜਕ ਕਾਰਜਾਂ ਨੂੰ ਸੁਰੱਖਿਅਤ ਰੱਖਣ ਲਈ ਮਹੱਤਵਪੂਰਨ ਮੰਨੇ ਜਾਂਦੇ ਹਨ। ਬਹੁਤ ਸਾਰੇ ਕਰਮਚਾਰੀਆਂ ਨੂੰ ਘਰ ਰਹਿਣ ਲਈ ਕਿਹਾ ਗਿਆ ਹੈ ਜਦੋਂ ਕਿ ਦੂਜਿਆਂ ਨੂੰ ਘਰ ਤੋਂ ਕੰਮ ਕਰਨ ਲਈ ਕਿਹਾ ਗਿਆ ਹੈ। ਪਰ ਬਹੁਤ ਸਾਰੇ ਕਾਮਿਆਂ ਲਈ, ਖ਼ਾਸਕਰ ਵੇਅਰਹਾਊਸਿੰਗ ਅਤੇ ਲੌਜਿਸਟਿਕਸ ਖੇਤਰ ਵਿੱਚ, ਘਰ ਤੋਂ ਕੰਮ ਕਰਨਾ ਇੱਕ ਵਿਕਲਪ ਨਹੀਂ ਹੈ। ਵੇਅਰਹਾਊਸ ਵਰਕਰ ਸੈਂਟਰ ਨੂੰ ਇਹ ਅਹਿਸਾਸ ਹੋਇਆ ਹੈ ਕਿ ਗੋਦਾਮ ਕਰਮਚਾਰੀ ਸਮਾਜ ਵਿਚ ਸਭ ਤੋਂ ਕਮਜ਼ੋਰ ਲੋਕਾਂ ਦੀਆਂ ਮੰਗਾਂ ਪੂਰੀਆਂ ਕਰਨ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰ ਰਹੇ ਹਨ।

ਬਹੁਤ ਸਾਰੇ ਕਾਮੇ ਮਹਿਸੂਸ ਕਰਦੇ ਹਨਕਿ ਉਹ ਕੰਮ ਤੇ ਜਾ ਕੇ ਆਪਣੀ ਜਾਨ ਨੂੰ ਜੋਖਮ ਵਿੱਚ ਪਾ ਰਹੇ ਹਨ ਅਤੇ ਥਾਂ-ਥਾਂ'ਤੇ ਕੋਈ ਸਫਾਈ ਜਾਂ ਸੁਰੱਖਿਆ ਪ੍ਰੋਟੋਕੋਲ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਕੁਝ ਕੰਪਨੀਆਂ ਕਰਮਚਾਰੀਆਂ ਨੂੰ ਸੁਰੱਖਿਆ ਉਪਕਰਣਾਂ ਜਿਵੇਂ ਦਸਤਾਨੇ ਜਾਂ ਮਾਸਕ ਪ੍ਰਦਾਨ ਨਹੀਂ ਕਰਦੀਆਂ। ਅਸੀਂ ਵਿਸ਼ਵਵਿਆਪੀ ਤੌਰ 'ਤੇ ਇਨ੍ਹਾਂ ਸੁਰੱਖਿਆ ਸਪਲਾਈਆਂ ਦੀ ਘਾਟ ਵੇਖ ਰਹੇ ਹਾਂ। ਬਹੁਤੇ ਗੋਦਾਮ ਵਿੱਚ50 ਤੋਂ ਸੈਂਕੜੇ ਕਾਮੇ ਕੰਮ ਕਰਦੇ ਹਨ ਜੋ ਇੱਕੋ ਛੱਤ ਹੇਠ ਕੰਮ ਕਰਦੇ ਹਨ, ਜਿਸ ਨਾਲ ਸਮਾਜਿਕ ਦੂਰੀਆਂ ਵਰਗੇ ਸੁਰੱਖਿਆ ਪ੍ਰੋਟੋਕੋਲ ਨੂੰ ਉਤਸ਼ਾਹਤ ਕਰਨਾ ਇੱਕ ਚੁਣੌਤੀ ਬਣ ਜਾਂਦਾ ਹੈ।

ਅਸੀਂ ਵੇਅਰਹਾਊਸ ਵਰਕਰ ਸੈਂਟਰ ਸਮਝਦੇ ਹਾਂ ਕਿ ਕਾਮਿਆਂ ਨੂੰ ਸੁਰੱਖਿਆ ਦੀ ਜ਼ਰੂਰਤ ਹੈ। ਉਹ ਸਮਾਜ ਦੀਆਂ ਜਰੂਰਤਾਂ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ - ਪਰ ਉਨ੍ਹਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਡੱਗ ਫੋਰਡ ਅਤੇ ਸੂਬਾਈ ਸਰਕਾਰ ਨੂੰ ਗੋਦਾਮ ਕਰਮਚਾਰੀਆਂ ਦੀ ਸੁਰੱਖਿਆ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਮਾਲਕ ਲਾਜ਼ਮੀ ਤੌਰ 'ਤੇ ਕਰਮਚਾਰੀਆਂ ਨੂੰ ਸੁਰੱਖਿਆ ਉਪਕਰਣ ਪ੍ਰਦਾਨ ਕਰਦੇ ਹਨ ਤਾਂ ਜੋ ਉਹ ਸੁਰੱਖਿਅਤ ਤਰੀਕੇ ਨਾਲ ਕੰਮ ਕਰ ਸਕਣ। ਕੰਪਨੀਆਂ ਨੂੰ ਸਮਾਜਿਕ ਦੂਰੀਆਂ ਵਾਲੇ ਪ੍ਰੋਟੋਕੋਲ ਦੀ ਪਾਲਣਾ ਕਰਨ ਲਈ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ। ਜੇ ਉਹ ਜਾਂ ਉਨ੍ਹਾਂ ਦੇ ਪਰਿਵਾਰ ਕਮਜ਼ੋਰ ਹਨ ਜਾਂ ਚੰਗਾ ਨਹੀਂ ਮਹਿਸੂਸ ਕਰ ਰਹੇ ਹਨ ਤਾਂ ਮਜ਼ਦੂਰਾਂ ਨੂੰ ਭੁਗਤਾਨ ਕੀਤੀ ਬਿਮਾਰ ਛੁੱਟੀ ਜ਼ਰੂਰੀ ਹੈ।

ਉਸੇ ਸਮੇਂ, ਅਸੀਂ ਕਾਮਿਆਂ ਨੂੰ ਸਹੀ ਜਾਣਕਾਰੀ ਪ੍ਰਦਾਨ ਕਰਨ ਦੀ ਜ਼ਰੂਰਤ ਨੂੰ ਸਮਝਦੇ ਹਾਂ ਤਾਂ ਜੋ ਉਹ ਆਪਣੀ ਅਤੇ ਆਪਣੇ ਸਹਿ-ਕਰਮਚਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕਣ। ਕਾਮਿਆਂ ਨੂੰ ਇਸ ਬਾਰੇ ਜਾਗਰੂਕ ਕਰਨ ਦੀ ਜ਼ਰੂਰਤ ਹੈ ਕਿ ਉਹ ਕਿਵੇਂ ਕੰਮ ਵਾਲੀ ਥਾਂ ਤੇ ਆਪਣੀ ਰੱਖਿਆ ਕਰ ਸਕਦੇ ਹਨ।

ਵਰਕਰ ਦੇ ਹੱਕ ਦੀ ਵਕਾਲਤ ਕਰਨ ਦੀ ਸਾਡੀ ਪਹਿਲ ਦੇ ਹਿੱਸੇ ਵਜੋਂ, ਵੇਅਰਹਾਊਸ ਵਰਕਰਜ਼ ਸੈਂਟਰ ਨੇ ਵਰਕਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਣਕਾਰੀ ਦੇਣ ਅਤੇ ਹੋਰ ਸਹਾਇਤਾ ਪ੍ਰਦਾਨ ਕਰਨ ਵਿੱਚ ਸਹਾਇਤਾ ਲਈ ਮੁਫਤ ਵੈਬਿਨਾਰ ਲਗਾਏ ਹਨ। ਵੈਬਿਨਾਰਸ ਸਾਨੂੰ ਉਹਨਾਂ ਨੂੰ ਇੱਕ ਵਰਚੁਅਲ ਸੈਟਿੰਗ ਦੁਆਰਾ ਜਰੂਰੀ ਜਾਣਕਾਰੀ ਪ੍ਰਦਾਨ ਕਰਨ ਦਾ ਮੌਕਾ ਦਿੰਦੇ ਹਨ।

ਬਹੁਤ ਸਾਰੇ ਲੋਕ ਕੰਮ ਤੇ ਜਾਣ ਤੋਂ ਇਨਕਾਰ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਵਾਇਰਸ ਦਾ ਸੰਕਰਮਣ ਦਾ ਜੋਖਮ ਮਹਿਸੂਸ ਹੋ ਸਕਦਾ ਹੈ। ਹਾਲ ਹੀ ਵਿੱਚ, ਓਨਟਾਰੀਓ ਸਰਕਾਰ ਨੇ ਇੱਕ ਐਮਰਜੈਂਸੀ ਆਦੇਸ਼ ਦਾ ਐਲਾਨ ਕੀਤਾ ਹੈ ਜਿਸ ਵਿੱਚ 5 ਤੋਂ ਵੱਧ ਵਿਅਕਤੀਆਂ ਦੇ ਇਕੱਠਾਂ ਤੇ ਪਾਬੰਦੀ ਹੈ, ਇਸ ਲਈ ਅਸੀਂ ਵਰਚੁਅਲ ਵੈਬਿਨਾਰਾਂ ਰਾਹੀਂ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਪਿਛਲੇ ਹਫ਼ਤੇ ਦੇ ਵੈਬਿਨਾਰਾਂ ਵਿਚ ਚਰਚਾ ਦਾ ਵਿਸ਼ਾ "ਅਸੁਰੱਖਿਅਤ ਕੰਮ ਤੋਂ ਇਨਕਾਰ ਕਰਨ ਦਾ ਅਧਿਕਾਰ"ਸੀ ਜਿਥੇ "ਕੈਵਲਜੂਜੋ ਲਾਅ ਫਰਮ"ਦੇ ਵਕੀਲਾਂ ਨੇ ਪੇਸ਼ਕਾਰੀ ਕੀਤੀ। ਪੇਸ਼ਕਾਰੀ ਲਈ ਸ਼ਾਮਲ ਕੀਤੇ ਗਏ ਵਿਸ਼ੇ ਸਨ "ਕੋਵਡ -19 ਅਤੇ ਇਨਕਾਰ ਦਾ ਹੱਕ" ਅਤੇ "ਰਿਹਾਇਸ਼"। ਭਾਗੀਦਾਰਾਂ ਕੋਲ ਉਨ੍ਹਾਂ ਦੀਆਂ ਕੰਮਕਾਜੀ ਸਥਿਤੀਆਂ ਅਤੇ ਇਸ ਸੰਕਟ ਦੇ ਵਿਚਕਾਰ ਅਸੁਰੱਖਿਅਤ ਕੰਮ ਤੋਂ ਇਨਕਾਰ ਕਰਨ ਦੇ ਅਧਿਕਾਰ ਦੀ ਵਰਤੋਂ ਕਿਵੇਂ ਹੋ ਸਕਦੀ ਹੈ ਇਸ ਨਾਲ ਜੁੜੇ ਬਹੁਤ ਸਾਰੇ ਪ੍ਰਸ਼ਨ ਸਨ। ਕਾਮੇ ਕਿਵੇਂ ਮਾਲਕ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ ਦਬਾ ਸਕਦੇ ਹਨ।

ਸੁਰੱਖਿਆ ਪ੍ਰੋਟੋਕੋਲ, ਅਤੇ ਕਰਮਚਾਰੀ ਆਪਣੇ ਪਰਿਵਾਰਾਂ ਦੀ ਸਹਾਇਤਾ ਲਈ ਕਿਹੜੀਆਂ ਸਹੂਲਤਾਂ ਭਾਲ ਸਕਦੇ ਹਨ। ਵਕੀਲਾਂ ਨੇ ਪ੍ਰਸ਼ਨਾਂ ਦੇ ਉੱਤਰ ਆਪਣੀ ਕਾਬਲੀਅਤ ਦੇ ਅਨੁਸਾਰ ਦਿੱਤੇ। ਵੇਅਰਹਾਊਸ ਵਰਕਰਜ਼ ਸੈਂਟਰ ਕੈਵਲੁਜ਼ੋ ਲਾਅ ਫਰਮ ਦੇ ਵਕੀਲਾਂ ਨਾਲ ਮੈਂਬਰਾਂ ਲਈ ਉਹਨਾਂ ਦੇ ਖਾਸ ਕੇਸ ਬਾਰੇ ਵਿਸਥਾਰ ਵਿੱਚ ਵਿਚਾਰ ਕਰਨ ਲਈ ਮੁਫਤ ਫੋਨ ਸਲਾਹ-ਮਸ਼ਵਰੇ ਦਾ ਪ੍ਰਬੰਧ ਕਰਨ ਲਈ ਵੀ ਤਿਆਰ ਹੈ।

ਨਾਲ ਹੀ, ਇਸ ਹਫਤੇ ਅਸੀਂ ਇਕ ਹੋਰ ਵੈਬਿਨਾਰ ਕੀਤਾ: "ਈਆਈ ਲਾਭਾਂ ਲਈ ਅਰਜ਼ੀ ਕਿਵੇਂ ਦੇਈਏ". "ਬੱਚਿਆਂ ਦੀ ਦੇਖਭਾਲ ਜਾਂ ਬਜ਼ੁਰਗ ਦੇਖਭਾਲ ਦੇ ਮੁੱਦਿਆਂ ਕਾਰਨ ਵੱਡੀ ਗਿਣਤੀ ਵਿਚ ਲੋਕ ਕੰਮ ਤੇ ਜਾਣ ਜਾਂ ਅਸਮਰੱਥ ਹੋ ਗਏ ਹਨ। ਇਨ੍ਹਾਂ ਕਰਮਚਾਰੀਆਂ ਕੋਲ ਆਮਦਨੀ ਦਾ ਕੋਈ ਸਰੋਤ ਨਹੀਂ ਹੈ, ਉਹ ਉਹਨਾਂ ਲਾਭਾਂ ਲਈ ਦਰਖਾਸਤ ਦੇ ਸਕਦੇ ਹਨ ਜੋ ਕਨੈਡਾ ਸਰਕਾਰ ਪੇਸ਼ ਕਰ ਰਹੀ ਹੈ। ਅਸੀਂ ਅਰਜ਼ੀ ਕਿਵੇਂ ਦੇਣੀ ਹੈ,ਕਿਹੜੇ ਲਾਭ ਉਪਲਬਧ ਹਨ ਅਤੇ ਕੌਣ ਯੋਗ ਹੈ ਬਾਰੇਅਸੀਂ ਜਾਣਕਾਰੀ ਦਿੱਤੀ। ਭਾਗੀਦਾਰਾਂ ਨੂੰ ਪ੍ਰਸ਼ਨ ਪੁੱਛਣ ਲਈ ਕਿਹਾ ਗਿਆ ਅਤੇ ਅਸੀਂ ਉਨ੍ਹਾਂਦੇ ਪ੍ਰਸ਼ਨਾਂ ਦਾ ਉੱਤਰ ਆਪਣੀ ਕਾਬਲੀਅਤ ਅਤੇ ਯੋਗਤਾਵਾਂ ਦੇ ਅਨੁਸਾਰ ਦਿੱਤੇ।

ਅਸੀਂ ਇਹ ਚੁਣੌਤੀਪੂਰਨ ਸਮੇਂ ਨੂੰ ਸਮਝਦੇ ਹਾਂ, ਪਰ ਅਸੀਂ ਚਾਹੁੰਦੇ ਹਾਂ ਕਿ ਸਮਾਜ ਇਹ ਜਾਣੇ ਕਿ ਵੇਅਰਹਾਊਸ ਵਰਕਰ ਸੈਂਟਰ ਉਥੇ ਲੋੜੀਂਦਾ ਸਹਾਇਤਾ ਪ੍ਰਦਾਨ ਕਰਨ ਲਈ ਹੈ। ਸਾਡੇ ਨਾਲ ਮੁਫ਼ਤ ਸਲਾਹ ਲਈ ਸੰਪਰਕ ਕਰੋ info@warehouseworkers.ca ਜਾਂ 289-464-1617.









# ਲਾਕਡਾਊਨ ਦੇ ਅਣਕਿਆਸੇ ਅਸਰ

-ਵਿਵੇਕ ਕੌਲ-

ਮੁਲਕ ਵਿੱਚ 14 ਅਪ੍ਰੈਲ ਤੱਕ ਲਾਕਡਾਊਨ ਲਾਗੂ ਹੈ। ਇਸ ਦੇ ਪਿੱਛੇ ਉਦੇਸ਼ ਕੋਰੋਨਾ ਵਾਇਰਸ ਤੋਂ ਉਪਜੀ ਬਿਮਾਰੀ ਕੋਵਿਡ-19 ਨੂੰ ਫੈਲਣ ਤੋਂ ਰੋਕਣਾ ਹੈ। ਮਹਾਮਾਰੀ ਦੇ ਸਿਧਾਂਤ ਨੂੰ ਉਸ ਦੇ ਰੀਪ੍ਰੋਡਕਸ਼ਨ ਨੰਬਰ ਅਰਥਾਤ ਜਣੇਪੇ ਸੰਖਿਆ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਐਡਮ ਕੁਚਾਰਸਿਕ ਨੇ ਆਪਣੀ ਪੁਸਤਕ 'ਦਿ ਰੂਲ ਆਫ ਕੰਟਾਜਨ' ਵਿੱਚ ਲਿਖਿਆ ਹੈ ਕਿ ਜਣੇਪਾ ਸੰਖਿਆ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਇਨਫੈਕਸ਼ਨ ਤੋਂ ਪੀੜਤ ਵਿਅਕਤੀ ਔਸਤਨ ਕਿੰਨੇ ਲੋਕਾਂ ਵਿੱਚ ਇਨਫੈਕਸ਼ਨ ਫੈਲਾਏਗਾ? ਕਿਸੇ ਵੀ ਮਹਾਮਾਰੀ ਨੂੰ ਰੋਕਣ ਲਈ ਜ਼ਰੂਰੀ ਹੁੰਦਾ ਹੈ ਕਿ ਜਣੇਪਾ ਸੰਖਿਆ 'ਤੇ ਕਾਬੂ ਪਾਇਆ ਜਾਵੇ। ਕਾਬੂ ਪਾਉਣ ਦਾ ਇਹ ਕੰਮ ਲੋਕਾਂ ਦੇ ਟੀਕਾਕਰਨ ਤੇ ਨਾਲ ਉਨ੍ਹਾਂ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾ ਕੇ ਕੀਤਾ ਜਾ ਸਕਦਾ ਹੈ ਪਰ ਤ੍ਰਾਸਦੀ ਇਹ ਹੈ ਕਿ ਕੋਰੋਨਾ ਵਾਇਰਸ ਤੋਂ ਉਪਜੀ ਮਹਾਮਾਰੀ ਦੇ ਲਈ ਅਜੇ ਤੱਕ ਕਿਸੇ ਵੀ ਤਰ੍ਹਾਂ ਦਾ ਟੀਕਾ ਨਹੀਂ ਬਣ ਸਕਿਆ। ਇਸ ਦੇ ਬਣਨ ਵਿੱਚ ਅਜੇ ਵਕਤ ਲੱਗੇਗਾ, ਇਸ ਲਈ ਇਸ ਮਹਾਮਾਰੀ ਨੂੰ ਵਧਣ ਤੋਂ ਰੋਕਣ ਲਈ ਫ਼ਿਲਹਾਲ ਇੱਕ ਹੀ ਤਰੀਕਾ ਹੈ ਫਿਜ਼ੀਕਲ ਡਿਸਟੈਂਸਿੰਗ। ਭਾਰਤ ਦੀ ਤਰ੍ਹਾਂ ਦੁਨੀਆ ਦੇ ਹੋਰ ਅਨੇਕਾਂ ਦੇਸ਼ਾਂ ਵਿੱਚ ਲਾਕਡਾਊਨ ਦਾ ਹੀ ਜ਼ਰੀਆ ਚੁਣਿਆ ਗਿਆ ਹੈ।

ਅੱਜ ਦੇ ਹਾਲਾਤ ਵਿੱਚ ਇਹ ਪੂਰੀ ਤਰ੍ਹਾਂ ਤਰਕ ਪੂਰਨ ਲੱਗਦਾ ਹੈ, ਪਰ ਫਰਾਂਸੀਸੀ ਅਰਥ ਸ਼ਾਸਤਰੀ ਫਰੈਡਰਿਕ ਬਾਸਿਟਯਾਟ ਨੇ ਲਿਖਿਆ ਹੈ ਕਿ ਅਰਥਚਾਰੇ ਹੇਠ ਇੱਕ ਐਕਟ, ਇੱਕ ਆਦਤ, ਇੱਕ ਕਾਨੂੰਨ ਕੇਵਲ ਇਕਤਰਫਾ ਪ੍ਰਭਾਵ ਨੂੰ ਜਨਮ ਨਹੀਂ ਦਿੰਦੇ, ਬਲਕਿ ਪ੍ਰਭਾਵਾਂ ਦੀ ਪੂਰੀ ਲੜੀ ਨੂੰ ਜਨਮ ਦਿੰਦੇ ਹਨ। ਇਨ੍ਹਾਂ ਪ੍ਰਭਾਵਾਂ ਵਿੱਚੋਂ ਕੁਝ ਤਤਕਾਲ ਪ੍ਰਗਟ ਹੋਣ ਕਾਰਨ ਸਪੱਸ਼ਟ ਦਿਖਾਈ ਦਿੰਦੇ ਹਨ, ਬਾਕੀ ਪ੍ਰਭਾਵ ਅਦ੍ਰਿਸ਼ ਜਿਹੇ ਰਹਿੰਦੇ ਹਨ। ਉਹ ਦਿਖਾਈ ਨਹੀਂ ਦਿੰਦੇ ਪਰ ਉਨ੍ਹਾਂ ਦੇ ਪ੍ਰਭਾਵ ਅਸਰਦਾਰ ਹੁੰਦੇ ਹਨ। ਬਾਸਿਟਯਾਟ ਲਿਖਦੇ ਹਨ ਕਿ ਇੱਕ ਚੰਗੇ ਤੇ ਬੁਰੇ ਅਰਥ-ਸ਼ਾਸਤਰੀ ਵਿਚਾਲੇ ਇੱਕ ਖ਼ਾਸ ਅੰਤਰ ਹੁੰਦਾ ਹੈ। ਇੱਕ ਕੇਵਲ ਦਿਸਣ ਵਾਲੇ ਪ੍ਰਭਾਵ 'ਤੇ ਨਜ਼ਰ ਰੱਖਦਾ ਹੈ ਜਦ ਕਿ ਦੂਜਾ ਉਨ੍ਹਾਂ ਅਣਦੇਖੇ ਪ੍ਰਭਾਵਾਂ 'ਤੇ ਵੀ ਨਜ਼ਰ ਰੱਖਦਾ ਹੈ ਜਿਨ੍ਹਾਂ ਦਾ ਪੂਰਵ-ਅਨੁਮਾਨ ਲਗਾਉਣਾ ਜ਼ਰੂਰੀ ਹੁੰਦਾ ਹੈ।


ਲਾਕਡਾਊਨ ਦਾ ਭਾਰਤੀ ਅਰਥਚਾਰੇ 'ਤੇ ਕਾਫ਼ੀ ਨਾਂਹ-ਪੱਖੀ ਅਸਰ ਪੈ ਰਿਹਾ ਹੈ। ਇਸ ਸਿੱਧੇ ਦਿਸਣ ਵਾਲੇ ਨਾਂਹ-ਪੱਖੀ ਅਸਰ ਤੋਂ ਸਰਕਾਰ ਵਾਕਿਫ ਹੈ। ਸਰਕਾਰ ਨੇ ਇਸ ਨਾਂਹ-ਪੱਖੀ ਪ੍ਰਭਾਵ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਵੱਲੋਂ ਮਹਿਲਾ ਜਨ-ਧਨ ਖਾਤਾਧਾਰਕਾਂ ਦੇ ਖਾਤਿਆਂ ਵਿੱਚ ਪੈਸੇ ਜਮ੍ਹਾ ਕੀਤੇ ਜਾਣਗੇ ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦਿੱਤੀ ਜਾਵੇਗੀ। ਇਸ ਦੇ ਇਲਾਵਾ ਹੋਰ ਕਈ ਕਦਮ ਚੁੱਕੇ ਜਾ ਰਹੇ ਹਨ ਪਰ ਇਨ੍ਹਾਂ ਸਭ ਦੌਰਾਨ ਕੇਂਦਰੀ ਸੱਤਾ ਦਾ ਧਿਆਨ ਇਸ ਪਾਸੇ ਨਹੀਂ ਗਿਆ ਕਿ ਭਾਰਤ ਦਾ ਲਗੱਭਗ 92 ਫ਼ੀਸਦੀ ਕਾਰਜ ਬਲ ਗ਼ੈਰ-ਸੰਗਠਿਤ ਖੇਤਰ ਨਾਲ ਜੁੜਿਆ ਹੋਇਆ ਹੈ ਅਤੇ ਇਸ ਦਾ ਇੱਕ ਖ਼ਾਸ ਹਿੱਸਾ ਪਰਵਾਸੀ ਮਜ਼ਦੂਰਾਂ ਦਾ ਹੈ।

ਸੰਨ 2016-17 ਦਾ ਇਕਨੌਮਿਕ ਸਰਵੇ ਦੱਸਦਾ ਹੈ ਕਿ ਹਰ ਸਾਲ ਭਾਰਤ ਵਿੱਚ ਲਗੱਭਗ 50 ਤੋਂ 90 ਲੱਖ ਲੋਕਾਂ ਦਾ ਪਲਾਇਨ ਹੁੰਦਾ ਹੈ। ਸੰਨ 2015-16 ਵਿੱਚ ਹਿਜਰਤ ਕਰਨ ਵਾਲਿਆਂ ਦਾ ਅੱਧਾ ਹਿੱਸਾ ਦਿੱਲੀ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਆ ਕੇ ਵਸਿਆ। ਅੱਧੇ ਤੋਂ ਵੱਧ ਪਲਾਇਨ ਕਰਨ ਵਾਲੇ ਲੋਕ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਸਨ। ਹਾਲ ਹੀ ਵਿੱਚ ਪਾਰਲੀਮੈਂਟ ਵਿੱਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਸਰਕਾਰ ਨੇ ਦੱਸਿਆ ਕਿ ਸੰਨ 2011 ਦੀ ਜਨਗਣਨਾ ਦੇ ਹਿਸਾਬ ਨਾਲ ਕਾਮਿਆਂ ਦੀ ਗਿਣਤੀ 48.2 ਕਰੋੜ ਹੈ। ਅਨੁਮਾਨ ਹੈ ਕਿ ਸੰਨ 2016 ਵਿੱਚ ਇਹ ਵੱਧ ਕੇ 50 ਕਰੋੜ ਤੋਂ ਵੱਧ ਹੋ ਗਈ ਹੋਵੇਗੀ ਅਤੇ ਇਸ ਸਮੇਂ ਉਸ ਤੋਂ ਵੀ ਵੱਧ। ਜਦੋਂ ਲਾਕਡਾਊਨ ਦਾ ਐਲਾਨ ਹੋਇਆ ਅਤੇ ਲਗੱਭਗ ਸਾਰੇ ਕਾਰਖਾਨੇ ਬੰਦ ਹੋਣ ਲੱਗੇ ਤਾਂ ਸਾਰੇ ਲੋਕਾਂ ਨੇ ਆਪਣੇ ਘਰੇਲੂ ਸਹਾਇਕਾਂ ਨੂੰ ਕੰਮ 'ਤੇ ਆਉਣ ਤੋਂ ਮਨ੍ਹਾ ਕਰ ਦਿੱਤਾ। ਕਿਤੇ ਘਰੇਲੂ ਸਹਾਇਕ ਕੰਮ 'ਤੇ ਜਾਣ ਵਿੱਚ ਅਸਮਰੱਥ ਹੋ ਗਏ। ਅਜਿਹੇ ਵਿੱਚ ਉਨ੍ਹਾਂ ਕੋਲ ਸ਼ਹਿਰ ਵਿੱਚ ਰਹਿਣ ਲਈ ਸੋਮੇ ਜਾਂ ਤਾਂ ਬਿਲਕੁਲ ਸੀਮਤ ਹੋ ਗਏ ਜਾਂ ਫਿਰ ਨਾਮਾਤਰ ਦੇ ਹੀ ਰਹਿ ਗਏ। ਇਹੀ ਹਾਲਤ ਦਿਹਾੜੀ ਮਜ਼ਦੂਰਾਂ ਅਤੇ ਹੋਰ ਕਾਮਿਆਂ ਦੀ ਬਣੀ ਹੋਈ ਹੈ। ਇਹ ਘਰੇਲੂ ਸਹਾਇਕ, ਮਜ਼ਦੂਰ ਤੇ ਹੋਰ ਕਾਮੇ ਵੱਡੇ ਸ਼ਹਿਰਾਂ ਨੂੰ ਛੱਡ ਕੇ ਆਪੋ-ਆਪਣੇ ਪਿੰਡਾਂ-ਘਰਾਂ ਨੂੰ ਪਰਤਣ ਦੀ ਤਿਆਰੀ ਵਿੱਚ ਰੁੱਝੇ ਹੀ ਸਨ ਕਿ ਟਰੇਨਾਂ ਦੀ ਆਵਾਜਾਈ ਬੰਦ ਹੋ ਗਈ। ਨਾਲ ਹੀ ਬੱਸਾਂ ਦਾ ਵੀ ਚੱਕਾ ਜਾਮ ਹੋ ਗਿਆ। ਅਜਿਹੇ ਵਿੱਚ ਉਨ੍ਹਾਂ ਨੇ ਘਬਰਾ ਕੇ ਆਪਣੇ ਪਿੰਡ-ਘਰ ਨੂੰ ਪੈਦਲ ਰਵਾਨਗੀ ਕਰ ਲਈ।

ਪਿਛਲੇ ਕੁਝ ਦਿਨਾਂ ਤੱਕ ਮੀਡੀਆ ਤੇ ਸੋਸ਼ਲ ਮੀਡੀਆ ਵਿੱਚ ਉਨ੍ਹਾਂ ਕਾਮਿਆਂ ਦੀਆਂ ਖ਼ਬਰਾਂ ਛਾਈਆਂ ਹੋਈਆਂ ਸਨ ਜੋ ਪੈਦਲ ਜਾ ਰਹੇ ਸਨ। ਕਈਆਂ ਦੀ ਮੌਤ ਦੀ ਵੀ ਖ਼ਬਰ ਆਈ। ਇੱਕ ਤਰ੍ਹਾਂ ਦੇਖੀਏ ਤਾਂ ਕੋਰੋਨਾ ਵਾਇਰਸ ਤੋਂ ਬਚਣ ਦਾ ਤਰੀਕਾ ਕਾਮਿਆਂ 'ਤੇ ਭਾਰੂ ਪਿਆ। ਅਸੀਂ ਇਸ ਦੀ ਅਣਦੇਖੀ ਨਹੀਂ ਕਰ ਸਕਦੇ ਕਿ ਸਾਡੀ ਸਰਕਾਰ ਨੇ ਵੱਖ-ਵੱਖ ਦੇਸ਼ਾਂ ਵਿੱਚ ਫਸੇ ਭਾਰਤੀਆਂ ਨੂੰ ਏਅਰ ਲਿਫਟ ਕਰਾਇਆ ਪਰ ਇਹ ਅਹਿਸਾਸ ਨਹੀਂ ਕੀਤਾ ਕਿ ਲਾਕਡਾਊਨ ਦਾ ਦੇਸ਼ ਅੰਦਰਲੇ ਪਰਵਾਸੀਆਂ 'ਤੇ ਕੀ ਅਸਰ ਪਵੇਗਾ? ਗ਼ੈਰ-ਸੰਗਠਿਤ ਖੇਤਰ ਦੇ ਕਾਮਿਆਂ ਅਤੇ ਕਿਰਤੀਆਂ 'ਤੇ ਲਾਕਡਾਊਨ ਦਾ ਕੀ ਅਸਰ ਪਵੇਗਾ, ਇਸ ਦਾ ਸਰਕਾਰ ਨੂੰ ਅਨੁਮਾਨ ਹੋਣਾ ਚਾਹੀਦਾ ਸੀ। ਅਫ਼ਸੋਸ ਕਿ ਇਹ ਹੋਇਆ ਨਹੀਂ। ਲਾਕਡਾਊਨ ਦੇ ਐਲਾਨ ਦੇ ਸਮੇਂ ਇਹ ਬੇਹੱਦ ਮਹੱਤਵ ਪੂਰਨ ਸੀ ਕਿ ਸਰਕਾਰ ਉਹੋ ਜਿਹੇ ਪਰਵਾਸੀ ਮਜ਼ਦੂਰਾਂ, ਜੋ ਗ਼ੈਰ-ਸੰਗਠਿਤ ਖੇਤਰ ਨਾਲ ਜੁੜੇ ਹੋਏ ਹਨ, ਜਿਨ੍ਹਾਂ ਕੋਲ ਨਾਮਾਤਰ ਦੀ ਬੱਚਤ ਹੈ ਤੇ ਜਿਨ੍ਹਾਂ ਦੀ ਰੋਜ਼ੀ-ਰੋਟੀ ਰੋਜ਼ਾਨਾ ਹੋਣ ਵਾਲੀ ਆਮਦਨ 'ਤੇ ਨਿਰਭਰ ਕਰਦੀ ਹੈ, ਦੀਆਂ ਚਿੰਤਾਵਾਂ ਦਾ ਹੱਲ ਕਰਦੀ। ਵੱਡੇ ਸ਼ਹਿਰਾਂ ਖ਼ਾਸ ਤੌਰ 'ਤੇ ਦਿੱਲੀ, ਮੁੰਬਈ ਆਦਿ ਵਿੱਚ ਜਿੱਥੇ ਮਜ਼ਦੂਰਾਂ ਦੀ ਗਿਣਤੀ ਭਾਰੀ ਤਾਦਾਦ ਵਿੱਚ ਹੈ, ਉਥੇ ਯਕੀਨਨ ਉਨ੍ਹਾਂ ਦੇ ਖਾਣ-ਪੀਣ ਅਤੇ ਰਹਿਣ ਦਾ ਢੁੱਕਵਾਂ ਇੰਤਜ਼ਾਮ ਤਰਜੀਹੀ ਤੌਰ 'ਤੇ ਹੋਣਾ ਚਾਹੀਦਾ ਸੀ। ਇਹ ਵੀ ਸੱਚ ਹੈ ਕਿ ਭਾਰਤ ਸਰਕਾਰ ਦੀਆਂ ਸੀਮਤ ਸਮਰੱਥਾਵਾਂ ਦੀ ਵਜ੍ਹਾ ਕਾਰਨ ਇਹ ਸਭ ਇੰਨਾ ਜਲਦੀ ਕਰਨਾ ਆਸਾਨ ਵੀ ਨਹੀਂ ਹੁੰਦਾ ਪਰ ਉਹ ਇੱਕ ਬਿਹਤਰ ਬਦਲ ਹੁੰਦਾ। ਘੱਟੋ-ਘੱਟ ਇਹ ਯਕੀਨੀ ਕਰਨਾ ਚਾਹੀਦਾ ਹੈ ਕਿ ਮਜ਼ਦੂਰ ਤੇ ਕਾਮੇ ਲਾਕਡਾਊਨ ਦੇ ਅਣਦੇਖੇ ਅਸਰ ਤੋਂ ਪ੍ਰਭਾਵਿਤ ਨਾ ਹੋ ਸਕਣ। ਇਸੇ ਦੇ ਨਾਲ ਹੀ ਕੇਂਦਰ ਸਰਕਾਰ ਨੂੰ ਲਾਕਡਾਊਨ ਦੇ ਹੋਰ ਅਣਦੇਖੇ ਅਸਰ ਦੇਖਣੇ ਚਾਹੀਦੇ ਹਨ ਕਿਉਂਕਿ ਅਜੇ ਲਾਕਡਾਊਨ ਦੇ ਲਗੱਭਗ ਦੋ ਹਫ਼ਤੇ ਬਾਕੀ ਹਨ। ਉਸ ਨੂੰ ਹੋਰ ਸੂਬਾਈ ਸਰਕਾਰਾਂ ਨਾਲ ਬਿਹਤਰ ਤਾਲਮੇਲ ਕਾਇਮ ਕਰਦੇ ਹੋਏ ਲੋਕਾਂ ਦੀ ਮੁਸ਼ਕਲਾਂ ਨੂੰ ਦੂਰ ਕਰਨ ਦਾ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਪੁਲਸ ਵੱਲੋਂ ਲੋਕਾਂ 'ਤੇ ਕੀਤੇ ਜਾ ਰਹੇ ਤਸ਼ੱਦਦ ਨੂੰ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ। ਲੋਕਾਂ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਮਿਲਣ ਵਿੱਚ ਦਿੱਕਤ ਆਉਂਦੀ ਹੈ ਤਾਂ ਹੀ ਉਹ ਘਰੋਂ ਨਿਕਲਦੇ ਹਨ। ਜੇ ਸਰਕਾਰਾਂ ਦੀ ਸਪਲਾਈ ਚੇਨ ਸਹੀ ਤਰੀਕੇ ਨਾਲ ਕੰਮ ਕਰੇ ਤਾਂ ਕਿਸੇ ਨੂੰ ਘਰੋਂ ਨਿਕਲਣ ਦੀ ਕੀ ਲੋੜ ਹੈ? ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਅੱਜ ਦਾ ਯੁੱਗ ਸੂਚਨਾ-ਤਕਨੀਕ ਵਾਲਾ ਯੁੱਗ ਹੈ ਜਿਸ ਕਾਰਨ ਸਾਰਾ ਸੰਸਾਰ ਇੱਕ ਪਿੰਡ ਦੀ ਤਰ੍ਹਾਂ ਬਣ ਚੁੱਕਾ ਹੈ।

ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਅਸਫਲਤਾਵਾਂ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਸਾਰੀ ਲੋਕਾਈ ਦੇ ਸਾਹਮਣੇ ਆਉਣ ਵਿੱਚ ਦੇਰ ਨਹੀਂ ਲੱਗੀ। ਮੌਜੂਦਾ ਸਮੇਂ ਲਾਕਡਾਊਨ ਦੌਰਾਨ ਸਰਕਾਰੀ ਪੱਧਰ 'ਤੇ ਜੋ ਊਣਤਾਈਆਂ ਰਹਿ ਗਈਆਂ ਹਨ, ਉਨ੍ਹਾਂ ਕਾਰਨ ਦੁਨੀਆ ਸਾਹਮਣੇ ਭਾਰਤ ਦੇ ਅਕਸ ਨੂੰ ਢਾਹ ਲੱਗੀ ਹੈ। ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਲਾਕਡਾਊਨ ਤੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਕੋਰੋਨਾ ਤਾਂ ਜਦੋਂ ਮਾਰੂ ਉਦੋਂ ਸਹੀ, ਜੇ ਲਾਕਡਾਊਨ ਲਾਗੂ ਕਰ ਦਿੱਤਾ ਤਾਂ ਗ਼ਰੀਬ ਤੇ ਬੇਘਰੇ ਲੋਕ ਭੁੱਖ ਨਾਲ ਜ਼ਰੂਰ ਮਰਨੇ ਸ਼ੁਰੂ ਹੋ ਜਾਣਗੇ।

ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਮਨ ਕੀ ਬਾਤ' ਵਿੱਚ ਗ਼ਰੀਬਾਂ ਤੇ ਬੇਘਰਿਆਂ ਨੂੰ ਹੋ ਰਹੀ ਤਕਲੀਫ਼ ਲਈ ਮਾਫ਼ੀ ਮੰਗੀ ਤਾਂ ਇਮਰਾਨ ਖ਼ਾਨ ਨੇ ਕਹਿ ਦਿੱਤਾ ਕਿ ਅਸੀਂ ਲਾਕਡਾਊਨ ਨਾ ਕਰਕੇ ਬਿਲਕੁਲ ਸਹੀ ਕੀਤਾ ਹੈ। ਇਮਰਾਨ ਨੇ ਆਪਣੀ ਗੱਲ ਜਚਾਉਣ ਲਈ ਮੋਦੀ ਦਾ ਜ਼ਿਕਰ ਕਰਦਿਆਂ ਆਪਣੇ ਅਵਾਮ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਪ੍ਰਧਾਨ ਮੰਤਰੀ ਮੋਦੀ ਨੇ ਤਾਲਾਬੰਦੀ ਦੌਰਾਨ ਗ਼ਰੀਬ ਲੋਕਾਂ ਨੂੰ ਹੋਏ ਕਸ਼ਟ ਲਈ ਮਾਫ਼ੀ ਮੰਗੀ ਹੈ। ਖ਼ੈਰ! ਇਹ ਤਾਂ ਸਿਆਸੀ ਗੱਲਾਂ ਹਨ। ਆਮ ਜਨਤਾ ਦਾ ਭਲਾ ਤਾਂ ਉਦੋਂ ਹੀ ਸਕੇਗਾ ਜਦ ਸਰਕਾਰਾਂ ਪੂਰੀ ਤਰ੍ਹਾਂ ਸੋਚ-ਵਿਚਾਰ ਕੇ ਫ਼ੈਸਲੇ ਲੈਣ ਅਤੇ ਉਨ੍ਹਾਂ ਨੂੰ ਢੁੱਕਵੀਂ ਯੋਜਨਾਬੰਦੀ ਤੋਂ ਬਾਅਦ ਲਾਗੂ ਕਰਨ।




# ਪਾਕਿਸਤਾਨ ਵਿੱਚ ਕੈਦ '83 ਜਵਾਨ' ਜੋ ਭੁਲਾ ਦਿੱਤੇ ਗਏ

-ਕਰਣ ਥਾਪਰ-

ਇੱਕ ਝਟਕੇ ਲਈ ਤੁਸੀਂ ਆਪਣੇ ਆਪ ਨੂੰ ਤਿਆਰ ਕਰ ਲਓ, ਪਰ ਇੱਕ ਗੱਲ ਸਮਝ ਲਓ ਕਿ ਇਸ ਦਾ ਕੋਰੋਨਾ ਵਾਇਰਸ ਨਾਲ ਕੋਈ ਲੈਣ-ਦੇਣਾ ਨਹੀਂ, ਫਿਰ ਵੀ ਇਹ ਵਿਆਕੁਲ ਕਰ ਦੇਣ ਵਾਲੀ ਗੱਲ ਹੈ। ਕਿਹਾ ਜਾਂਦਾ ਹੈ ਕਿ 83 ਭਾਰਤੀ ਜਵਾਨ ਪਾਕਿਸਤਾਨ ਦੀ ਕੈਦ ਵਿੱਚ ਹਨ। ਕੁਝ ਤਾਂ 1965 ਅਤੇ 1971 ਦੇ ਜੰਗੀ ਕੈਦੀ ਹਨ। ਇੰਝ ਜਾਪਦਾ ਹੈ ਕਿ ਸਾਰੀਆਂ ਸਰਕਾਰਾਂ ਨੇ ਜਾਂ ਉਨ੍ਹਾਂ ਨੂੰ ਭੁਲਾ ਦਿੱਤਾ ਹੈ ਜਾਂ ਉਨ੍ਹਾਂ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਜੀ ਹਾਂ, ਇਨ੍ਹਾਂ ਦੀ ਗਿਣਤੀ ਭਾਰਤ ਸਰਕਾਰ ਦੇ ਅਧਿਕਾਰਤ ਅੰਕੜਿਆਂ ਅਨੁਸਾਰ 83 ਹੈ।


ਚੰਦਰ ਸੁਤਾ ਡੋਗਰਾ ਨੇ ਇਸ ਬਾਰੇ ਆਪਣੀ ਕਿਤਾਬ ਵਿੱਚ ਲਿਖਿਆ ਕਿ ਇੱਕ ਹੱਕਾ-ਬੱਕਾ ਕਰਨ ਵਾਲੀ ਕਹਾਣੀ ਦੱਸਦੀ ਹੈ ਕਿ ਸਾਧਾਰਨ ਤੌਰ 'ਤੇ ਇਸ ਬਾਰੇ ਕਿਸੇ ਨੇ ਧਿਆਨ ਨਹੀਂ ਦਿੱਤਾ, ਜਿਵੇਂ ਦੇਣਾ ਚਾਹੀਦਾ ਸੀ। ਅਜਿਹੇ ਜਵਾਨਾਂ ਦੀ ਦਰਦ ਭਰੀ ਕਹਾਣੀ ਹੈ, ਜਿਨ੍ਹਾਂ ਨੂੰ ਗਲਤੀ ਨਾਲ ਮ੍ਰਿਤਕ ਮੰਨ ਲਿਆ ਹੈ। ਕੁਝ ਦਾ ਕਹਿਣਾ ਹੈ ਕਿ ਇਹ ਜੰਗ ਦੌਰਾਨ ਲਾਪਤਾ ਹਨ, ਪਰ ਇੱਕ ਭਰੋਸੇਯੋਗ ਸਬੂਤ ਹੈ ਕਿ ਇਹ ਜਵਾਨ ਪਾਕਿਸਤਾਨ 'ਚ ਹਨ ਅਤੇ ਉਨ੍ਹਾਂ 'ਚੋਂ ਯਕੀਨੀ ਤੌਰ 'ਤੇ ਕੁਝ ਨੂੰ ਮ੍ਰਿਤਕ ਮੰਨਿਆ ਜਾਂਦਾ ਹੈ। ਅਸੀਂ ਲਗਾਤਾਰ ਉਨ੍ਹਾਂ ਦੇ ਵਾਰਿਸਾਂ ਨੂੰ ਇਹ ਦੱਸਦੇ ਹਾਂ ਕਿ ਉਹ ਜੰਗੀ ਕੈਦੀ ਹਨ।

ਮੇਜਰ ਅਸ਼ੋਕ ਸੂਰੀ ਦੀ ਕਹਾਣੀ ਤੋਂ ਵੱਧ ਕੋਈ ਹੋਰ ਵਿਖਿਆਨ ਹੋ ਹੀ ਨਹੀਂ ਸਕਦਾ। ਸ਼ੁਰੂ-ਸ਼ੁਰੂ ਵਿੱਚ ਇਹ ਕਿਹਾ ਜਾਂਦਾ ਰਿਹਾ ਕਿ ਪੰਜ ਦਸੰਬਰ 1971 ਦੀ ਜੰਗ 'ਚ ਸ਼ਹੀਦ ਹੋਏ ਉਨ੍ਹਾਂ ਦੇ ਪਿਤਾ ਨੂੰ ਇਸ ਬਾਰੇ ਚਾਰ ਟੈਲੀਗ੍ਰਾਮਜ਼ ਪ੍ਰਾਪਤ ਹੋਈਆਂ, ਪਰ ਪਾਕਿਸਤਾਨ ਰੇਡੀਓ ਦਾ ਦਾਅਵਾ ਸੀ ਕਿ ਉਹ ਜ਼ਿੰਦਾ ਸਨ। ਕੁਝ ਨਿੱਜੀ ਜਾਂਚ ਪਿੱਛੋਂ ਇਹ ਦਾਅਵੇ ਨਾਲ ਕਿਹਾ ਜਾਂਦਾ ਰਿਹਾ ਹੈ ਕਿ ਉਨ੍ਹਾਂ ਦੇ ਪਰਵਾਰ ਨੂੰ ਮੇਜਰ ਅਸ਼ੋਕ ਦੇ ਦੋ ਪੱਤਰ ਮਿਲੇ, ਜਿਨ੍ਹਾਂ ਦੀ ਪੁਸ਼ਟੀ ਹੱਥਲਿਖਤ ਮਾਹਿਰ ਨੇ ਕੀਤੀ। ਸਤਿੰਦਰ ਲਾਂਬਾ, ਜੋ ਪਾਕਿਸਤਾਨ 'ਚ ਉਸ ਸਮੇਂ ਡਿਪਲੋਮੈਟ ਸਨ ਅਤੇ ਬਾਅਦ ਵਿੱਚ ਹਾਈ ਕਮਿਸ਼ਨਰ ਬਣੇ, ਦਾ ਯਕੀਨ ਸੀ ਕਿ ਸੂਰੀ ਸੱਤਰ ਦੇ ਦਹਾਕੇ ਦੇ ਦੌਰਾਨ ਜ਼ਿੰਦਾ ਸਨ। ਗੈਰ-ਅਧਿਕਾਰਤ ਆਮ ਮੁਆਫੀ ਦੀ ਸਹਿਮਤੀ ਪ੍ਰਗਟਾਈ ਗਈ। ਸਰਕਾਰ ਲਈ ਤਿੰਨ ਸਾਲਾਂ ਤੋਂ ਵੱਧ ਦਾ ਸਮਾਂ ਇਸ ਧਾਰਨਾ ਨੂੰ ਬਦਲਣ ਵਿੱਚ ਲੱਗ ਗਿਆ ਕਿ ਉਹ ਜੰਗ ਦੌਰਾਨ ਲਾਪਤਾ ਹੋਏ ਹਨ ਕਿ ਮਾਰੇ ਗਏ। ਡੋਗਰਾ ਦਾ ਕਹਿਣਾ ਹੈ ਕਿ ਜੇ ਇਹ ਪਹਿਲਾਂ ਤੋਂ ਸਪੱਸ਼ਟ ਕਰ ਲਿਆ ਜਾਂਦਾ ਤਾਂ ਅਸੀਂ ਉਨ੍ਹਾਂ ਨੂੰ ਵਾਪਸ ਲਿਆਉਣ ਵਿੱਚ ਕਾਮਯਾਬ ਹੋ ਜਾਂਦੇ, ਪਰ ਭਾਰਤ ਨੇ ਇਹ ਮੰਨਿਆ ਕਿ ਉਹ ਮ੍ਰਿਤਕ ਹਨ, ਇਸ ਲਈ ਪਾਕਿਸਤਾਨ ਨੇ ਉਨ੍ਹਾਂ ਨੂੰ ਵਾਪਸ ਲਿਆਉਣ 'ਚ ਕੋਈ ਲਾਜ਼ਮੀਪੁਣਾ ਨਹੀਂ ਦਿਖਾਇਆ। ਡੋਗਰਾ ਦੀ ਕਿਤਾਬ 'ਪੰਜ ਕਾਰਨ' ਬਾਰੇ ਵਿਚਾਰ-ਵਟਾਂਦਰਾ ਕਰਦੇ ਹਾਂ ਕਿ ਆਖਰ ਕਿਉਂ ਇਹ 83 ਜਵਾਨ ਪਾਕਿਸਤਾਨ ਦੀਆਂ ਜੇਲ੍ਹਾਂ 'ਚ ਕਮਜ਼ੋਰ ਹੋ ਗਏ।


ਪਹਿਲਾ ਕਾਰਨ ਇਹ ਹੈ ਕਿ ਜਦੋਂ 1972 'ਚ ਜੰਗੀ ਕੈਦੀਆਂ ਦੀ ਅਦਲਾ-ਬਦਲੀ ਹੋਈ, ਉਦੋਂ ਭਾਰਤ ਸਰਕਾਰ ਇਸ ਗੱਲ ਲਈ ਫਿਕਰਮੰਦ ਸੀ ਕਿ ਪਾਕਿਸਤਾਨ ਬੰਗਲਾ ਦੇਸ਼ ਨੂੰ ਮਾਨਤਾ ਦੇ ਦੇਵੇ। ਨਤੀਜੇ ਵਜੋਂ ਸਰਕਾਰ ਨੇ ਸਹੀ ਢੰਗ ਨਾਲ ਇਹ ਯਕੀਨੀ ਨਹੀਂ ਬਣਾਇਆ ਕਿ ਸਾਰੇ ਜੰਗੀ ਕੈਦੀ ਮੁੜ ਆਏ ਹਨ। ਸਰਕਾਰ ਦੇ ਲਈ ਇਹ ਮੁੱਖ ਪਹਿਲਕਦਮੀ ਨਹੀਂ ਸੀ। ਦੂਸਰਾ ਇਹ ਕਿ ਭਾਰਤ ਨੇ ਆਪਣੇ ਜਵਾਨਾਂ ਦੀ ਘੱਟ ਗਿਣਤੀ ਹੋਣ ਕਾਰਨ ਇਜ਼ਰਾਈਲ ਦੀ ਦੁਸ਼ਮਣ ਦੇ ਜੰਗੀ ਕੈਦੀਆਂ ਦੀ ਅਦਲਾ-ਬਦਲੀ ਵਿਵਸਥਾ ਨੂੰ ਨਹੀਂ ਅਪਣਾਇਆ। ਜਦੋਂ ਪਾਕਿਸਤਾਨ ਨੇ ਇੱਕ ਦੇ ਬਦਲੇ ਤਿੰਨ ਦਾ ਸੁਝਾਅ ਦਿੱਤਾ, ਉਦੋਂ ਭਾਰਤ ਨੇ ਇਸ ਨੂੰ ਨਕਾਰ ਦਿੱਤਾ। ਤੀਸਰਾ ਕਾਰਨ ਹੈ ਕਿ ਭਾਰਤ ਨੇ ਇਸ ਗੱਲ ਵਿੱਚ ਯਕੀਨ ਨਹੀਂ ਕੀਤਾ ਕਿ ਉਹ ਇਸ ਮੁੱਦੇ ਨੂੰ ਇੰਟਰਨੈਸ਼ਨਲ ਕੋਰਟ ਆਫ ਜਸਟਿਸ (ਆਈ ਸੀ ਜੇ) ਵਿੱਚ ਲੈ ਜਾਵੇ ਜਾਂ ਫਿਰ ਇਸ 'ਚ ਤੀਸਰੀ ਪੱਧਰ ਨੂੰ ਸ਼ਾਮਲ ਕੀਤਾ ਜਾਵੇ ਕਿਉਂਕਿ ਉਸ ਨੂੰ ਡਰ ਸੀ ਕਿ ਇਸ ਤੋਂ ਉਤਸ਼ਾਹਤ ਹੋ ਕਿ ਪਾਕਿਸਤਾਨ ਨੂੰ ਕਸ਼ਮੀਰ ਦਾ ਅੰਤਰਰਾਸ਼ਟਰੀਕਰਨ ਕਰਨ ਦਾ ਮੌਕਾ ਮਿਲ ਜਾਵੇਗਾ।

ਜੇ ਇਹ ਤਿੰਨੇ ਕਾਰਨ ਭਾਰਤੀ ਸਰਕਾਰਾਂ ਦੇ ਵਤੀਰੇ 'ਚ ਖੋਟ ਨੂੰ ਪੇਸ਼ ਕਰਦੇ ਹਨ ਤਾਂ ਡੋਗਰਾ ਦੇ ਹੋਰ ਕਾਰਨਾਂ ਦੀ ਪਛਾਣ ਕਰਦੇ ਹਨ, ਜੋ ਸੁਝਾਉਂਦੇ ਹਨ ਕਿ ਇਹ ਸਭ ਪਾਕਿਸਤਾਨ ਦੀ ਸ਼ਰਾਰਤ ਸੀ। ਪਹਿਲਾ ਇਹ ਕਿ ਪਾਕਿਸਤਾਨ ਨੇ ਸ਼ਾਇਦ ਸੌਦੇਬਾਜ਼ੀ ਲਈ ਕੁਝ ਭਾਰਤੀ ਜੰਗੀ ਕੈਦੀਆਂ ਨੂੰ ਆਪਣੇ ਕੋਲ ਰੱਖਿਆ, ਕਿਉਂਕਿ 1971 ਦੀ ਜੰਗ ਤੋਂ ਬਾਅਦ ਪਾਕਿਸਤਾਨ ਦੇ ਅਧਿਕਾਰੀਆਂ ਨੇ ਜੰਗੀ ਜੁਰਮਾਂ ਲਈ ਟਰਾਇਲ ਝੱਲਿਆ, ਪਰ ਇਹ ਟਰਾਇਲ ਕਦੇ ਹੋਏ ਹੀ ਨਹੀਂ ਅਤੇ ਕੈਦ ਰੱਖੇ ਗਏ ਜੰਗੀ ਕੈਦੀ ਭੁਲਾ ਦਿੱਤੇ ਗਏ। ਆਖਰ ਉਨ੍ਹਾਂ ਨੇ ਲਿਖਿਆ ਹੈ ਕਿ ਹੋ ਸਕਦਾ ਹੈ ਕਿ ਪਾਕਿਸਤਾਨ ਨੇ ਜੰਗੀ ਕੈਦੀਆਂ ਦੀ ਖਰਾਬ ਦਿਮਾਗੀ ਅਤੇ ਸਰੀਰਕ ਹਾਲਤ ਜਾਂ ਕਈ ਸਾਲਾਂ ਤੱਕ ਤਸ਼ੱਦਦ ਅਤੇ ਝੱਲੇ ਗਏ ਜ਼ਖਮਾਂ ਕਾਰਨ ਉਨ੍ਹਾਂ ਨੂੰ ਵਾਪਸ ਭੇਜਣ ਬਾਰੇ ਅਤੇ ਉਨ੍ਹਾਂ ਦੀ ਪਾਕਿਸਤਾਨ 'ਚ ਹਾਜ਼ਰੀ ਨੂੰ ਨਹੀਂ ਮੰਨਿਆ। ਚੌਥਾ ਕਾਰਨ ਇਹ ਹੈ ਕਿ ਪਾਕਿਸਤਾਨ ਨਾਲ ਸੰਬੰਧਤ ਇਹ ਕਾਰਨ ਬੇਹੱਦ ਗੁੰਝਲਦਾਰ ਅਤੇ ਦਿਲਚਸਪ ਹੈ। ਉਸ ਦਾ ਮੰਨਣਾ ਹੈ ਕਿ ਲਾਂਸ ਨਾਇਕ ਜਸਪਾਲ ਸਿੰਘ ਵਰਗੇ ਕੁਝ ਜੰਗੀ ਕੈਦੀ ਓਮਾਨ ਵਰਗੇ ਮੱਧ ਪੂਰਬੀ ਦੇਸ਼ਾਂ 'ਚ ਭੇਜ ਦਿੱਤੇ ਗਏ ਹੋਣ ਕਿਉਂਕਿ ਉਸ ਨੂੰ ਜੰਗ ਦੇ ਖਤਮ ਹੋਣ ਦੇ ਇੰਨੇ ਸਾਲਾਂ ਬਾਅਦ ਭਾਰਤੀ ਜੰਗੀ ਕੈਦੀਆਂ ਨੂੰ ਵਾਪਸ ਕਰਨ 'ਚ ਸ਼ਰਮ ਆ ਰਹੀ ਹੋਵੇਗੀ। ਇੱਕ ਵਾਰ ਇਹ ਗੱਲੋਂ ਅੱਖੋਂ ਓਹਲੇ ਹੋ ਗਈਆਂ ਤਾਂ ਪਾਕਿਸਤਾਨੀ ਦਿਮਾਗ 'ਚੋਂ ਵੀ ਇਹ ਗੱਲਾਂ ਨਿਕਲ ਗਈਆਂ ਹੋਣਗੀਆਂ।

ਆਪਣੇ ਗੁਆਂਢੀ ਦੇ ਕਾਰਿਆਂ ਨੂੰ ਜਾਣ ਕੇ ਇਸ ਤੋਂ ਪਹਿਲਾਂ ਤੁਸੀਂ ਗੁੱਸੇ ਵਿੱਚ ਕੁੱਦ ਪਓ, ਤੁਸੀਂ ਥੋੜ੍ਹਾ ਸੰਜਮ ਰੱਖੋ। ਵਿਰੋਧੀ ਕਹਾਣੀ ਵੀ ਬਰਾਬਰ ਦੀ ਸੱਚੀ ਹੈ। ਪਾਕਿਸਤਾਨ ਦਾ ਮੰਨਣਾ ਹੈ ਕਿ ਉਨ੍ਹਾਂ ਦੇ 18 ਫੌਜੀ ਭਾਰਤੀ ਕੈਦ 'ਚ ਹਨ, ਇਸ ਲਈ ਉਹ ਅਸਮਰੱਥ ਹਨ। ਅਜਿਹਾ ਸਮਾਂ ਸੀ, ਜਦੋਂ ਸਾਡੀਆਂ ਸਰਕਾਰਾਂ ਇਸੇ ਤਰ੍ਹਾਂ ਦੀ ਸੋਚ ਰੱਖਦੀਆਂ ਸਨ, ਪਰ ਅੱਜ ਦੋਵਾਂ ਪਾਸਿਆਂ ਵੱਲੋਂ ਪਰਵਾਰਾਂ ਦੀ ਤਰਾਸਦੀ ਬਾਰੇ ਸੋਚੋ। ਕੁਝ ਸਮਾਂ ਉਨ੍ਹਾਂ ਦੇ ਮਾਪਿਆਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਮਰੇ ਨਹੀਂ, ਜ਼ਿੰਦਾ ਹਨ ਜਾਂ ਫਿਰ ਲਾਪਤਾ ਜਾਂ ਜੰਗ ਦੌਰਾਨ ਸ਼ਹੀਦ ਹੋ ਗਏ ਹਨ। ਮਾਪਿਆਂ ਨੂੰ ਇਹ ਆਸ ਰਹਿੰਦੀ ਹੈ ਕਿ ਉਗ ਜੰਗੀ ਕੈਦੀ ਹਨ ਜਾਂ ਜ਼ਿੰਦਾ ਹਨ ਅਤੇ ਉਨ੍ਹਾਂ ਨੂੰ ਮਰਨ ਉਪਰੰਤ ਬਹਾਦਰੀ ਲਈ ਐਵਾਰਡ ਮਿਲੇਗਾ। ਦਹਾਕਿਆਂ ਤੋਂ ਉਨ੍ਹਾਂ ਨੇ ਝੱਲਿਆ ਹੈ ਕਿਉਂਕਿ ਸਰਕਾਰਾਂ ਉਨ੍ਹਾਂ ਲਈ ਚਿੰਤਤ ਨਹੀਂ ਤਾਂ ਕਿ ਸੱਚ ਦਾ ਸਾਹਮਣਾ ਕੀਤਾ ਜਾ ਸਕੇ, ਜਦ ਕਿ ਆਪਣੇ ਦੇਸ਼ ਲਈ ਲੜਨ ਵਾਲੇ ਜਵਾਨ ਆਪਣੇ ਹੀ ਦੇਸ਼ਵਾਸੀਆਂ ਵੱਲੋਂ ਭੁਲਾ ਦਿੱਤੇ ਗਏ। ਕੋਹਿਮਾ ਜੰਗੀ ਯਾਦਗਾਰ ਦਾ ਕਹਿਣਾ ਹੈ ਕਿ ''ਤੁਹਾਡੇ ਕੱਲ੍ਹ ਲਈ ਅਸੀਂ ਆਪਣਾ ਅੱਜ ਗੁਆ ਦਿੱਤਾ।'' ਮਿਸਾਲ ਦੇ ਤੌਰ 'ਤੇ ਇਸ ਤੋਂ ਬਿਹਤਰ ਸਮਾਧੀ ਲੇਖ ਇਹ ਹੋਵੇਗਾ, ''ਸਾਡੇ ਅੱਜ ਲਈ ਅਸੀਂ ਆਪਣੇ ਕੱਲ੍ਹ ਨੂੰ ਨਕਾਰ ਦਿੱਤਾ।''



# ਸੰਸਾਰ ਦੇ ਸਿਰ ਪਈ ਮਹਾਮਾਰੀ ਦੇ ਮੁਕਾਬਲੇ ਲਈ ਸਹਿਯੋਗ ਸਾਰੇ ਲੋਕਾਂ ਨੂੰ ਕਰਨਾ ਪਵੇਗਾ



ਜਤਿੰਦਰ ਪੰਨੂ

ਅਜੋਕਾ ਸਾਲ ਚੜ੍ਹਦੇ ਸਾਰ ਜਿਹੜੀ ਬਿਮਾਰੀ ਨੂੰ ਚੀਨ ਦੇ ਸਿਰ ਪਈ ਮੁਸੀਬਤ ਸਮਝ ਕੇ ਦੁਨੀਆ ਦੇ ਕਈ ਮੁਲਕਾਂ ਦੀਆਂ ਸਰਕਾਰਾਂ ਨੇ ਇਸ ਤੋਂ ਵਪਾਰਕ ਜਾਂ ਡਿਪਲੋਮੈਟਿਕ ਲਾਭ ਲੈਣ ਦਾ ਯਤਨ ਕੀਤਾ ਸੀ, ਆਖਰ ਨੂੰ ਇਹ ਔਕੜ ਉਨ੍ਹਾਂ ਦੇ ਆਪਣੇ ਘਰਾਂ ਤੱਕ ਜਾ ਪਹੁੰਚੀ। ਦੁਨੀਆਂ ਦੇ ਗਿਣੇ-ਚੁਣੇ ਦੇਸ਼ ਇਸ ਮੁਸੀਬਤ ਤੋਂ ਅਜੇ ਤੱਕ ਬਚੇ ਹੋਏ ਮੰਨੇ ਜਾ ਸਕਦੇ ਹਨ, ਬਾਕੀ ਸਭ ਦੇਸ਼ਾਂ ਵਿੱਚ ਇਸ ਦੀ ਮਾਰ ਜਾਂ ਲਾਗ ਜਾ ਚੁੱਕੀ ਹੋਣ ਕਾਰਨ ਇਹ ਦੱਸ ਸਕਣਾ ਕਿਸੇ ਵੀ ਮਾਹਰ ਲਈ ਔਖਾ ਹੈ ਕਿ ਮੁਸੀਬਤ ਮੁੱਕਣ ਵਿੱਚ ਐਨਾ ਕੁ ਸਮਾਂ ਲਾਵੇਗੀ। ਹਕੀਕਤ ਇਹ ਹੈ ਕਿ ਕੋਈ ਮਾਹਰ ਇਹ ਗੱਲ ਕਹਿਣ ਵਾਲਾ ਵੀ ਨਹੀਂ ਲੱਭਦਾ ਕਿ ਇਹ ਬਿਮਾਰੀ ਆਖਰ ਨੂੰ ਕਾਬੂ ਆ ਹੀ ਜਾਵੇਗੀ, ਇਸ ਦੀ ਇਸ ਦੇ ਮਾਰ ਵਧਣ ਜਾਂ ਸਮੱਸਿਆ ਦੇ ਲਟਕਦੇ ਜਾਣ ਦੇ ਕਿਆਫੇ ਹੀ ਸੁਣਨ ਨੰ ਮਿਲਦੇ ਹਨ। ਹਾਹਾਕਾਰ ਮਚਾਉਣ ਵਾਲੀ ਇਸ ਬਿਮਾਰੀ ਨਾਲ ਮੌਤਾਂ ਦੀ ਸਿਰਫ ਦਿਨੋ-ਦਿਨ ਗਿਣਤੀ ਹੀ ਨਹੀਂ ਵਧਦੀ, ਹਰ ਨਵੇਂ ਦਿਨ ਇਸ ਨਾਲ ਮੌਤਾਂ ਤੇ ਕੇਸਾਂ ਦੇ ਵਧਣ ਦੀ ਰਫਤਾਰ ਵੀ ਵਧੀ ਜਾਂਦੀ ਹੈ। ਸੰਸਾਰ ਦੀ ਮਹਾਂਸ਼ਕਤੀ ਕਿਹਾ ਜਾਂਦਾ ਅਮਰੀਕਾ ਇਸ ਦੀ ਮਾਰ ਹੇਠ ਬੇਸ਼ੱਕ ਹੋਰਨਾਂ ਤੋਂ ਪਿੱਛੋਂ ਆਇਆ, ਪਰ ਜਦੋਂ ਓਥੇ ਇਸ ਦੀ ਮਾਰ ਪਈ ਤਾਂ ਏਨੀ ਤੇਜ਼ੀ ਨਾਲ ਵਧੀ ਹੈ ਕਿ ਉਸ ਨੂੰ ਸੰਭਲਣ ਦਾ ਮੌਕਾ ਨਹੀਂ ਮਿਲਿਆ।

ਅਸੀਂ ਸਿਹਤ ਦੇ ਮਾਮਲਿਆਂ ਦੇ ਜਾਣਕਾਰ ਨਹੀਂ ਅਤੇ ਏਸੇ ਲਈ ਇਸ ਬਿਮਾਰੀ ਦੇ ਕਾਰਨਾਂ ਅਤੇ ਇਲਾਜ ਵਰਗੇ ਵੱਡੇ ਮੁੱਦਿਆਂ ਦੀ ਗੱਲ ਨਹੀਂ ਕਰ ਰਹੇ, ਸਗੋਂ ਇਸ ਦੀ ਥਾਂ ਇਸ ਗੱਲ ਨੂੰ ਵੇਖਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਸੰਸਾਰ ਦੇ ਕਈ ਦੇਸ਼ ਅਜੇ ਤੱਕ ਵੀ ਇਸ ਤੋਂ ਅਵੇਸਲੇ ਜਾਪਦੇ ਹਨ। ਪਿਛਲੇ ਸਾਰੇ ਸਮੇਂ ਦੌਰਾਨ ਇਹ ਵਾਪਰਦਾ ਰਿਹਾ ਹੈ ਕਿ ਜਦੋਂ ਵੀ ਕੋਈ ਮਹਾਮਾਰੀ ਚੱਲੀ, ਉਸ ਦੀ ਮਾਰ ਇੱਕ ਹੱਦ ਤੱਕ ਸੀਮਤ ਰਹਿੰਦੀ ਸੀ, ਅੱਜ ਤੱਕ ਕਿਸੇ ਇੱਕ ਵੀ ਰੋਗ ਦੀ ਮਾਰ ਇਸ ਤਰ੍ਹਾਂ ਸਾਰੇ ਸੰਸਾਰ ਵਿੱਚ ਨਹੀਂ ਸੀ ਹੋਈ। ਕਿਉਂਕਿ ਸੰਸਾਰ ਨੂੰ ਏਦਾਂ ਦੀ ਖਿਲਾਰੇ ਵਾਲੀ ਮੁਸ਼ਕਲ ਨਾਲ ਪਹਿਲੀ ਵਾਰ ਮੱਥਾ ਲਾਉਣਾ ਪਿਆ ਹੈ, ਇਸ ਲਈ ਸਾਰੇ ਦੇਸ਼ਾਂ ਨੂੰ ਮਿਲ ਕੇ ਵੀ ਚੱਲਣਾ ਪੈਣਾ ਹੈ। ਮੁਸ਼ਕਲ ਦਾ ਮੁਕਾਬਲਾ ਕਰਨ ਦੇ ਰਾਹ ਦੀ ਵੱਡੀ ਮੁਸ਼ਕਲ ਇਹੀ ਹੈ ਕਿ ਇਸ ਦੇ ਟਾਕਰੇ ਲਈ ਅਜੇ ਵੀ ਸਮੁੱਚੇ ਸੰਸਾਰ ਦੇ ਦੇਸ਼ਾਂ ਦੀ ਇੱਕਸੁਰਤਾ ਨਹੀਂ ਦਿਖਾਈ ਦੇ ਰਹੀ। ਲੋੜੀਂਦੀ ਇੱਕਸੁਰਤਾ ਵੇਲੇ ਸਿਰ ਬਣ ਜਾਂਦੀ ਤਾਂ ਬਿਮਾਰੀ ਮੁੱਢ ਵਿੱਚ ਹੀ ਨੱਪੀ ਜਾ ਸਕਦੀ ਸੀ।

ਜਦੋਂ ਇਸ ਦੀ ਮਾਰ ਚੀਨ ਵਿੱਚ ਸ਼ੁਰੂ ਹੋਈ, ਓਦੋਂ ਅਮਰੀਕਾ ਅਤੇ ਚੀਨ ਦਾ ਵਪਾਰਕ ਆਢਾ ਲੱਗਾ ਹੋਇਆ ਸੀ ਤੇ ਦੋਵਾਂ ਦਾ ਤਾਲਮੇਲ ਹੋ ਨਹੀਂ ਸੀ ਸਕਦਾ। ਫਿਰ ਵੀ ਇਹ ਆਸ ਰੱਖੀ ਜਾਂਦੀ ਸੀ ਕਿ ਕਿਉਂਕਿ ਸੰਕਟ ਵੱਡਾ ਹੈ, ਇਸ ਲਈ ਅਮਰੀਕਾ ਦੀ ਸਰਕਾਰ ਹੰਗਾਮੀ ਹਾਲਾਤ ਵਿੱਚ ਵਿਰੋਧ ਦੇ ਕੁਝ ਨੁਕਤੇ ਲਾਂਭੇ ਰੱਖ ਕੇ ਮਦਦ ਦੇ ਸਕਦੀ ਹੈ। ਏਦਾਂ ਦੀ ਕੋਈ ਗੱਲ ਉਸ ਵੇਲੇ ਨਹੀਂ ਸੀ ਹੋਈ, ਉਲਟਾ ਚੀਨ ਦੇ ਖਿਲਾਫ ਭੰਡੀ-ਪ੍ਰਚਾਰ ਦਾ ਚੱਕਰ ਚੱਲਦਾ ਰਿਹਾ। ਵਪਾਰ ਉੱਤੇ ਨਜ਼ਰ ਰੱਖਦੀਆਂ ਏਜੰਸੀਆਂ ਇਹ ਕਹਿੰਦੀਆਂ ਹਨ ਕਿ ਉਸ ਵਕਤ ਅਮਰੀਕਾ ਵਿੱਚੋਂ ਮੂੰਹ ਢੱਕਣ ਵਾਲੇ ਮਾਸਕ ਅਤੇ ਸਰਜੀਕਲ ਜੰਤਰ ਹੀ ਨਹੀਂ, ਵੈਂਟੀਲੇਟਰ ਵੀ ਚੀਨ ਨੂੰ ਵੇਚੇ ਜਾਂਦੇ ਰਹੇ ਸਨ। ਬਾਅਦ ਵਿੱਚ ਜਦੋਂ ਆਪਣੇ ਘਰ ਵਿੱਚ ਇਹੋ ਜਿਹੇ ਰੋਗ ਦਾ ਸਾਹਮਣਾ ਕਰਨ ਦੀ ਨੌਬਤ ਆਈ ਤਾਂ ਉਨ੍ਹਾਂ ਕੋਲ ਲੋੜੀਂਦਾ ਸਾਮਾਨ ਨਹੀਂ ਸੀ ਬਚਿਆ। ਖਬਰਾਂ ਦੱਸ ਰਹੀਆਂ ਹਨ ਕਿ ਉਸ ਵਕਤ ਵੀ ਮਾਹਰਾਂ ਨੇ ਕਿਹਾ ਸੀ ਕਿ ਐਸ ਵੇਲੇ ਇਹ ਕੰਮ ਨਾ ਕੀਤਾ



ਜਾਵੇ, ਪਰ ਉਨ੍ਹਾਂ ਦੀ ਗੱਲ ਕਿਸੇ ਨੇ ਸੁਣੀ ਨਹੀਂ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਹਾਲ 'ਹੱਥ ਕਾਰ ਵੱਲ, ਦਿਲ ਯਾਰ ਵੱਲ' ਵਾਂਗ ਬਣਿਆ ਸੀ। ਉਸ ਦੀ ਅਹੁਦੇ ਦੀ ਮਿਆਦ ਪੁੱਗਣ ਵਾਲੀ ਹੈ ਤੇ ਇਹ ਸਾਲ ਮੁੱਕਣ ਤੱਕ ਆਮ ਹਾਲਾਤ ਮੁਤਾਬਕ ਇਸ ਅਹੁਦੇ ਦੀ ਅਗਲੀ ਚੋਣ ਹੋਣੀ ਜ਼ਰੂਰੀ ਹੈ। ਉਹ ਆਪਣੇ ਘਰ ਵਿੱਚ ਮਹਾਮਾਰੀ ਦਾ ਮੁਕਾਬਲਾ ਕਰਨ ਵੱਲ ਧਿਆਨ ਦੇਣ ਦੀ ਥਾਂ ਆਪਣੀ ਚੋਣ ਦੇ ਲਈ ਪਾਰਟੀ ਮੀਟਿੰਗਾਂ ਵਿੱਚ ਹੀ ਰੁੱਝਾ ਰਿਹਾ ਸੀ। ਉਸ ਦੀ ਹਾਲਤ ਇਹ ਹੈ ਕਿ ਜਦੋਂ ਕੋਰੋਨਾ ਦੇ ਕੇਸਾਂ ਦੀ ਗਿਣਤੀ ਦੋ ਤਿੰਨ ਲੱਖ ਨੇੜੇ ਚਲੀ ਗਈ ਤੇ ਮੌਤਾਂ ਦਾ ਅੰਕੜਾ ਸਾਢੇ ਸੱਤ ਹਜ਼ਾਰ ਨੂੰ ਛੂਹ ਗਿਆ ਸੀ, ਉਸ ਨੇ ਅਲੋਕਾਰ ਬਿਆਨ ਦਾਗ ਦਿੱਤਾ ਕਿ ਰਾਸ਼ਟਰਪਤੀ ਚੋਣ ਮਿਥੇ ਸਮੇਂ ਉੱਤੇ ਹੀ ਕੀਤੀ ਜਾਵੇਗੀ। ਸੰਸਾਰ ਭਰ ਦੀਆਂ ਉਲੰਪਿਕ ਖੇਡਾਂ ਅਗਲੇ ਸਾਲ ਲਈ ਮੁਤਲਵੀ ਹੋ ਚੁੱਕੀਆਂ ਹਨ ਤੇ ਹਾਲਾਤ ਵਿਗੜ ਗਏ ਤਾਂ ਅਮਰੀਕਾ ਦੀ ਰਾਸ਼ਟਰਪਤੀ ਚੋਣ ਵੀ ਸ਼ਾਇਦ ਕਰਵਾਉਣੀ ਬਹੁਤ ਔਖੀ ਹੋ ਜਾਣੀ ਹੈ, ਪਰ ਡੋਨਾਲਡ ਟਰੰਪ ਆਪਣੇ ਚੋਣਾਂ ਦੇ ਮੁਕਾਬਲੇ ਲਈ ਸਰਪੱਟ ਦੌੜਿਆ ਜਾ ਰਿਹਾ ਹੈ।

ਨਤੀਜਾ ਇਸ ਦਾ ਇਹ ਨਿਕਲਿਆ ਕਿ ਚੀਨ ਨੇ ਸੰਸਾਰ ਰਾਜਨੀਤੀ ਦੀ ਬਿਆਨਬਾਜ਼ੀ ਵਿੱਚ ਫਸਣ ਦੀ ਥਾਂ ਔਕੜ ਦੇ ਟਾਕਰੇ ਲਈ ਸਾਰਾ ਧਿਆਨ ਲਾਇਆ ਤੇ ਕਾਬੂ ਪਾ ਲਿਆ। ਓਥੇ ਹੋਈਆਂ ਮੌਤਾਂ ਦੀ ਗਿਣਤੀ ਸਾਢੇ ਤਿੰਨ ਹਜ਼ਾਰ ਤੀਕਰ ਆ ਕੇ ਰੁਕ ਗਈ ਹੈ, ਪਰ ਪਿੱਛੋਂ ਇਸ ਰੋਗ ਦੀ ਮਾਰ ਦਾ ਸ਼ਿਕਾਰ ਹੋਣ ਵਾਲੇ ਇਟਲੀ ਵਿੱਚ ਉਸ ਤੋਂ ਚਾਰ ਗੁਣਾਂ ਤੇ ਨਾਲ ਲੱਗਦੇ ਸਪੇਨ ਵਿੱਚ ਵੀ ਲਗਭਗ ਏਨੀਆਂ ਹੋ ਚੁੱਕੀਆਂ ਹਨ। ਮਰਜ਼ ਦੀ ਮਾਰ ਹੇਠ ਆਉਣ ਉੱਤੇ ਇਰਾਨ ਲਈ ਅਮਰੀਕਾ ਨੇ ਮਦਦ ਦੀ ਪੇਸ਼ਕਸ਼ ਚੋਭ ਲਾਉਣ ਵਾਂਗ ਕੀਤੀ ਸੀ, ਉਸ ਦੇਸ਼ ਨੇ ਬਿਮਾਰੀ ਨੂੰ ਠੱਲ੍ਹ ਪਾ ਲਈ ਅਤੇ ਸਵਾ ਤਿੰਨ ਹਜ਼ਾਰ ਮੌਤਾਂ ਉੱਤੇ ਰੁਕ ਗਿਆ ਹੈ, ਪਰ ਉਸ ਤੋਂ ਪਿੱਛੋਂ ਇਸ ਰਾਹੇ ਪਿਆ ਅਮਰੀਕਾ ਉਸ ਤੋਂ ਢਾਈ ਗੁਣਾਂ ਆਪਣੇ ਲੋਕ ਬਿਮਾਰੀ ਦੇ ਕਾਰਨ ਗੁਆ ਚੁੱਕਾ ਹੈ। ਬਿਮਾਰੀ ਦੀ ਸ਼ੁਰੂਆਤ ਦਾ ਫਰਕ ਵੀ ਨੋਟ ਕਰਨ ਵਾਲਾ ਹੈ। ਅਮਰੀਕਾ ਵਿੱਚ ਮੌਤਾਂ ਹੋਣ ਵਾਲਾ ਸਿਲਸਿਲਾ 29 ਫਰਵਰੀ ਨੂੰ ਸ਼ੁਰੂ ਹੋਇਆ ਸੀ, ਇਰਾਨ ਵਿੱਚ ਪਹਿਲੀ ਮੌਤ 19 ਫਰਵਰੀ ਨੂੰ ਹੋਈ ਸੀ ਤੇ ਇਟਲੀ ਵਿੱਚੋਂ ਪਹਿਲੀ ਮਾੜੀ ਖਬਰ 21 ਫਰਵਰੀ ਨੂੰ ਆਈ ਸੀ, ਜਦ ਕਿ ਫਰਾਂਸ ਵਿੱਚ ਮੌਤਾਂ ਦਾ ਚੱਕਰ 15 ਫਰਵਰੀ ਨੂੰ ਸ਼ੁਰੂ ਹੋਇਆ ਸੀ। ਚੀਨ ਵਿੱਚ ਇਹ ਮਾਰ ਬਹੁਤ ਪਹਿਲਾਂ ਸ਼ੁਰੂ ਹੋ ਚੁੱਕੀ ਸੀ ਅਤੇ ਬਾਈ ਜਨਵਰੀ ਤੋਂ ਪਹਿਲਾਂ ਸਤਾਰਾਂ ਮੌਤਾਂ ਹੋ ਚੁੱਕੀਆਂ ਸਨ। ਉਸ ਦੇ ਬਾਅਦ ਕਈ ਦਿਨ ਗਰਾਫ ਚੜ੍ਹਦਾ ਗਿਆ। ਉਸ ਨੇ ਰੋਕਣ ਵਿੱਚ ਸਫਲਤਾ ਇਸ ਕਰ ਕੇ ਹਾਸਲ ਕਰ ਲਈ ਕਿ ਉਸ ਦੇਸ਼ ਦੇ ਲੋਕ ਆਪਣੀ ਸਰਕਾਰ ਦੇ ਲਾਗੂ ਕੀਤੇ ਲਾਕਡਾਊਨ ਦੀ ਉਲੰਘਣਾ ਕਰਨ ਦੀ ਹਿੰਮਤ ਕਰਨ ਵਾਲੇ ਨਹੀਂ, ਦੂਸਰੇ ਪਾਸੇ ਅਮਰੀਕਾ ਦਾ ਰਾਸ਼ਟਰਪਤੀ ਖੁਦ ਹੀ ਕਿਸੇ ਲਾਕਡਾਊਨ ਦੀ ਜ਼ਰੂਰਤ ਨਹੀਂ ਸੀ ਸਮਝਦਾ। ਜਾਪਾਨ ਤੇ ਦੱਖਣੀ ਕੋਰੀਆ ਜਾਂ ਸਿੰਗਾਪੁਰ ਨੇ ਵੀ ਲੋਕਾਂ ਦੇ ਏਸੇ ਸਹਿਯੋਗ ਨਾਲ ਬਿਮਾਰੀ ਕੰਟਰੋਲ ਕੀਤੀ ਸੀ, ਪਰ ਇਟਲੀ, ਫਰਾਂਸ ਤੇ ਹੋਰ ਦੇਸ਼ ਇਸ ਤਰ੍ਹਾਂ ਦਾ ਬੰਧੇਜ ਬੱਧ ਲਾਕਡਾਊਨ ਕਰਨ ਵਿੱਚ ਸਫਲ ਨਹੀਂ ਸੀ ਹੋ ਸਕੇ। ਪਹਿਲਾਂ ਇਹ ਕੰਮ ਬੇਦਿਲੀ ਨਾਲ ਤੇ ਬਹੁਤ ਨਰਮੀ ਨਾਲ ਕੀਤਾ ਜਾਂਦਾ ਰਿਹਾ ਸੀ, ਜਿਸ ਕਾਰਨ ਇਹ ਬਿਮਾਰੀ ਵਧ ਗਈ ਹੋ ਸਕਦੀ ਹੈ।

ਅਕਲਮੰਦੀ ਇਸ ਗੱਲ ਵਿੱਚ ਹੁੰਦੀ ਹੈ ਕਿ ਕਿਸੇ ਦੂਸਰੇ ਦਾ ਹੱਥ ਸੜਿਆ ਵੇਖ ਕੇ ਸੜਨ ਤੋਂ ਬਚਣ ਦਾ ਕੁਝ ਢੰਗ ਸੋਚਿਆ ਜਾਵੇ, ਪਰ ਏਥੇ ਇਹੋ ਜਿਹੀ ਗੱਲ ਸਿੱਖਣ ਦੀ ਥਾਂ ਕੁਝ ਕਾਰੋਬਾਰ, ਕੁਝ ਰਾਜਨੀਤੀ ਅਤੇ ਦੋਵਾਂ ਨਾਲੋਂ ਵੱਧ ਸੰਸਾਰ ਕੂਟਨੀਤੀ ਵੱਲ ਧਿਆਨ ਦੇਣ ਕਰ ਕੇ ਨੁਕਸਾਨ ਹੋਇਆ ਹੈ। ਨੁਕਸਾਨ ਸਿਰਫ ਇਟਲੀ, ਇਰਾਨ, ਫਰਾਂਸ ਜਾਂ ਅਮਰੀਕਾ ਦਾ ਨਹੀਂ ਸਮਝਣਾ ਚਾਹੀਦਾ, ਇਹ ਮਨੁੱਖਤਾ ਦਾ ਨੁਕਸਾਨ ਹੈ ਅਤੇ ਅਗਲੀ ਗੱਲ ਇਹ ਕਿ ਜੇ ਇਸ ਗਲਤੀ ਤੋਂ ਅਜੇ ਤੱਕ ਵੀ ਨਾ ਸਿੱਖਿਆ ਗਿਆ ਤਾਂ ਹੋਰ ਦੇਸ਼ਾਂ ਦੇ ਲੋਕਾਂ ਨੂੰ ਵੀ ਇਹ ਨੁਕਸਾਨ ਭੁਗਤਣਾ ਪੈ ਸਕਦਾ ਹੈ। ਭਾਰਤ ਵਿੱਚ ਅਜੇ ਬਚਾਅ ਦੀ ਹਾਲਤ ਜਾਪਦੀ ਹੈ। ਅਸੀਂ ਸੁੱਖ ਮੰਗਾਂਗੇ ਕਿ ਸਾਡਾ ਦੇਸ਼ ਇਸ ਮਾਰ ਤੋਂ ਬਚਿਆ ਰਹੇ, ਪਰ ਇਸ ਲਈ ਕਿਸੇ ਸਰਕਾਰ ਦੇ ਸਿਰ ਸਾਰੀ ਜ਼ਿਮੇਵਾਰੀ ਛੱਡ ਕੇ ਨਹੀਂ ਬਚਿਆ ਜਾ ਸਕਦਾ। ਲੋਕਾਂ ਨੂੰ ਵੀ ਇਸ ਦਾ ਸਹਿਯੋਗ ਕਰਨਾ ਪਵੇਗਾ ਤੇ ਇਹ ਸੋਚ ਕੇ ਕਰਨਾ ਪਵੇਗਾ ਕਿ ਜੀਣ-ਮਰਨ ਇਸ ਵਕਤ ਸਭ ਦਾ ਦਾਅ ਉੱਤੇ ਲੱਗ ਚੁੱਕਾ ਹੈ। ਵੇਲਾ ਕਾਫੀ ਨਾਜ਼ਕ ਹੈ।

# ਮਰਕਜ਼ ਦੀ ਕੁਤਾਹੀ, ਪਰ ਕੇਂਦਰ ਸਰਕਾਰ ਮਹਾਰਾਸ਼ਟਰ ਸਰਕਾਰ ਜਿੰਨੀ ਚੁਸਤ ਨਹੀਂ ਸੀ

-ਐਨ ਕੇ ਸਿੰਘ-



ਦਿੱਲੀ ਦੇ ਨਿਜ਼ਾਮੁਦੀਨ ਵਾਂਗ ਮਹਾਰਾਸ਼ਟਰ ਵਿੱਚ ਮੁੰਬਈ ਤੋਂ 50 ਕਿਲੋਮੀਟਰ ਦੂਰ ਵਸਾਈ ਦੇ ਇਲਾਕੇ ਵਿੱਚ ਤਬਲੀਗੀ ਜਮਾਤ ਦੀ ਸਭਾ ਹੋਣੀ ਸੀ, ਜਿਸ ਦੀ ਇਜਾਜ਼ਤ ਮਹਾਰਾਸ਼ਟਰ ਸਰਕਾਰ ਤੋਂ ਜਨਵਰੀ 'ਚ ਲਈ ਗਈ ਸੀ, ਪਰ ਜਦੋਂ ਕੋਰੋਨਾ ਨਾਲ ਪਹਿਲੀ ਮੌਤ ਹੋਈ, ਰਾਜ ਸਰਕਾਰ ਨੂੰ ਆਯੋਜਕਾਂ ਨੇ ਕਿਹਾ ਕਿ ਉਹ ਸਭਾ ਕਰਨਗੇ ਤਾਂ ਸਰਕਾਰ ਨੇ ਉਸੇ ਸਖ਼ਤੀ ਨਾਲ ਸੰਦੇਸ਼ ਦਿੱਤਾ ਕਿ ਅਜਿਹਾ ਕਰਨਾ ਉਨ੍ਹਾਂ ਨੂੰ ਮਹਿੰਗਾ ਪੈ ਸਕਦਾ ਹੈ। ਦਿੱਲੀ ਦੇ ਨਿਮਾਜ਼ੁਦੀਨ ਦੇ ਕੇਸ 'ਚ ਕੇਂਦਰ ਦੀ ਸਰਕਾਰ ਇੰਨੀ ਚੁਸਤ ਨਹੀਂ ਨਿਕਲੀ। ਭਾਰਤੀ ਮੀਡੀਆ ਦੀ ਸੁਚੇਤਤਾ ਅਤੇ ਪੈਠ ਕਾਰਨ ਸੜਕ 'ਤੇ ਚੱਲ ਰਹੇ ਹਰ ਵਿਅਕਤੀ ਨੂੰ ਹੋਲੀ ਤੋਂ ਇੱਕ ਹਫ਼ਤਾ ਪਹਿਲਾਂ ਪਤਾ ਲੱਗ ਗਿਆ ਸੀ ਕਿ ਕੋਰੋਨਾ ਦੀ ਮਹਾਮਾਰੀ ਵਿਦੇਸ਼ ਤੋਂ ਆ ਰਹੀ ਹੈ। ਇਹ ਵੀ ਪਤਾ ਸੀ ਕਿ ਭਾਰਤ 'ਚ ਇਸ ਦਾ ਪਸਾਰ ਵਿਦੇਸ਼ਾਂ ਤੋਂ ਪਿਛਲੇ ਕੁਝ ਹਫ਼ਤਿਆਂ 'ਚ ਆਉਣ ਵਾਲੇ ਲੋਕਾਂ, ਉਹ ਵਿਦੇਸ਼ੀ ਨਾਗਰਿਕ ਹੋਣ ਜਾਂ ਭਾਰਤੀ, ਰਾਹੀਂ ਹੋ ਰਿਹਾ ਹੈ। ਇਸ ਹਾਲਤ 'ਚ ਰਾਜਧਾਨੀ ਦਿੱਲੀ ਦੇ ਨਿਮਾਜ਼ੁਦੀਨ ਵਿਚਲੇ ਤਬਲੀਗੀ ਜਮਾਤ ਦੇ ਮਰਕਜ਼ (ਹੈਡਕੁਆਰਟਰਜ਼) ਵਿਖੇ ਮਾਰਚ 13-15 ਤੱਕ ਮੀਟਿੰਗ ਕਿਵੇਂ ਹੋਈ। ਸਰਕਾਰ ਨੇ ਉਸੇ ਦਿਨ 200 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾਈ ਸੀ। ਇਸ ਮੀਟਿੰਗ 'ਚ ਦੋ ਹਜ਼ਾਰ ਤੋਂ ਵੱਧ ਲੋਕਾਂ ਨੇ, ਜਿਨ੍ਹਾਂ 'ਚ ਜਮਾਤ ਦੇ ਕਰੀਬ 824 ਵਿਦੇਸ਼ੀ ਵਰਕਰ (ਮੌਲਾਨਾ) ਸਨ, ਹਿੱਸਾ ਲਿਆ ਅਤੇ ਫਿਰ ਪੂਰੇ ਦੇਸ਼ 'ਚ ਫੈਲ ਗਏ। ਨਤੀਜੇ ਵਜੋਂ ਅੱਜ ਸਾਰੇ ਸੰਭਵ ਸਰਕਾਰੀ ਯਤਨਾਂ ਅਤੇ ਸਮਾਜਿਕ ਚੇਤਨਾ ਦੇ ਬਾਵਜੂਦ ਕਰੀਬ 139 ਕਰੋੜ ਦੇਸ਼ਵਾਸੀਆਂ ਦਾ ਜੀਵਨ ਕੋਰੋਨਾ ਦੇ ਇੱਕ ਨਵੇਂ ਸੰਕਟ 'ਚ ਆ ਚੁੱਕੇ ਹੈ।

ਭਾਰਤ ਨੇ ਕਿਸੇ ਵਿਦੇਸ਼ੀ ਨਾਗਰਿਕ ਨੂੰ ਦੇਸ਼ 'ਚ ਆਉਣ ਦੀ ਇਜਾਜ਼ਤ ਭਾਵ ਵੀਜ਼ਾ ਦੇਣ ਦੇ 17 ਵਰਗ ਬਣਾਏ ਹਨ। ਇਨ੍ਹਾਂ 'ਚੋਂ ਇੱਕ ਟੂਰਿਸਟ ਵੀਜ਼ਾ ਹੈ, ਦੂਸਰਾ ਮਿਸ਼ਨਰੀ ਵੀਜ਼ਾ ਅਤੇ ਤੀਸਰਾ ਕਾਨਫਰੰਸ ਵੀਜ਼ਾ। ਦਹਾਕਿਆਂ ਤੋਂ ਇਹ ਧਰਮ-ਪ੍ਰਚਾਰਕ ਅਜਿਹੀਆਂ ਮੀਟਿੰਗਾਂ ਤੇ ਧਰਮ ਪ੍ਰਚਾਰ ਲਈ ਟੂਰਿਸਟ ਵੀਜ਼ਾ ਲੈ ਕੇ ਆਉਂਦੇ ਰਹੇ ਹਨ, ਜਦਕਿ ਟੂਰਿਸਟ ਵੀਜ਼ਾ ਦਾ ਮਕਸਦ ਇਹ ਹੁੰਦਾ ਹੈ ਕਿ ਵਿਦੇਸ਼ੀ ਯਾਤਰੀ ਭਾਰਤ ਦੇ ਸੈਰ-ਸਪਾਟਾ ਕੇਂਦਰਾਂ 'ਚ ਜਾਵੇਗਾ, ਘੁੰਮੇਗਾ ਅਤੇ ਖਰਚ ਕਰੇਗਾ, ਜਿਸ ਨਾਲ ਦੇਸ਼ ਦੀ ਜੀ ਡੀ ਪੀ ਵਿੱਚ ਵਾਧਾ ਹੋਵੇਗਾ। ਧਰਮ ਦੇ ਕਾਰਜਾਂ ਲਈ ਮਿਸ਼ਨਰੀ ਵੀਜ਼ੇ ਦਾ ਪ੍ਰਬੰਧ ਕੀਤਾ ਗਿਆ ਹੈ, ਜਦ ਕਿ ਮੀਟਿੰਗ ਜਾਂ ਕਾਨਫਰੰਸ ਲਈ 'ਕਾਨਫਰੰਸ ਵੀਜ਼ਾ' ਦੀ ਵਿਵਸਥਾ ਹੈ।

ਪਹਿਲਾਂ ਅਤੇ ਅੱਜ ਵੀ ਸਰਕਾਰਾਂ ਇਹ ਜਾਣਦੀਆਂ ਹੋਈਆਂ ਕਿ ਧਾਰਮਿਕ ਸੰਸਥਾਵਾਂ ਦੇ ਲੋਕ ਧਾਰਮਿਕ ਪ੍ਰਚਾਰ ਲਈ ਭਾਰਤ ਆਉਂਦੇ ਹਨ, ਇਨ੍ਹਾਂ ਨੂੰ ਨਜ਼ਰ ਅੰਦਾਜ਼ ਕਰਦੀਆਂ ਰਹੀਆਂ। ਇਹ ਮਿਸ਼ਨਰੀ ਟੂਰਿਸਟ ਵੀਜ਼ਾ ਇਸ ਕਰ ਕੇ ਲੈਂਦੇ ਹਨ ਕਿ ਸਰਕਾਰ ਮਿਸ਼ਨਰੀ ਵੀਜ਼ਾ ਦੇਣ ਤੋਂ ਪਹਿਲਾਂ ਉਸ ਸੰਸਥਾ ਦੀ ਛਾਣਬੀਣ ਸਖ਼ਤੀ ਨਾਲ ਕਰਦੀ ਹੈ ਅਤੇ ਫਿਰ ਇਸ ਵੀਜ਼ੇ ਦੀ ਮਿਆਦ 'ਚ ਸਰਕਾਰ ਦੀ ਸਖ਼ਤ ਨਜ਼ਰ ਇਨ੍ਹਾਂ ਵਿਦੇਸ਼ੀ ਮਿਸ਼ਨਰੀਆਂ 'ਤੇ ਹੁੰਦੀ ਹੈ ਅਤੇ ਉਨ੍ਹਾਂ ਨੂੰ ਦੱਸਣਾ ਹੁੰਦਾ ਹੈ ਕਿ ਉਹ ਫਲਾਣੇ ਸ਼ਹਿਰ ਕਿਉਂ ਜਾ ਰਹੇ ਹਨ।

ਪਹਿਲਾ ਮਾਮਲਾ ਤੇਲੰਗਾਨਾ ਸਰਕਾਰ ਦੀ ਤੱਤਪਰਤਾ ਤੋਂ ਪਤਾ ਲੱਗਾ। ਉਥੋਂ ਦੇ ਡਾਕਟਰਾਂ ਨੇ ਦਿੱਲੀ ਦੇ ਨਿਮਾਜ਼ੁਦੀਨ ਮਰਕਜ਼ ਦੀ ਮੀਟਿੰਗ ਤੋਂ ਬਾਅਦ ਆਏ ਤਬਲੀਗੀ ਜਮਾਤ ਦੇ ਇੱਕ ਇੰਡੋਨੇਸ਼ੀਆਈ ਮੌਲਾਨਾ ਨੂੰ ਮਾਰਚ 16 ਨੂੰ ਪਾਜ਼ੇਟਿਵ ਪਾਇਆ ਅਤੇ ਕੇਂਦਰੀ ਗ੍ਰਹਿ ਮੰਤਰਾਲਾ ਨੂੰ ਸੂਚਨਾ ਦਿੱਤੀ। ਬਾਅਦ ਦੇ ਪੰਜ ਦਿਨਾਂ 'ਚ ਤੇਲੰਗਾਨਾ ਦੀ ਸਰਕਾਰ ਨੂੰ ਸਮਝ ਆਇਆ, ਜਿਹੜੇ ਛੇ ਵਿਅਕਤੀ ਕੋਰੋਨਾ ਨਾਲ ਮਰੇ ਹਨ, ਉਹ ਸਾਰੇ ਇਸ ਮੀਟਿੰਗ 'ਚ ਸ਼ਾਮਲ ਹੋਣ ਗਏ ਸਨ ਜਾਂ ਇਸ ਇੰਡੋਨੇਸ਼ੀਆਈ ਮੌਲਾਨਾ ਦੇ ਸੰਪਰਕ 'ਚ ਸਨ। ਉਨ੍ਹਾਂ ਨੇ ਫਿਰ ਦਿੱਲੀ ਦੇ ਸਿਹਤ ਮੰਤਰਾਲਾ ਨੂੰ ਸੁਚੇਤ ਕੀਤਾ।

ਬਿਊਰੋ ਆਫ ਇਮੀਗ੍ਰੇਸ਼ਨ (ਬੀ ਓ ਆਈ) ਤੋਂ ਇੱਕ ਫਰਵਰੀ ਤੋਂ ਗ੍ਰਹਿ ਮੰਤਰਾਲਾ ਨੂੰ ਮਿਲ ਰਹੀ ਜਾਣਕਾਰੀ ਅਨੁਸਾਰ ਬੀਤੀ ਇੱਕ ਜਨਵਰੀ ਤੋਂ 2100 ਤਬਲੀਗੀ ਜਮਾਤ ਦੇ ਵਿਦੇਸ਼ੀ ਮੌਲਾਨ ਭਾਰਤ ਆਏ ਅਤੇ ਇਨ੍ਹਾਂ 'ਚੋਂ ਲਗੱਭਗ ਇੱਕ ਹਜ਼ਾਰ ਰੁਕ ਗਏ। ਇਨ੍ਹਾਂ 'ਚੋਂ ਬਹੁਤੇ ਦਿੱਲੀ ਦੇ ਨਿਮਾਜ਼ੁਦੀਨ ਦੇ ਮਰਕਜ਼ ਦੇ ਕੰਪਲੈਕਸ 'ਚ ਰਹਿੰਦੇ ਰਹੇ ਜਾਂ ਦੇਸ਼ ਦੇ 19 ਰਾਜਾਂ ਦੀਆਂ ਵੱਡੀਆਂ ਮਸਜਿਦਾਂ 'ਚ ਚਲੇ ਗਏ। ਕੀ ਧਰਮ ਦੇ ਇਨ੍ਹਾਂ ਠੇਕੇਦਾਰ ਆਯੋਜਕਾਂ ਨੂੰ ਇੰਨੀ ਸਮਝ ਨਹੀਂ ਸੀ ਕਿ ਵਿਦੇਸ਼ ਤੋਂ ਜੋ ਲੋਕ ਸ਼ਾਮਲ ਹੋਣ ਆ ਰਹੇ ਹਨ, ਉਨ੍ਹਾਂ ਬਾਰੇ ਪਹਿਲਾਂ ਸਰਕਾਰ ਨੂੰ ਦੱਸਣ ਅਤੇ ਫਿਰ ਜਾਂਚ ਲਈ ਪੇਸ਼ ਕਰਨ। ਪਟਨਾ 'ਚ ਅਜਿਹੀ ਇੱਕ ਇਬਾਦਤਗਾਹ 'ਚੋਂ 20 ਵਿਦੇਸ਼ੀ ਸਥਾਨਕ ਲੋਕਾਂ ਦੀ ਚੌਕਸੀ ਨਾਲ ਗ੍ਰਿਫ਼ਤਾਰ ਹੋਏ। ਕੀ ਉਸ ਧਾਰਮਿਕ ਸਥਾਨ ਦੇ ਪ੍ਰਬੰਧਕ ਦੀ ਜ਼ਿੰਮੇਵਾਰੀ ਨਹੀਂ ਸੀ ਕਿ ਅਜਿਹੇ ਲੋਕਾਂ ਨੂੰ ਕੁਆਰੰਟਾਈਨ 'ਚ ਜਾਣ ਲਈ ਮਜ਼ਬੂਰ ਕਰਨ ਅਤੇ ਫਿਰ ਸਰਕਾਰ ਨੂੰ ਦੱਸਣ।

ਨੌਂ ਮਾਰਚ ਨੂੰ ਹੋਲੀ 'ਤੇ ਸ਼ਾਇਦ ਹੀ ਕਿਤੇ 2-4 ਵਿਅਕਤੀ ਇਕੱਠੇ ਹੋਏ, ਹੋਣ ਪਰ ਇਹ ਵਿਦੇਸ਼ੀ ਘੁੰਮ-ਘੁੰਮ ਕੇ ਦੇਸ਼ 'ਚ ਸਭਾਵਾਂ/ ਮੀਟਿੰਗਾਂ ਕਰਦੇ ਰਹੇ। ਜਦੋਂ ਆਮ ਜਨਤਾ ਹੋਲੀ ਵਰਗਾ ਤਿਉਹਾਰ ਮਨਾਉਣ ਤੋਂ ਚੌਕਸੀ ਵਜੋਂ ਗੁਰੇਜ਼ ਕਰਨ ਲੱਗੀ ਸੀ ਤਾਂ ਕੀ ਇੰਟੈਲੀਜੈਂਸ ਬਿਊਰੋ (ਆਈ ਬੀ) ਨੂੰ ਸਰਕਾਰ ਨੂੰ ਚੌਕਸ ਨਹੀਂ ਕਰਨਾ ਚਾਹੀਦਾ ਸੀ?

ਨਿਮਾਜ਼ੁਦੀਨ ਦੇ ਅਜਿਹੇ ਕਈ ਸੰਗਠਨਾਂ ਦੀਆਂ ਸਰਗਮੀਆਂ ਦੀ ਸੂਹ ਲਈ ਆਈ ਬੀ ਦੇ ਇੱਕ ਡੀ ਸੀ ਆਈ ਓ (ਡਿਪਟੀ ਐਸ ਪੀ) ਰੈਂਕ ਦੇ ਅਫ਼ਸਰ ਦੀ ਨਿਗਰਾਨੀ ਵਿੱਚ ਦੋ ਸਹਾਇਕ ਇੰਟੈਲੀਜੈਂਸ ਅਫ਼ਸਰਾਂ ਦੀ ਡਿਊਟੀ ਰਹਿੰਦੀ ਹੈ। ਕੀ ਉਨ੍ਹਾਂ ਨੇ ਨਹੀਂ ਦੱਸਿਆ ਕਿ 13 ਮਾਰਚ ਤੋਂ ਅਗਲੇ ਤਿੰਨ ਦਿਨਾਂ ਤੱਕ ਡੇਢ ਦਰਜਨ ਰਾਜਾਂ ਦੇ ਸੈਂਕੜੇ ਮੌਲਾਨਾ ਇਸ ਜਲਸੇ 'ਚ ਪਹੁੰਚੇ ਹਨ, ਜਦ ਕਿ ਉਸ ਦਿਨ 200 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਸਰਕਾਰੀ ਪਾਬੰਦੀ ਸੀ? ਜ਼ਾਹਿਰ ਹੈ ਇਸ ਸੂਚਨਾ ਤੋਂ ਬਾਅਦ ਦੀ ਛਾਣਬੀਣ 'ਚ ਸਿਹਤ ਵਿਭਾਗ ਅਤੇ ਪੁਲਸ ਨੂੰ ਚਾਰ ਦਿਨ ਇਹ ਪਤਾ ਕਰਨ 'ਚ ਲੱਗ ਗਏ ਕਿ ਕਿੰਨੇ ਵਿਦੇਸ਼ੀ ਮੌਲਾਨੇ ਇਸ ਸਮੇਂ ਭਾਰਤ ਦੇ ਕਿਹੜੇ-ਕਿਹੜੇ ਹਿੱਸਿਆਂ 'ਚ ਗਏ ਹਨ ਅਤੇ ਮੀਟਿੰਗ 'ਚ ਕਿੰਨੇ ਭਾਰਤੀ ਲੋਕ ਸ਼ਾਮਲ ਹੋਏ ਸਨ। ਅਗਲਾ ਕੰਮ ਸੀ ਤਬਲੀਗੀ ਜਮਾਤ ਦੇ ਮਰਕਜ਼ 'ਤੇ ਛਾਪੇ ਦਾ ਸੀ। ਛਾਪਾ ਪਿਆ ਤਾਂ ਪਤਾ ਲੱਗਾ ਕਿ ਸੈਂਕੜੇ ਲੋਕ ਬੀਮਾਰੀ ਫੈਲਾਉਂਦੇ ਹੋਏ ਮਰਕਜ਼ 'ਚ ਬੈਠੇ ਹਨ ਤਾਂ ਸਰਕਾਰ ਨੂੰ ਪਤਾ ਲੱਗਾ ਕਿ ਤਬਲੀਗੀ ਜਮਾਤ ਦੇ ਇਹ ਮੌਲਾਨੇ ਟੂਰਿਸਟ ਵੀਜ਼ੇ 'ਤੇ ਆਏ ਹਨ, 'ਮਿਸ਼ਨਰੀ ਵੀਜ਼ਾ' ਉਤੇ ਨਹੀਂ, ਜਦ ਕਿ ਇਹ ਸਭ ਧਰਮ ਦੇ ਪ੍ਰਸਾਰ (ਲੋਕਾਂ ਦੇ ਧਰਮ-ਪਰਿਵਰਤਨ ਦਾ ਯਤਨ) ਦਾ ਕੰਮ ਕਰਦੇ ਰਹੇ ਹਨ। ਮਿਸ਼ਨਰੀ ਵੀਜ਼ਾ ਸਮਾਂਬੱਧ ਤੇ ਘੱਟ ਸਮੇਂ ਦਾ ਹੁੰਦਾ ਹੈ ਅਤੇ ਸਰਕਾਰਾਂ ਉਸ ਦੀ ਪੂਰੀ ਜਾਂਚ ਕਰਦੀਆਂ ਹਨ। ਲਗੱਭਗ ਦੋ ਦਹਾਕਿਆਂ ਤੋਂ ਇਹ ਲੋਕ ਛੇ ਮਹੀਨਿਆਂ ਦਾ ਟੂਰਿਸਟ ਵੀਜ਼ਾ ਲੈ ਕੇ ਦੇਸ਼ 'ਚ ਘੁੰਮਦੇ ਰਹਿੰਦੇ ਹਨ ਅਤੇ ਇਨ੍ਹਾਂ 'ਚੋਂ ਵੱਡੀ ਗਿਣਤੀ ਵਿੱਚ ਇਹ ਭਾਰਤ-ਵਿਰੋਧੀ ਸਰਗਰਮੀਆਂ 'ਚ ਪਾਏ ਗਏ। ਫਿਲਹਾਲ ਇਹ ਬਹੁਤ ਵੱਡੀ ਕੁਤਾਹੀ ਹੈ ਤੇ ਤਬਲੀਗੀ ਜਮਾਤ ਦਾ ਧਰਮ ਉਤਸ਼ਾਹ ਅੱਜ ਬੇਹੱਦ ਮਹਿੰਗਾ ਪੈਣ ਜਾ ਰਿਹਾ ਹੈ। ਸਰਕਾਰ ਦੀ ਦੂਸਰੀ ਸਮੱਸਿਆ ਇਹ ਹੈ ਕਿ ਹਜ਼ਾਰਾਂ ਦੀ ਗਿਣਤੀ 'ਚ ਜੋ ਦੇਸੀ ਜਾਂ ਵਿਦੇਸ਼ੀ ਇਸ ਜਲਸੇ ਵਿੱਚ ਸ਼ਾਮਲ ਹੋਏ, ਉਹ ਕਈ ਸ਼ਹਿਰਾਂ ਦੀਆਂ ਮਸਜਿਦਾਂ ਜਾਂ ਘਰਾਂ 'ਚ ਜਾ ਕੇ ਲੱਖਾਂ ਲੋਕਾਂ ਨੂੰ ਇਹ ਬੀਮਾਰੀ ਦੇ ਚੁੱਕੇ ਹਨ। ਇਨ੍ਹਾਂ ਮੁਹੱਲਿਆਂ, ਘੁਰਨਿਆਂ 'ਚ ਰਹਿਣ (ਇੱਕ ਹੀ ਮੁੱਹਲੇ 'ਚ ਬਹੁਤ ਲੋਕਾਂ ਦਾ ਅਤੇ ਇਕਹਿਰੇ ਕਮਰੇ 'ਚ ਪੂਰੇ ਪਰਵਾਰ ਦਾ ਰਹਿਣਾ) ਕਾਰਨ ਇਸ ਰੋਗ ਦਾ ਫੈਲਾਅ ਵੀ ਪੂਰੇ ਜ਼ੋਰ 'ਤੇ ਹੋਵੇਗਾ।

# ਜ਼ਰਾ ਫਾਸਲੇ ਸੇ ਮਿਲਾ ਕਰੋ..

-ਡਾ. ਕੁਲਦੀਪ ਸਿੰਘ ਦੀਪ

'ਕੋਈ ਹਾਥ ਭੀ ਨਾ ਮਿਲਾਏਗਾ
ਜੋ ਗਲੇ ਮਿਲੋਗੇ ਤਪਾਕ ਸੇ
ਯੇ ਨਯੇ ਮਿਜ਼ਾਜ ਕਾ ਸ਼ਹਿਰ ਹੈ,
ਜ਼ਰਾ ਫਾਸਲੇ ਸੇ ਮਿਲਾ ਕਰੋ।'



ਬਸ਼ੀਰ ਬਦਰ ਦਾ ਇਹ ਸ਼ਿਅਰ ਗਲੋਬਲਾਈਜ਼ੇਸ਼ਨ ਦੇ ਦੌਰ ਵਿੱਚ ਵਿਚਰ ਰਹੇ ਆਧੁਨਿਕ ਮਨੁੱਖ ਦੇ ਸਵਾਰਥੀ ਕਿਰਦਾਰ ਦੀ ਨਿਸ਼ਾਨਦੇਹੀ ਕਰਦਾ ਹੈ। ਹਲਾਤ ਦਾ ਸਿਤਮ ਹੈ ਕਿ ਵਿਸ਼ਵੀਕਰਨ ਦੇ 'ਆਨਲਾਈਨ ਦੌਰ' ਦੀ 'ਆਫਲਾਈਨ ਮਹਾਮਾਰੀ' ਕੋਰੋਨਾ ਦੇ ਸੱਚ ਦੀ ਸਥਿਤੀ ਵੀ ਇਹ ਸ਼ੇਅਰ ਬਾਖੂਬੀ ਦੱਸਦਾ ਹੈ। ਕੋਵਿਡ-19 ਨਾਂ ਦਾ ਇਹ ਵਾਇਰਸ ਜਿਸ ਦਾ 'ਨਿੱਕ-ਨੇਮ' ਕੋਰੋਨਾ ਹੈ, ਅਜਿਹਾ ਲਾਗ ਦਾ ਰੋਗ ਹੈ ਜੋ ਇੱਕ ਤੋਂ ਦੂਜੇ ਮਨੁੱਖ ਤੱਕ ਨੱਕ, ਅੱਖ ਤੇ ਮੂੰਹ ਰਾਹੀਂ ਪਹੁੰਚਦਾ ਹੈ। ਇਸ ਤੋਂ ਬਚਾਅ ਲਈ ਮਨੁੱਖ ਨੂੰ ਜਨਤਕ ਫਾਸਲੇ (ਸੋਸ਼ਲ ਡਿਸਟੈਂਸਿੰਗ) ਦਾ ਸੰਕਲਪ ਹੋਂਦ ਵਿੱਚ ਆਉਂਦਾ ਹੈ। ਇਹ ਹਕੀਕਤ ਹੈ ਕਿ ਜਿਵੇਂ-ਜਿਵੇਂ ਯੁੱਗ ਬਦਲਦਾ ਹੈ, ਜੀਵਨ ਸ਼ੈਲੀ ਬਦਲਦੀ ਹੈ। ਤਿਵੇਂ-ਤਿਵੇਂ ਬਿਮਾਰੀਆਂ ਤੇ ਮਹਾਮਾਰੀਆਂ ਦੇ ਸਰੂਪ ਬਦਲਦੇ ਰਹਿੰਦੇ ਹਨ। ਵੀਹਵੀਂ ਸਦੀ ਵਿਗਿਆਨ ਦੀ ਸਦੀ ਸੀ ਅਤੇ 21ਵੀਂ ਸਦੀ ਵਿਗਿਆਨ ਦੇ ਨਾਲ-ਨਾਲ ਸੂਚਨਾ ਅਤੇ ਤਕਨੀਕ ਵਿੱਚ ਕਰਾਂਤੀ ਦੀ ਸਦੀ ਹੈ। ਵੀਹਵੀਂ ਸਦੀ ਤੋਂ ਪਹਿਲਾਂ ਮਨੁੱਖ ਦਾ ਦਾਇਰਾ ਸਥਾਨਕ ਸੀ।

ਪਹਾੜ, ਦਰਿਆ, ਜੰਗਲ, ਝੀਲਾਂ ਅਤੇ ਸਮੁੰਦਰ ਆਦਿ ਕੁਦਰਤੀ ਵਰਤਾਰੇ ਮਨੁੱਖ ਦਾ ਰਾਹ ਰੋਕ ਲੈਂਦੇ ਸਨ। ਇਸ ਲਈ ਮਨੁੱਖੀ ਲੱਭਤਾਂ ਵੀ ਕੁਝ ਘੇਰਿਆਂ ਤੱਕ ਸੀਮਤ ਹੋ ਜਾਂਦੀਆਂ ਸਨ ਅਤੇ ਆਫ਼ਤਾਂ ਕੁਝ ਖਿੱਤਿਆਂ ਤੱਕ ਸਿਮਟ ਜਾਂਦੀਆਂ ਸਨ। ਜੇ ਇਹ ਕਿਸੇ ਇੱਕ ਘੇਰੇ ਤੋਂ ਪਾਰ ਜਾਂਦੀਆਂ ਸਨ ਤਾਂ ਕਾਫੀ ਵਕਤ ਲੱਗ ਜਾਂਦਾ ਸੀ, ਪਰ ਜਦ ਇਹ ਮਹਾਮਾਰੀਆਂ ਫੈਲ ਜਾਂਦੀਆਂ ਸਨ ਤਾਂ ਇਲਾਜ ਪ੍ਰਣਾਲੀ ਉਨੱਤ ਨਾ ਹੋਣ ਕਾਰਨ ਮੌਤਾਂ ਦੀ ਗਿਣਤੀ ਲੱਖਾਂ-ਕਰੋੜਾਂ ਤੱਕ ਪਹੁੰਚ ਜਾਂਦੀ ਸੀ। ਪੰਜਾਬ ਵਿੱਚ 'ਕੱਤੇ ਦੀ ਬਿਮਾਰੀ' ਦੇ ਨਾਂ ਨਾਲ ਜਾਣੀ ਜਾਂਦੀ ਪਲੇਗ ਦੀ ਬਿਮਾਰੀ ਇਹੋ ਜਿਹੀ ਹੀ ਮਹਾਮਾਰੀ ਸੀ ਜਿਸ ਨੇ ਕਿਸਾਨਾਂ ਲਈ ਸਭ ਤੋਂ ਵੱਧ ਰੁਝੇਵਿਆਂ ਵਾਲੇ ਮਹੀਨੇ ਕੱਤਕ ਵਿੱਚ ਘਰ-ਘਰ ਸੱਥਰ ਵਿਛਾ ਦਿੱਤੇ ਸਨ। ਇਸੇ ਲਈ ਇਹ ਬਿਮਾਰੀ ਸਾਡੇ ਸੱਭਿਆਚਾਰਕ ਅਚੇਤ ਮਨ ਵਿੱਚ 'ਕੱਤੇ ਦੀ ਬਿਮਾਰੀ' ਨਾਲ ਜਾਣੀ ਜਾਂਦੀ ਹੈ।

ਪੂਰੇ ਵਿਸ਼ਵ 'ਚ ਅੱਜ ਤੱਕ ਦੀਆਂ ਸਾਰੀਆਂ ਮਹਾਮਾਰੀਆਂ ਦਾ ਇਤਿਹਾਸ ਦੱਸਦਾ ਹੈ ਕਿ ਮਨੁੱਖ ਜਾਤੀ ਨੇ ਸਦੀਆਂ ਦੇ ਇਤਿਹਾਸ ਵਿੱਚ ਬੇਸ਼ੱਕ ਵਿਕਾਸ ਦੇ ਅਨੇਕ ਪੜਾਅ ਤੈਅ ਕੀਤੇ, ਪਰ ਇਹ ਵਿਕਾਸ ਬਹੁਤੀ ਵਾਰ ਅਜਿਹਾ ਬੇਤਰਤੀਬਾ, ਬੇਤੁਕਾ ਅਤੇ ਸਵਾਰਥ ਭਰਪੂਰ ਸੀ ਕਿ ਕੁਦਰਤ ਅਤੇ ਮਨੁੱਖ ਦਾ ਸੰਤੁਲਨ ਵਿਗੜਦਾ ਗਿਆ। ਇਸੇ ਕਾਰਨ ਸਮੇਂ-ਸਮੇਂ ਇਹ ਮਹਾਮਾਰੀਆਂ ਫੈਲਦੀਆਂ ਗਈਆਂ। ਇਨ੍ਹਾਂ ਦੇ ਫੈਲਣ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਚੱਲ ਰਹੀ ਵਪਾਰ ਜੰਗ, ਕਬਜ਼ ਕਰਨ ਦੀ ਨੀਤੀ, ਆਬਾਦੀ ਦਾ ਦਬਾਅ, ਸਮਾਜਿਕ ਤੇ ਆਰਥਿਕ ਨਾਬਰਾਬਰੀ, ਹਥਿਆਰਾਂ ਦੇ ਅੰਨ੍ਹਵਾਹ ਜ਼ਖੀਰੇ, ਐਟਮੀ ਪ੍ਰੀਖਣਾਂ 'ਚੋਂ ਪੈਂਦਾ ਹੋਇਆ ਪ੍ਰਦੂਸ਼ਣ, ਗੰਦੀਆਂ-ਮੰਦੀਆਂ ਜੀਣ ਹਾਲਤਾਂ, ਪੌਣ-ਪਾਣੀ ਦਾ ਪ੍ਰਦੂਸ਼ਣ, ਮੌਸਮ ਵਿੱਚ ਆਇਆ ਅਸਾਵਾਪਣ, ਰੁੱਖਾਂ, ਜੰਗਲਾਂ ਅਤੇ ਕੁਦਰਤੀ ਠਾਹਰਾਂ ਦੀ ਕਮੀ ਨਾਲ ਪੈਦਾ ਅਸੰਤੁਲਨ, ਕੁਦਰਤੀ ਸਰੋਤਾਂ ਦੀ ਬੇਤਹਾਸਾਂ ਬਰਬਾਦੀ ਆਦਿ ਅਨੇਕ ਕਾਰਨ ਜ਼ਿੰਮੇਵਾਰ ਹਨ।

ਕੋਰੋਨਾ ਦਾ ਰੋਗ ਚੀਨ ਦੇ ਸ਼ਹਿਰ ਵੁਹਾਨ 'ਚ ਦਸੰਬਰ 2019 ਵਿੱਚ ਪੈਦਾ ਹੋਇਆ ਸੀ। ਕੋਵਿਡ-19 ਕਿਹਾ ਜਾਂਦਾ ਇਹ ਵਾਇਰਸ ਅੱਜ ਵਿਸ਼ਵ ਦੇ ਲਗੱਭਗ ਸਾਰੇ ਦੇਸ਼ਾਂ 'ਚ ਪੁੱਜ ਗਿਆ ਹੈ। ਪੂਰੇ ਵਿਸ਼ਵ ਵਿੱਚ ਇਸ ਦੇ ਲਗੱਭਗ ਅੱਠ ਲੱਖ ਮਾਮਲੇ ਸਾਹਮਣੇ ਆ ਚੁੱਕੇ ਹਨ। ਇਸ ਕਾਰਨ 68 ਹਜ਼ਾਰ ਦੇ ਕਰੀਬ ਲੋਕ ਮਾਰੇ ਜਾ ਚੁੱਕੇ ਹਨ ਤੇ ਢਾਈ ਲੱਕ ਤੋਂ ਵੱਧ ਮਰੀਜ਼ ਠੀਕ ਹੋ ਚੁੱਕੇ ਹਨ। ਵੱਖ-ਵੱਖ ਮੁਲਕਾਂ ਨੇ ਇਸ ਤੋਂ ਬਚਣ ਲਈ ਮੁਕੰਮਲ ਜਾਂ ਅੰਸ਼ਿਕ ਰੂਪ ਵਿੱਚ ਲਾਕਡਾਊਨ ਕੀਤਾ ਹੈ। ਭਾਰਤ ਵਿੱਚ ਵੀ 21 ਦਿਨ ਮੁਕੰਮਲ ਤੌਰ 'ਤੇ ਲਾਕਡਾਊਨ ਕੀਤਾ ਗਿਆ ਹੈ ਜੋ ਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਤਾਲਾਬੰਦੀ ਹੈ। ਇਹ ਕੋਰੋਨਾ ਇੱਕ ਵਾਇਰਸ ਨਹੀਂ, ਵਾਇਰਸਾਂ ਦਾ ਪੂਰਾ ਪਰਵਾਰ ਹੈ ਜਿਸ ਵਿੱਚ ਐਮ ਈ ਆਰ ਐਸ ਵਾਇਰਸ, ਸਾਰਸ ਆਦਿ ਕਈ ਵਾਇਰਸ ਹਨ। ਕੋਰੋਨਾ ਦੇ ਸਬੰਧ ਵਿੱਚ ਪਹਿਲੀ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਉਸ ਵਿਅਕਤੀ ਤੋਂ ਤੁਹਾਡੇ ਤੱਕ ਆਵੇਗਾ ਜੋ ਪਹਿਲਾਂ ਹੀ ਇਸ ਤੋਂ ਪ੍ਰਭਾਵਿਤ ਹੈ। ਇਸੇ ਲਈ ਇਸ ਤੋਂ ਬਚਣ ਲਈ 'ਜਨਤਕ ਫਾਸਲੇ' (ਸੋਸ਼ਲ ਡਿਸਟੈਂਸਿੰਗ) ਦਾ ਸੰਕਲਪ ਪੈਦਾ ਹੋਇਆ ਹੈ ਭਾਵ 'ਦੂਰੀ ਬਣਾਓ ਅਤੇ ਮੌਜ ਉਡਾਓ।' ਉਂਜ ਇਹ ਜਿੰਨਾ ਕਹਿਣਾ ਸੁਖਾਲਾ ਹੈ, ਕਰਨਾ ਓਨਾ ਔਖਾ ਹੈ। ਅਸੀਂ ਬਹੁਤ ਸਾਰੇ ਕਾਰਨਾਂ ਕਰ ਕੇ ਸਮਾਜ ਵਿੱਚ ਇੱਕ-ਦੂਜੇ ਨਾਲ ਜੁੜੇ ਹੁੰਦੇ ਹਾਂ। ਮਨੁੱਖੀ ਸਬੰਧਾਂ ਦੀ ਲੜੀ ਕਾਰਨ ਕੋਰੋਨਾ ਅੱਗੇ ਤੋਂ ਅੱਗੇ ਫੈਲਦਾ ਜਾ ਰਿਹਾ ਹੈ। ਇਹ ਵਾਇਰਸ 2+2+2+2+2+2 ਦੇ ਹਿਸਾਬ ਨਾਲ ਨਹੀਂ ਵੱਧਦਾ, ਬਲਕਿ 2ਣ2ਣ4ਣ16ਣ196 ਦੇ ਹਿਸਾਬ ਨਾਲ ਦਿਨਾਂ ਵਿੱਚ ਹੀ ਲੱਖਾਂ-ਕਰੋੜਾਂ ਲੋਕਾਂ ਨੂੰ ਸ਼ਿਕਾਰ ਬਣਾ ਲੈਂਦਾ ਹੈ। ਜਿਹੜਾ ਮੁਲਕ ਕੋਰੋਨਾ ਪ੍ਰਭਾਵਿਤ ਬੰਦਿਆਂ ਦੀ ਪਛਾਣ ਕਰਕੇ ਸੰਪਰਕ ਚੇਨ ਤੇ ਸਪਲਾਈ ਚੇਨ ਤੋੜ ਦਿੰਦਾ ਹੈ, ਉਹ ਇਸ ਨੂੰ ਰੋਕ ਲੈਂਦਾ ਹੈ। ਜੋ ਦੇਸ਼ ਅਜਿਹਾ ਨਹੀਂ ਕਰਦੇ ਉਹ ਮਨੁੱਖੀ, ਮਾਨਸਿਕ, ਸਰੀਰਕ, ਸਮਾਜਿਕ ਅਤੇ ਆਰਥਿਕ ਤਬਾਹੀ ਦੇ ਰਾਹ 'ਤੇ ਤੁਰ ਪੈਂਦੇ ਹਨ। ਅੱਖ, ਨੱਕ, ਮੂੰਹ ਅਤੇ ਹੱਥ ਇਸ ਵਾਇਰਸ ਤੋਂ ਪ੍ਰਭਾਵਿਤ ਹੋਣ ਦੇ ਸੰਵੇਦਨਸ਼ੀਲ ਰਸਤੇ ਹਨ। ਕੋਰੋਨਾ ਪੀੜਤ ਵਿਅਕਤੀ ਜਦ ਕਿਸੇ ਨਾਲ ਹੱਥ ਮਿਲਾਉਂਦਾ ਜਾਂ ਛਿੱਕਦਾ ਜਾਂ ਖੰਘਦਾ ਜਾਂ ਵਸਤਾਂ ਨੂੰ ਛੂੰਹਦਾ ਹੈ ਤਾਂ ਇਹ ਉਸ ਤੋਂ ਅੱਗੇ ਹੋਰਾਂ ਵਿੱਚ ਫੈਲਦਾ ਜਾਂਦਾ ਹੈ। ਪਹਿਲੀ ਗੱਲ ਇਹ ਹੈ ਕਿ ਕੋਰੋਨਾ ਤੋਂ ਘਬਰਾਉਣ ਦੀ ਲੋੜ ਨਹੀਂ। ਹਰ ਸੰਕਟ ਸਾਨੂੰ ਸਿੱਖਣ ਦੇ ਨਵੇਂ ਮੌਕੇ ਦਿੰਦਾ ਹੈ। ਇਸ ਵਾਰ ਵੀ ਸਿੱਖੋ। ਇਹ ਸਾਨੂੰ ਆਪਣੀ ਜੀਵਨ-ਸ਼ੈਲੀ ਬਦਲਣ ਦੇ ਨਵੇਂ ਮੌਕੇ ਦੇ ਰਿਹਾ ਹੈ। ਆਪਣੀਆਂ ਲੋੜਾਂ ਘਟਾਈਏਂ। ਭਾਂਤ-ਭਾਂਤ ਦੇ ਹਾਰਡ, ਜੰਕ ਤੇ ਫਾਸਟ ਫੂਡ ਸਾਡੇ ਸੁਭਾਅ ਦਾ ਹਿੱਸਾ ਬਣਦੇ ਜਾ ਰਹੇ ਸਨ। ਕੋਰੋਨਾ ਸਾਨੂੰ ਆਪਣੇ ਘਰ ਤੱਕ ਸੀਮਤ ਕਰਕੇ ਇਨ੍ਹਾਂ ਬਾਜ਼ਾਰੂ ਵਸਤਾਂ ਨੂੰ ਖਾਣ ਤੋਂ ਵਰਜਦਾ ਹੈ। ਸੰਕਟ ਦੀ ਘੜੀ ਵਿੱਚ ਸਾਨੂੰ ਆਪਣਾ ਵਕਤ ਸਿਰਜਣਾਤਮਕ ਕੰਮਾਂ ਵਿੱਚ ਲਾਉਣਾ ਚਾਹੀਦਾ ਹੈ। ਦੋਸਤੋ! ਬੇਲੋੜਾ ਬਾਹਰ ਜਾਣ ਤੋਂ ਗੁਰੇਜ਼ ਕਰੋ।

ਜੇ ਡਿਊਟੀ ਜਾਂ ਹੋਰ ਜ਼ਰੂਰੀ ਲੋੜਾਂ ਕਾਰਨ ਬਾਹਰ ਜਾਣਾ ਪੈ ਜਾਵੇ ਤਾਂ ਘੱਟ ਤੋਂ ਘੱਟ ਇੱਕ ਮੀਟਰ ਦੀ ਦੂਰੀ ਬਣਾ ਕੇ ਰੱਖੋ। ਵਾਰ-ਵਾਰ ਸਾਬਣ ਜਾਂ ਅਲਕੋਹਲ ਵਾਲੇ ਹੈਂਡ ਰਬ ਨਾਲ ਹੱਥ ਧੋਤੇ ਜਾਣ। ਅਣਧੋਤੇ ਹੱਥਾਂ ਨਾਲ ਨੱਕ, ਅੱਖਾਂ ਅਤੇ ਮੂੰਹ ਨਾ ਛੂਹੋ। ਹੋਰਾਂ ਨੂੰ ਦੂਰੋਂ ਹੱਥ ਜੋੜ ਕੇ ਨਮਸਤੇ ਜਾਂ ਸਤਿ ਸ੍ਰੀ ਅਕਾਲ ਕਹੋ। ਹੱਥ ਮਿਲਾਉਣ ਦੀ ਆਦਤ ਛੱਡਣ ਵਿੱਚ ਹੀ ਭਲਾਈ ਹੈ। ਸਫ਼ਾਈ ਦਾ ਪੂਰਾ ਖ਼ਿਆਲ ਰੱਖੋ। ਤੁਸੀਂ ਹੱਥਾਂ, ਮੋਬਾਈਲ, ਰਿਮੋਟ ਅਤੇ ਅਜਿਹੀਆਂ ਹੋਰ ਅਨੇਕਾਂ ਚੀਜ਼ਾਂ 'ਤੇ ਬੇਸ਼ੁਮਾਰ ਵਾਇਰਸ ਚੁੱਕੀ ਫਿਰਦੇ ਹੋ। ਇਹ ਚੇਤੇ ਰੱਖੋ ਕਿ ਕੋਰੋਨਾ ਵਾਇਰਸ ਤੋਂ ਪੀੜਤ ਹੋਣ ਦਾ ਮਤਲਬ ਮੌਤ ਨਹੀਂ। ਤੱਥ ਇਹ ਹੈ ਕਿ ਬਜ਼ੁਰਗਾਂ, ਬੱਚਿਆਂ, ਬਿਮਾਰਾਂ ਤੇ ਕਮਜ਼ੋਰ ਇੱਛਾ ਸ਼ਕਤੀ ਵਾਲੇ ਲੋਕਾਂ 'ਤੇ ਹੀ ਇਹ ਜਾਨਲੇਵਾ ਹੋ ਸਕਦਾ ਹੈ। ਇੱਕ ਆਮ ਇਨਸਾਨ ਕੁਝ ਦਿਨ ਵੱਖਰਾ ਰਹਿ ਕੇ ਅਤੇ ਸਾਧਾਰਨ ਡੋਜ਼ ਲੈ ਕੇ ਪੂਰੀ ਤਰ੍ਹਾਂ ਤੰਦਰੁਸਤ ਹੋ ਸਕਦਾ ਹੈ। ਕੋਰੋਨਾ ਦੀ ਸਮੱਸਿਆ ਇਹ ਨਹੀਂ ਕਿ ਇਸ ਜਾਨ ਲੈਂਦਾ ਹੈ, ਬਲਕਿ ਇਹ ਹੈ ਕਿ ਇਹ ਬਹੁਤ ਜਲਦ ਫੈਲਦਾ ਹੈ।

# ਭਾਈ ਨਿਰਮਲ ਸਿੰਘ ਖਾਲਸਾ ਵੱਲੋਂ ਹੈੱਡ ਗ੍ਰੰਥੀ ਬਾਰੇ ਲਿਖੀ ਚਿੱਠੀ ਦਾ ਨੋਟਿਸ ਕਿਸੇ ਨੇ ਕਿਉਂ ਨਾ ਲਿਆ

ਅੰਮ੍ਰਿਤਸਰ, 9 ਅਪ੍ਰੈਲ (ਪੋਸਟ ਬਿਊਰੋ)- ਰਾਸ਼ਟਰਪਤੀ ਵੱਲੋਂ ਪਦਮਸ੍ਰੀ ਐਵਾਰਡ ਨਾਲ ਸਨਮਾਨਤ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਦੁੱਖ ਦੀ ਚਿੱਠੀ ਹੀ ਉਨ੍ਹਾਂ ਦਾ ਦੁਖਦਾਇਕ ਅੰਤ ਹੋ ਨਿਬੜੀ। ਮਿਲੀ ਜਾਣਕਾਰੀ ਮੁਤਾਬਕ ਇਹ ਲਿਖਤ ਬਹੁਤ ਲੰਬੀ ਹੈ।

ਆਪਣਾ ਨਾਂਅ ਨਾ ਛਾਪਣ ਦੀ ਸ਼ਰਤ ਉੱਤੇ ਸ਼੍ਰੋਮਣੀ ਕਮੇਟੀ ਅੰਦਰਲੇ ਕੁਝ ਲੋਕਾਂ ਨੇ ਦੱਸਿਆ ਹੈ ਕਿ ਭਾਈ ਨਿਰਮਲ ਸਿੰਘ ਨੇ ਉਸ ਵਕਤ ਦੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਮੋਹਣ ਸਿੰਘ ਬਾਰੇ ਲਿਖਿਆ ਸੀ ਕਿ ਮੈਂ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਹਾਜ਼ਰੀ ਸਮੇਂ ਭਗਤ ਧੰਨਾ ਜੀ ਦਾ ਸ਼ਬਦ ਗਾਇਨ ਕੀਤਾ ਸੀ। ਸਮਾਪਤੀ ਸਮੇਂ ਮੈਨੂੰ ਭਾਈ ਮੋਹਣ ਸਿੰਘ ਨੇ ਕਿਹਾ ਕਿ ਤੁਸੀਂ ਧੰਨੇ ਜੱਟ ਦਾ ਸ਼ਬਦ ਗਾਇਣ ਕਰ ਕੇ ਬਾਬੇ ਬੁੱਢੇ ਦੀ ਗੱਦੀ ਨੂੰ ਖੁਸ਼ ਕੀਤਾ ਹੈ ਐਵੇਂ ਪੱਛੜੀਆਂ ਜਾਤਾਂ ਦੇ ਸ਼ਬਦ ਗਾਉਂਦੇ ਰਹਿੰਦੇ ਹੋ। ਭਾਈ ਨਿਰਮਲ ਸਿੰਘ ਨੇ ਲਿਖਿਆ ਕਿ ਹੈਡ ਗ੍ਰੰਥੀ ਦੇ ਮੂੰਹੋਂ ਇਹ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਨ੍ਹਾ ਦੱਸਿਆ ਕਿ ਇਸ ਗ੍ਰੰਥੀ



ਨੂੰ ਤਾਬਿਆ ਵਿੱਚ ਬੈਠੇ ਰਾਗੀ ਸਿੰਘਾਂ ਨੂੰ ਗਾਲ੍ਹਾਂ ਕੱਢਣ ਦੀ ਆਦਤ ਸੀ। ਆਪਣੇ ਬਾਰੇ ਭਾਈ ਸਾਹਿਬ ਨੇ ਕਿਹਾ ਕਿ ਮੈਂ ਵਿਦੇਸ਼ ਤੋਂ ਵਾਪਸ ਆ ਕੇ ਪਰਵਾਰ ਸਮੇਤ ਦਰਬਾਰ ਸਾਹਿਬ ਮੱਥਾ ਟੇਕਣ ਗਿਆ ਸੀ। ਪਰਿਕਰਮਾ 'ਚ ਮੋਹਣ ਸਿੰਘ ਮਿਲ ਗਏ ਤਾਂ ਮੈਂ ਫਤਹਿ ਬੁਲਾਈ ਤਾਂ ਅੱਗੋਂ ਉਨ੍ਹਾਂ ਨੇ ਮੈਨੂੰ ਕਿਹਾ 'ਚੂਹੜ ਡਮ ਆ ਗਈ ਵਿਦੇਸ਼ੋਂ?' ਜਦ ਮੈਂ ਇਤਰਾਜ਼ ਕੀਤਾ ਤਾਂ ਕਹਿਣ ਲੱਗੇ ਕਿ ਹੋਰ ਮੈਂ ਤੁਹਾਨੂੰ ਪਠਾਣ ਆਖਾਂ। ਭਾਈ ਸਾਹਿਬ ਜੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕੀਤੀ ਸ਼ਿਕਾਇਤ ਦੀ ਸੁਣਵਾਈ ਨਾ ਹੋਣ ਦਾ ਕਾਰਨ, ਹੈੱਡ ਗ੍ਰੰਥੀ ਮੋਹਣ ਸਿੰਘ ਦੀ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਨਾਲ ਰਿਸ਼ਤੇਦਾਰੀ ਹੋਣਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਨਿਰਮਲ ਸਿੰਘ ਉੱਤੇ ਨਾ ਮੰਨਣ ਯੋਗ ਇਲਜ਼ਾਮ ਲਾ ਕੇ ਡਿਊਟੀ ਤੋਂ ਫਾਰਗ ਕਰ ਦਿੱਤਾ ਗਿਆ। ਫਿਰ ਜਦੋਂ ਦੇਸ਼ ਵਿਦੇਸ਼ ਤੋਂ ਤਿੱਖੀ ਵਿਰੋਧਤਾ ਹੋਈ ਤਾਂ ਬਹਾਲ ਕਰ ਦਿੱਤਾ ਗਿਆ। ਅੰਤਲੇ ਸਮੇਂ ਭਾਈ ਸਾਹਿਬ ਨੂੰ ਕੋਰੋਨਾ ਨਾ ਹੋਣ ਦੇ ਬਾਵਜੂਦ ਦੋ ਦਿਨ ਰਿਪੋਰਟ ਪਾਜ਼ੀਟਿਵ ਆਉਣ ਪਿੱਛੋਂ ਐਲਾਨ ਕਰਨਾ, ਉਨ੍ਹਾਂ ਨੂੰ ਹਸਪਤਾਲ ਵਿੱਚ ਦਵਾਈ ਨਾ ਦੇਣਾ, ਉਨ੍ਹਾਂ ਦੀ ਦੇਹ ਨੂੰ ਅਗਨੀ ਭੇਟ ਕਰਨ ਸਮੇਂ ਰੋਲਣਾ ਆਦਿ ਬਾਰੇ ਸਿੱਖ ਸੰਗਤ ਵਿੱਚ ਕਈ ਤਰ੍ਹਾਂ ਦੀ ਚਰਚਾ ਚੱਲ ਰਹੀ ਹੈ।

# ਕਰਫਿਊ ਤੋੜਨ ਵਾਲੇ 4,959 ਲੋਕ ਖੁੱਲ੍ਹੀਆਂ ਜੇਲ੍ਹਾਂ ਵਿੱਚ ਬੰਦ

ਚੰਡੀਗੜ੍ਹ, 9 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਕਰਫਿਊ ਦੀਆਂ ਪਾਬੰਦੀਆਂ ਤੋੜਨ ਵਾਲਿਆਂ ਖ਼ਿਲਾਫ਼ ਕਾਰਵਾਈ ਤੇਜ਼ ਕਰ ਦਿੱਤੀ ਹੈ ਅਤੇ ਅੱਜ ਤੱਕ 4,307 ਕੇਸ ਦਰਜ ਕੀਤੇ ਹਨ ਅਤੇ 6,096 ਵਿਅਕਤੀਆਂ ਨੂੰ ਹਿਰਾ-ਸਤ ਵਿੱਚ ਲਿਆ ਹੈ।

ਵਰਨਣ ਯੋਗ ਹੈ ਕਿ ਕਰਫਿਊ ਤੋੜਨ ਵਾਲਿਆਂ ਨੂੰ ਖੁੱਲ੍ਹੀਆਂ ਜੇਲ੍ਹਾਂ ਵਿੱਚ ਰੱਖਣ ਲਈ ਡਿਪਟੀ ਕਮਿਸ਼ਨਰਾਂ ਨੇ ਖੇਡ ਸਟੇਡੀਅਮਾਂ ਅਤੇ ਸਕੂਲਾਂ ਦੀਆਂ ਇਮਾਰਤਾਂ ਨੂੰ ਜੇਲ੍ਹ ਐਲਾਨਿਆ ਹੈ। ਪੁਲਸ ਨੇ ਪਿਛਲੇ ਚਾਰ ਦਿਨਾਂ ਦੌਰਾਨ (ਚਾਰ ਤੋਂ ਅੱਠ ਅਪ੍ਰੈਲ ਤੱਕ) 4959 ਵਿਅਕਤੀਆਂ ਨੂੰ 13 ਜ਼ਿਲ੍ਹਿਆਂ ਦੀਆਂ ਖੁੱਲ੍ਹੀਆਂ ਜੇਲ੍ਹਾਂ ਵਿੱਚ ਭੇਜਿਆ ਹੈ। ਪਾਬੰਦੀਆਂ ਤੋੜਨ ਵਾਲੇ ਲੋਕਾਂ 'ਤੇ ਨਿਗਰਾਨੀ ਲਈ ਪੁਲਸ ਵੱਲੋਂ ਡਰੋਨ ਕੈਮਰਿਆਂ ਦੀ ਮਦਦ ਲਈ ਜਾ ਰਹੀ ਹੈ ਤੇ ਪਿੰਡਾਂ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ। ਕਈ ਜ਼ਿਲ੍ਹਿਆਂ ਵਿੱਚ ਸੇਵਾ-ਮੁਕਤ ਪੁਲਸ ਅਫ਼ਸਰਾਂ ਤੇ ਸੇਵਾਮੁਕਤ ਫ਼ੌਜੀਆਂ ਦੀਆਂ ਸੇਵਾਵਾਂ ਵੀ ਲਈਆਂ ਗਈਆਂ ਹਨ। ਸੀਨੀਅਰ ਪੁਲਸ ਅਫਸਰਾਂ ਨੇ ਕਿਹਾ ਕਿ ਉਹ ਲੋਕਾਂ ਉੱਤੇ ਸਖ਼ਤੀ ਕਾਰਵਾਈ ਨਹੀਂ ਕਰਨਾ ਚਾਹੁੰਦੇ, ਪਰ ਕੋਰੋਨਾ ਤੋਂ ਬਚਾਅ ਅਤੇ ਫੈਲਾਅ ਤੋਂ ਰੋਕਣ ਲਈ ਇਹ ਕਦਮ ਉਠਾਉਣੇ ਪਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੋਂ ਜਿੰਦਾਂ ਦੀਆਂ ਹਦਾਇਤਾਂ ਮਿਲੀਆਂ ਹਨ, ਉਨ੍ਹਾਂ ਨੂੰ ਦੇਖਦਿਆਂ ਪੰਜਾਬ ਵਿੱਚ ਕੋਰੋਨਾ ਦੇ ਖ਼ਤਰੇ ਦੇ ਬੱਦਲ ਮੰਡਰਾਅ ਰਹੇ ਹਨ ਅਤੇ ਸੂਬੇ ਵਿੱਚ ਕਣਕ ਦੀ ਵਾਢੀ ਸ਼ੁਰੂ ਹੋਣ ਤੋਂ ਪਹਿਲਾਂ ਲੋਕਾਂ ਨੂੰ ਅਨੁਸ਼ਾਸਨ 'ਚ ਲਿਆਉਣਾ ਜ਼ਰੂਰੀ ਹੈ। ਰਾਜ ਸਰਕਾਰ ਵੱਲੋਂ ਪੰਜਾਬ 'ਚ ਮੰਡੀਆ 15 ਅਪ੍ਰੈਲ ਤੋਂ ਖੋਲ੍ਹਣ ਦੀ ਯੋਜਨਾ ਬਣਾਈ ਗਈ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਵੀ ਕਿਹਾ ਹੈ ਕਿ ਸੂਬੇ ਵਿੱਚ ਵਾਇਰਸ ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਨਵੇਂ ਮਰੀਜ਼ਾਂ ਨੂੰ ਵਾਇਰਸ ਦੀ ਲਾਗ ਲੱਗਣ ਦੇ ਸਰੋਤ ਦਾ ਵੀ ਪਤਾ ਨਹੀਂ ਲੱਗਦਾ। ਸੂਬੇ ਵਿੱਚ ਪਾਬੰਦੀਆਂ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਲ ਹੈ।

## ਅੱਧ ਸੜੀ ਲਾਸ਼ ਦੀ ਪਛਾਣੀ ਗਈ, ਕਤਲ ਦਾ ਸ਼ੱਕ

ਬਟਾਲਾ, 9 ਅਪ੍ਰੈਲ (ਪੋਸਟ ਬਿਊਰੋ)- ਬਟਾਲਾ ਦੇ ਪਿੰਡ ਭੁੱਲਰ ਨੇੜਿਓ ਲੰਘਦੇ ਰਜਵਾਹੇ 'ਚੋਂ ਬੀਤੇ ਦਿਨੀਂ ਇੱਕ 30-35 ਸਾਲਾਂ ਨੌਜਵਾਨ ਦੀ ਅੱਧ ਸੜੀ ਲਾਸ਼ ਮਿਲੀ ਸੀ। ਉਸ ਦੀ ਪਛਾਨ ਨਾ ਹੋਣ ਕਰਕੇ ਥਾਣਾ ਸਦਰ ਬਟਾਲਾ ਦੀ ਪੁਲਸ ਨੇ ਲਾਸ਼ ਸਿਵਲ ਹਸਪਤਾਲ ਬਟਾਲਾ 'ਚ ਰੱਖਵਾ ਦਿੱਤੀ ਸੀ। ਮਿਲੀ ਜਾਣਕਾਰੀ ਅਨੁਸਾਰ ਉਸ ਵਿਅਕਤੀ ਦੀ ਪਛਾਣ ਹੋ ਗਈ ਅਤੇ ਪਰਵਾਰ ਨੇ ਮ੍ਰਿਤਕ ਦੀ ਦੇਹ ਦਾ ਸਸਕਾਰ ਕਰ ਦਿੱਤਾ ਹੈ। ਮ੍ਰਿਤਕ ਦੀ ਪਛਾਣ ਹਰਪ੍ਰੀਤ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਮਾਲੇਵਾਲ (ਫ਼ਤਹਿਗੜ੍ਹ ਚੂੜੀਆਂ) ਵਜੋਂ ਹੋਈ ਹੈ। ਉਸ ਦੇ ਪਿਤਾ ਦਰਬਾਰਾ ਸਿੰਘ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਕਲਾਨੌਰ ਵਿਖੇ ਡੇਲੀ ਬੇਸ ਉੱਤੇ ਫਾਈਨਾਂਸ ਦਾ ਕੰਮ ਕਰਦਾ ਸੀ। ਉਹ ਘਰੋਂ 31 ਮਾਰਚ ਨੂੰ ਕਰੀਬ ਇੱਕ ਵਜੇ ਆਪਣੇ ਫੋਨ 'ਤੇ ਗੱਲ ਕਰਦਾ ਬਾਹਰ ਚੱਲ ਗਿਆ। ਅਸੀਂ ਉਸ ਨੂੰ ਕਾਫ਼ੀ ਲੱਭਣ ਕੋਸ਼ਿਸ਼ ਕੀਤੀ ਪਰ ਉਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਮਿਲੀ। ਦਰਬਾਰਾ ਸਿੰਘ ਨੇ ਦੱਸਿਆ ਕਿ ਦੋ ਅਪ੍ਰੈਲ ਨੂੰ ਮੈਨੂੰ ਮੇਰੇ ਸਹੁਰਿਆਂ ਦਾ ਫੋਨ ਆਇਆ ਕੇ ਘੁੰਮਣਾਂ ਨੇੜੇ ਨਹਿਰ 'ਤੇ ਅੱਧ ਸੜੀ ਲਾਸ਼ ਮਿਲੀ ਹੈ, ਆ ਕੇ ਦੇਖੋ ਕਿ ਤੁਹਾਡਾ ਮੁੰਡਾ ਤਾਂ ਨਹੀਂ। ਉਸ ਤੋਂ ਬਾਅਦ ਮੈਂ ਉਸ ਦੇ ਦੋਸਤ ਬਲਜੀਤ ਨੂੰ ਨਾਲ ਲੈ ਕੇ ਸਿਵਲ ਹਸਪਤਾਲ ਬਟਾਲਾ ਜਾ ਕੇ ਲਾਸ਼ ਦੇਖੀ ਤਾਂ ਯਕੀਨ ਹੋ ਗਿਆ ਕਿ ਇਹ ਉਸੇ ਦੀ ਲਾਸ਼ ਹੈ ਪਰ ਬਲਜੀਤ ਨੇ ਮੈਨੂੰ ਕਿਹਾ ਕਿ ਨਹੀਂ ਇਹ ਹਰਪ੍ਰੀਤ ਨਹੀਂ ਹੈ। ਬਾਅਦ 'ਚ ਮੈਂ ਆਪਣੇ ਪਰਵਾਰ ਨਾਲ ਹਸਪਤਾਲ ਗਿਆ ਤਾਂ ਲਾਸ਼ ਨੂੰ ਦੁਬਾਰਾ ਦੇਖਣ ਉੱਤੇ ਸਾਨੂੰ ਯਕੀਨ ਹੋ ਗਿਆ ਕਿ ਇਹ ਲਾਸ਼ ਉਸੇ ਦੀ ਹੈ। ਮ੍ਰਿਤਕ ਦੀ ਪਤਨੀ ਕੰਵਲਜੀਤ ਕੌਰ ਨੇ ਹਰਪ੍ਰੀਤ ਸਿੰਘ ਦੇ ਕਤਲ ਹੋਣ ਦਾ ਸ਼ੱਕ ਜ਼ਾਹਿਰ ਕਰਦਿਆਂ ਉਸਦੇ ਦੋਸਤ ਨੂੰ ਇਸ ਦਾ ਜ਼ਿੰਮੇਵਾਰ ਦੱਸਿਆ ਹੈ। ਪਰਵਾਰ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਹਰਪ੍ਰੀਤ ਸਿੰਘ ਦੇ ਕਤਲ ਦੇ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਐਸ ਐਚ ਓ ਸਦਰ ਬਟਾਲਾ ਸੁਖਰਾਜ ਸਿੰਘ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਦੇ ਵਾਰਸਾਂ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ ਹੈ।

## ਪਰਵਾਸੀ ਔਰਤ ਦੇ ਸਸਕਾਰ ਲਈ ਸ਼ਮਸ਼ਾਨ ਦੇ ਬੂਹੇ ਬੰਦ ਕੀਤੇ


* ਖੇਤ ਮਾਲਕ ਨੇ ਆਪਣੀ ਜ਼ਮੀਨ 'ਤੇ ਸਸਕਾਰ ਕਰਵਾਇਆ

ਨਵਾਂਸ਼ਹਿਰ, 9 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਸ਼ੱਕ ਵਿੱਚ ਪਿੰਡ ਉਸਮਾਨਪੁਰ ਦੇ ਲੋਕਾਂ ਨੇ ਪਰਵਾਸੀ ਮਜ਼ਦੂਰ ਔਰਤ ਦਾ ਸਸਕਾਰ ਸ਼ਮਸ਼ਾਨਘਾਟ ਵਿੱਚ ਕਰਨ ਤੋਂ ਰੋਕ ਦਿੱਤਾ। ਫਿਰ ਕਿਸਾਨ ਨੇ ਆਪਣੇ ਖੇਤ ਵਿੱਚ ਸਸਕਾਰ ਕਰਵਾ ਕੇ ਗੱਲ ਨੂੰ ਅੱਗੇ ਵਧਣ ਤੋਂ ਰੋਕ ਲਈ।



ਮਿਲੀ ਜਾਣਕਾਰੀ ਅਨੁਸਾਰ ਪਰਵਾਸੀ ਔਰਤ ਪਿਛਲੇ ਕੁਝ ਸਮੇਂ ਤੋਂ ਬਿਮਾਰ ਸੀ। ਉਸ ਨੂੰ ਇਲਾਜ ਲਈ ਪੀ ਜੀ ਆਈ ਚੰਡੀਗੜ੍ਹ ਦਾਖ਼ਲ ਕਰਵਾਇਆ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇਹ ਛੇ ਅਪ੍ਰੈਲ ਨੂੰ ਪਿੰਡ ਉਸਮਾਨਪੁਰ ਲਿਆਂਦੀ ਤਾਂ ਪਿੰਡ ਵਾਸੀਆਂ ਨੇ ਸ਼ਮਸ਼ਾਨਘਾਟ ਵਿੱਚ ਸਸਕਾਰ ਕਰਨ 'ਤੇ ਰੋਕ ਲਾ ਦਿੱਤੀ। ਮਜ਼ਦੂਰਾਂ ਵੱਲੋਂ ਸ਼ਮਸ਼ਾਨਘਾਟ ਵਿੱਚ ਸੁਟਵਾਇਆ ਬਾਲਣ ਵੀ ਚੁਕਵਾ ਦਿੱਤਾ ਗਿਆ। ਸਸਕਾਰ ਲਈ ਐਸ ਸੀ ਸਮਾਜ ਦੇ ਸ਼ਮਸ਼ਾਨਘਾਟ ਵੱਲ ਰੁਖ਼ ਕੀਤਾ ਤਾਂ ਉਥੇ ਵੀ ਨਾਂਹ ਸੁਣਨ ਨੂੰ ਮਿਲੀ। ਇਸ ਮਾਮਲੇ ਬਾਰੇ ਪਿੰਡ ਵਿੱਚ ਦੋਵੇਂ ਧੜੇ ਆਹਮੋ-ਸਾਹਮਣੇ ਹੋ ਗਏ। ਪੁਲਸ ਨੇ ਮੌਕੇ 'ਤੇ ਪੁੱਜ ਸ਼ਾਂਤ ਕਰਵਾਇਆ। ਆਖ਼ਿਰ ਜਿਸ ਕਿਸਾਨ ਦੇ ਖੇਤ ਵਿੱਚ ਮਜ਼ਦੂਰ ਰਹਿੰਦੇ ਸਨ, ਉਸ ਨੂੰ ਸਮਝਾ ਕੇ ਮ੍ਰਿਤਕ ਔਰਤ ਦਾ ਸਸਕਾਰ ਕਰਵ-ਾਇਆ ਗਿਆ। ਐਸ ਐਚ ਓ ਸੁਭਾਸ਼ ਬਾਠ ਨੇ ਕਿਹਾ ਕਿ ਜੇ ਉਨ੍ਹਾਂ ਨੂੰ ਇਸ ਬਾਰੇ ਸ਼ਿਕਾਇਤ ਮਿਲਦੀ ਹੈ ਤਾਂ ਉਹ ਦੋਸ਼ੀਆਂ ਦੇ ਖ਼ਿਲਾਫ਼ ਬਣਦੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕਰਨਗੇ। ਪਿੰਡ ਦੇ ਸਰਪੰਚ ਸੁਰਿੰਦਰ ਸਿੰਘ ਨੇ ਕਿਹਾ ਕਿ ਪਿੰਡ ਵਿੱਚ ਰਹਿੰਦੇ ਹਰ ਵਿਅਕਤੀ ਦਾ ਸ਼ਮਸ਼ਾਨਘਾਟ ਵਿੱਚ ਸਸਕਾਰ ਕਰਨ ਦਾ ਪੂਰਾ ਹੱਕ ਹੈ।

## ਕਰਫਿਊ ਤੇ ਕੋਰੋਨਾ ਕਾਰਨ ਮਾਨਤਾ ਪ੍ਰਾਪਤ ਅਮਲੀਆਂ ਦਾ ਹੋਇਆ ਮੰਦਾ ਹਾਲ



ਜਗਰਾਉਂ, 9 ਅਪ੍ਰੈਲ (ਪੋਸਟ ਬਿਊਰੋ)- ਜਦੋਂ ਸੰਸਾਰ ਦੇ ਲੋਕ ਕੋਰੋਨਾ ਵਾਇਰਸ ਦੀ ਮਹਾਮਾਰੀ ਕਾਰਨ ਤੰਗ ਹਨ, ਓਦੋਂ ਪੰਜਾਬ ਵਿੱਚ ਸਰਕਾਰੀ ਕੋਟੇ ਵਿੱਚੋਂ ਅਫ਼ੀਮ ਲੈਣ ਵਾਲੇ ਮਾਨਤਾ ਪ੍ਰਾਪਤ ਲਾਇਸੈਂਸ ਹੋਲਡਰ ਬਜ਼ੁਰਗ ਦਾ 'ਕਰਫਿਊ' ਹੇਠ ਮੰਦਾ ਹਾਲ ਹੈ। ਇਸ ਇਲਾਕੇ ਵਿੱਚ ਵਡੇਰੀ ਉਮਰ ਦੇ ਕੁਝ ਸਰਕਾਰੀ ਅਮਲੀਆਂ ਨੂੰ ਪਿਛਲੇ ਕਾਫੀ ਸਮੇਂ ਤੋਂ ਸਰਕਾਰੀ ਹਸਪਤਾਲਾਂ ਰਾਹੀਂ ਮਿਲਦਾ ਅਫ਼ੀਮ ਦਾ ਕੋਟਾ ਨਹੀਂ ਮਿਲ ਰਿਹਾ ਹੈ। ਇਨ੍ਹਾਂ ਅਮਲੀਆਂ ਨੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਨਿਰਧਾਰਤ ਅਫ਼ੀਮ ਦਾ ਕੋਟਾ ਜਲਦੀ ਦਿੱਤਾ ਜਾਵੇ।

ਇਸ ਸੰਬੰਧ ਵਿੱਚ ਮਾਨਤਾ ਪ੍ਰਾਪਤ ਅਮਲੀਆਂ ਦੇ ਆਗੂ ਬਜ਼ੁਰਗ ਨੰਬਰਦਾਰ ਕਰਤਾਰ ਸਿੰਘ ਨੇ ਸਰਕਾਰ ਵੱਲੋਂ ਦਿੱਤਾ ਸਰਟੀਫਿਕੇਟ ਦਿਖਾਉਂਦੇ ਹੋਏ ਦੱਸਿਆ ਕਿ 'ਕੋਰੋਨਾਵਾਇਰਸ' ਦਾ ਕਹਿਰ ਉਨ੍ਹਾਂ ਨੂੰ ਮਾਰੇ ਜਾਂ ਨਾ, ਉਹ ਅਤੇ ਉਸ ਦੇ ਸਾਥੀ ਇਸ ਸਮੇਂ ਨਸ਼ੇ ਦੀ ਤੋਟ ਨਾਲ ਤਿਲ-ਤਿਲ ਮਰਨ ਨੂੰ ਮਜਬੂਰ ਹਨ। ਨੰਬਰਦਾਰ ਕਰਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਰਕਾਰੀ ਹਸਪਤਾਲ ਤੋਂ ਮਿਥੇ ਕੋਟੇ ਹੇਠ ਅਫ਼ੀਮ ਦੀ ਸਪਲਾਈ ਹੁੰਦੀ ਹੈ, ਪ੍ਰੰਤੂ ਇਹ ਅਫ਼ੀਮ ਮਿਲੀ ਨੂੰ ਦੇਰ ਹੋਣ ਕਾਰਨ ਅਤੇ ਕੋਟਾ ਖ਼ਤਮ ਹੋ ਗਿਆ ਅਤੇ ਉਨ੍ਹਾਂ ਦੀ ਜ਼ਿੰਦਗੀ ਖ਼ਤਰੇ 'ਚ ਹੈ।

## ਠੀਕਰੀ ਪਹਿਰੇ ਦੌਰਾਨ ਰੋਕੇ ਗਏ ਵਿਅਕਤੀ ਨੇ ਗੋਲੀ ਚਲਾਈ, ਦੋ ਜਣੇ ਜ਼ਖਮੀ

ਟਾਂਡਾ ਉੜਮੁੜ, 9 ਅਪ੍ਰੈਲ (ਪੋਸਟ ਬਿਊਰੋ)- ਪਿੰਡ ਕੰਧਾਲਾ ਜੱਟਾਂ ਵਿੱਚ ਕੱਲ੍ਹ ਰਾਤ ਕੋਰੋਨਾ ਦੀ ਮਹਾਮਾਰੀ ਕਾਰਨ ਲਾਏ ਠੀਕਰੀ ਪਹਿਰੇ ਦੌਰਾਨ ਚਲਾਈਆਂ ਗੋਲੀਆਂ ਨਾਲ ਪਿੰਡ ਦਾ ਨੌਜਵਾਨ ਤੇ ਪੰਚ ਜ਼ਖਮੀ ਹੋ ਗਏ। ਗੋਲੀ ਲੱਗਣ ਨਾਲ ਜ਼ਖਮੀ ਹੋਏ ਨੌਜਵਾਨ ਚੰਦਨਦੀਪ ਸਿੰਘ ਪੁੱਤਰ ਦਵਿੰਦਰ ਸਿੰਘ ਅਤੇ ਪੰਚ ਮਨਦੀਪ ਸਿੰਘ ਪੁੱਤਰ ਦਰਸ਼ਨ ਸਿੰਘ ਨੂੰ ਟਾਂਡਾ ਦੇ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ।



ਕੱਲ੍ਹ ਰਾਤ ਤੜਕੇ 2.30 ਵਜੇ ਇਹ ਘਟਨਾ ਵਾਪਰੀ ਹੈ ਅਤੇ ਗੋਲੀ ਚਲਾਉਣ ਵਾਲਾ ਵਿਅਕਤੀ ਵੀ ਇਸੇ ਪਿੰਡ ਦਾ ਦਿਲਦਾਰ ਸਿੰਘ ਪੁੱਤਰ ਸਤਪਾਲ ਸਿੰਘ ਦੱਸਿਆ ਗਿਆ ਹੈ। ਚੰਦਨਦੀਪ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਪਿੰਡ ਵਿੱਚ ਕੋਰੋਨਾ ਦੇ ਬਚਾਅ ਲਈ ਕਿਸੇ ਬਾਹਰੀ ਵਿਅਕਤੀ ਰੋਕਣ ਲਈ ਮੁਹ-ੱਲੇ ਦੇ ਸਾਥੀਆਂ ਇੰਦਰਜੀਤ ਸਿੰਘ, ਕਰਮਜੀਤ ਸਿੰਘ ਆਦਿ ਨਾਲ ਠੀਕਰੀ ਪਹਿਰਾ ਲਾਇਆ ਸੀ। ਜਦੋਂ ਉਨ੍ਹਾਂ ਪਿੰਡ ਦੀ ਇੱਕ ਔਰਤ ਪ੍ਰਦੀਪ ਕੌਰ ਪਤਨੀ ਰਣਜੀਤ ਸਿੰਘ ਦੇ ਘਰੋਂ ਦਾਰਾ ਸਿੰਘ ਨੂੰ ਨਿਕਲਦਿਆਂ ਦੇਖ ਕੇ ਪੁੱਛਿਆ ਕਿ ਉਹ ਰਾਤ ਇਥੇ ਕੀ ਕਰਨ ਆਇਆ ਹੈ ਤਾਂ ਉਸ ਨੇ ਅਚਾਨਕ ਆਪਣੇ ਪਿਸਤੌਲ ਨਾਲ ਉਸ ਨੂੰ ਮਾਰ ਦੇਣ ਦੀ ਨੀਤ ਨਾਲ ਗੋਲੀ ਚਲਾ ਦਿੱਤੀ, ਜੋ ਚੰਦਨਦੀਪ ਸਿੰਘ ਦੇ ਮੋਢੇ ਉੱਤੇ ਲੱਗੀ। ਗੋਲੀ ਮਾਰਨ ਪਿੱਛੋਂ ਦਿਲਦਾਰ ਸਿੰਘ ਭੱਜ ਕੇ ਆਪਣੇ ਘਰ ਚਲਾ ਗਿਆ। ਜਦੋਂ ਉਸ ਦੇ ਸਾਥੀਆਂ ਨੇ ਆਪਣੀ ਛੱਤ ਤੋਂ ਉਸ ਦਾ ਪਿੱਛਾ ਕੀਤਾ ਤਾਂ ਉਸ ਨੇ ਆਪਣੀ ਛੱਤ ਤੋਂ ਉਨ੍ਹਾਂ 'ਤੇ ਰਾਈਫਲ ਨਾਲ ਗੋਲੀਆਂ ਚਲਾ ਦਿੱਤੀਆਂ, ਜਿਸ ਦੇ ਛੱਰੇ ਮਨਦੀਪ ਸਿੰਘ ਦੇ ਲੱਗਣ ਨਾਲ ਉਹ ਵੀ ਜ਼ਖਮੀ ਹੋ ਗਿਆ। ਲੋਕਾਂ ਦਾ ਇਕੱਠ ਹੋਣ 'ਤੇ ਉਹ ਫਰਾਰ ਹੋ ਗਿਆ। ਦੋਵਾਂ ਨੌਜਵਾਨਾਂ ਨੂੰ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ। ਟਾਂਡਾ ਪੁਲਸ ਨੇ ਗੋਲੀ ਚਲਾਉਣ ਵਾਲੇ ਦਿਲਦਾਰ ਸਿੰਘ ਖਿਲਾਫ ਇਰਾਦਾ ਕਤਲ ਅਤੇ ਆਰਮਜ਼ ਐਕਟ ਦਾ ਕੇਸ ਅਤੇ ਪ੍ਰਦੀਪ ਕੌਰ ਦੇ ਖਿਲਾਫ ਸਾਜ਼ਿਸ਼ ਰਚਣ ਦਾ ਕੇਸ ਦਰਜ ਕਰ ਲਿਆ ਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੋਵੇਂ ਦੋਸ਼ੀ ਫਰਾਰ ਦੱਸੇ ਜਾ ਰਹੇ ਹਨ।


## ਗਰੀਬ ਧੀਆਂ ਦੇ ਵਿਆਹ ਕਰਨ ਵਾਲਾ ਟਰੱਕ ਵਾਲਾ ਬਾਬਾ ਕੋਰੋਨਾ ਤੋਂ ਹਾਰ ਗਿਆ

ਆਦਮਪੁਰ, 9 ਅਪ੍ਰੈਲ (ਪੋਸਟ ਬਿਊਰੋ)- ਤਿੰਨ ਦਹਾਕੇ ਪਹਿਲਾਂ ਅਮਰੀਕਾ ਗਏ ਆਦਮਪੁਰ ਦੇ ਪਿੰਡ ਜਲਪੋਤਾ ਦੇ 60 ਸਾਲਾ ਕੁਲਵਿੰਦਰ ਸਿੰਘ ਦੀ ਨਿਊ ਯਾਰਕ ਵਿੱਚ ਕੋਵਿਡ-19 ਵਾਇਰਸ ਨਾਲ ਮੌਤ ਹੋ ਗਈ।

ਅੰਮ੍ਰਿਤਧਾਰੀ ਸਰਦਾਰ ਕੁਲਵਿੰਦਰ ਸਿੰਘ ਦੀ ਨਿਊ ਯਾਰਕ ਵਿੱਚ ਟੋਇੰਗ ਕੰਪਨੀ ਸੀ। ਉਹ ਟੋ ਟਰੱਕ ਵਾਲੇ ਬਾਬਾ ਜੀ ਦੇ ਨਾਂਅ ਨਾਲ ਮਸ਼ਹੂਰ ਸਨ। ਪਰਵਾਰਕ ਸੂਤਰਾਂ ਅਨੁਸਾਰ ਸੋਮਵਾਰ ਰਾਤ ਕੁਲਵਿੰਦਰ ਸਿੰਘ ਦਾ ਦਿਹਾਂਤ ਹੋਇਆ। ਅਮਰੀਕਾ ਜਾਣ ਦੇ ਬਾਅਦ ਕੁਲਵਿੰਦਰ ਕਦੇ ਆਪਣੇ ਪਿੰਡ ਨਹੀਂ ਆਏ, ਪਰ ਉਥੇ ਰਹਿ ਕੇ ਪਿੰਡ ਦਾ ਵਿਕਾਸ ਕਰਵਾ ਰਹੇ ਸਨ। ਪਰਵਾਰ ਵਿੱਚ ਮਾਂ, ਪਤਨੀ ਤੇ ਦੋ ਧੀਆਂ ਹਨ। ਤਿੰਨ ਸਾਲ ਪਹਿਲਾਂ ਵੱਡੀ ਬੇਟੀ ਚਰਨਜੀਤ ਵਿਆਹ ਕਰਵਾ ਕੇ ਅਮਰੀਕਾ ਚਲੀ ਗਈ ਸੀ। ਦੂਸਰੀ ਬੇਟੀ ਕਾਲਜ ਦੀ ਵਿਦਿਆਰਥਣ ਹੈ। ਕੁਲਵਿੰਦਰ ਸਿੰਘ ਦਾ ਭਰਾ ਅਤੇ ਤਿੰਨ ਭੈਣਾਂ ਵੀ ਵਿਦੇਸ਼ ਵਿੱਚ ਹਨ। ਸਾਬਕਾ ਸਰਪੰਚ ਕੁਲਦੀਪ ਸਿੰਘ ਤੇ ਮੌਜੂਦਾ ਸਰਪੰਚ ਸੀਮਾ ਰਾਣੀ ਨੇ ਦੱਸਿਆ ਕਿ ਪਿੰਡ ਜਲਪੋਤਾ ਤੋਂ ਡਰੋਲੀ ਤੱਕ ਦੇ ਰਸਤੇ ਵਿੱਚ ਕੁਲਵਿੰਦਰ ਸਿੰਘ ਨੇ ਲਾਈਟਾਂ ਲਵਾਈਆਂ, ਸਰਕਾਰੀ ਸਕੂਲਾਂ ਨੂੰ ਜ਼ਰੂਰਤ ਦਾ ਸਾਮਾਨ ਦਿੱਤਾ ਅਤੇ ਕਈ ਲੋੜਵੰਦ ਪਰਵਾਰਾਂ ਦੀਆਂ ਬੱਚੀਆਂ ਦਾ ਵਿਆਹ ਕਰਵਾਇਆ ਸੀ। ਗੁਰਦੁਆਰਾ ਸਾਹਿਬ ਵਿੱਚ ਹੁੰਦੇ ਧਾਰਮਿਕ ਸਮਾਗਮਾਂ ਲਈ ਵੀ ਕੁਲਵਿੰਦਰ ਸਿੰਘ ਅਕਸਰ ਮਦਦ ਭੇਜਦੇ ਸਨ। ਨਿਊ ਯਾਰਕ ਦੇ ਹਸਪਤਾਲ ਵਿੱਚ ਕੁਲਵਿੰਦਰ ਸਿੰਘ ਇੱਕ ਹਫਤੇ ਤੱਕ ਕੋਰੋਨਾ ਨਾਲ ਲੜਦੇ ਰਹੇ, ਪਰ ਸੋਮਵਾਰ ਰਾਤ ਦਮ ਤੋੜ ਦਿੱਤਾ।

## ਪਤੀ ਨਾਲ ਝਗੜਾ ਕ ਕੇ ਖ਼ੁਦਕੁਸ਼ੀ ਕਰ ਲਈ

ਐਸ ਏ ਐਸ ਨਗਰ, 9 ਅਪ੍ਰੈਲ (ਪੋਸਟ ਬਿਊਰੋ)- ਸੋਹਾਣਾ ਥਾਣੇ ਦੇ ਪਿੰਡ ਮਨੌਲੀ ਵਿੱਚ ਪਤੀ ਨਾਲ ਖਾਣਾ ਖਾਣ ਬਾਰੇ ਹੋਏ ਝਗੜੇ ਪਿੱਛੋਂ ਇੱਕ ਔਰਤ ਨੇ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ। ਉਸ ਔਰਤ ਦੀ ਪਛਾਣ ਅੰਜੂ ਕੁਮਾਰੀ (19) ਵਜੋਂ ਹੋਈ ਹੈ, ਜੋ ਆਪਣੇ ਪਤੀ ਰਾਜ ਕੁਮਾਰ ਨਾਲ ਪਿੰਡ ਮਨੌਲੀ ਵਿੱਚ ਕਿਰ-ਾਏ ਦੇ ਮਕਾਨ 'ਚ ਰਹਿੰਦੀ ਸੀ।



ਸੋਹਾਣਾ ਥਾਣਾ ਦੇ ਐਸ ਐਚ ਓ ਦਲਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੇ ਪਰਵਾਰ ਨੂੰ ਸੂਚਿਤ ਕੀਤਾ ਗਿਆ ਹੈ, ਜੋ ਬਿਹਾਰ 'ਚ ਰਹਿੰਦੇ ਹਨ। ਉਨ੍ਹਾਂ ਦੇ ਆਉਣ ਪਿੱਛੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਮ੍ਰਿਤਕਾ ਅੰਜੂ ਦੇ ਪਤੀ ਰਾਜ ਕੁਮਾਰ ਨੇ ਪੁਲਸ ਨੂੰ ਦੱਸਿਆ ਕਿ ਲਾਕਡਾਊਨ ਕਾਰਨ ਸਭ ਕੁਝ ਬੰਦ ਹੈ, ਇਸੇ ਕਾਰਨ ਘਰ ਦਾ ਰਾਸ਼ਨ ਖਤਮ ਹੋ ਗਿਆ ਸੀ। ਕੁਝ ਸਮਾਂ ਉਹ ਬਚੇ-ਖੁਚੇ ਰਾਸ਼ਨ ਨਾਲ ਗੁਜ਼ਾਰਾ ਕਰਦੇ ਰਹੇ ਪਰ ਪਿਛਲੇ ਕੁਝ ਦਿਨਾਂ ਤੋਂ ਰਾਸ਼ਨ ਖਤਮ ਹੋਣ ਕਾਰਨ ਪਤੀ-ਪਤਨੀ ਵਿੱਚ ਝਗੜਾ ਹੋ ਰਿਹਾ ਸੀ। ਕੱਲ੍ਹ ਰਾਤ ਉਨ੍ਹਾਂ ਦੇ ਘਰ ਸਿਰਫ ਚਾਵਲ ਸਨ। ਇਸ ਕਾਰਨ ਅੰਜੂ ਰਾਜਕੁਮਾਰ ਨਾਲ ਇਸ ਗੱਲ ਦਾ ਝਗੜਾ ਕਰਨ ਲੱਗੀ ਕਿ ਉਹ ਬਿਨ੍ਹਾਂ ਸਬਜ਼ੀ ਚਾਵਲ ਕਿਵੇਂ ਖਾਏਗੀ? ਰਾਜਕੁਮਾਰ ਨੇ ਦੱਸਿਆ ਕਿ ਝਗੜਾ ਹੋਣ ਉਹ ਸਬਜ਼ੀ ਦਾ ਪ੍ਰਬੰਧ ਕਰਨ ਲਈ ਚਲਾ ਗਿਆ, ਪਰ ਮਗਰੋਂ ਅੰਜੂ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ।


## ਆਸ਼ਾ ਵਰਕਰ ਬੀਬੀਆਂ ਦੀ ਅਸਥੀਆਂ ਦੀ ਨਿਗਰਾਨੀ ਕਰਨ ਲਈ ਡਿਊਟੀ ਲੱਗੀ

ਚੰਡੀਗੜ੍ਹ, 9 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਮਰਨ ਵਾਲਿਆਂ ਦੀਆਂ ਅਸਥੀਆਂ ਦੀ ਨਿਗਰਾਨੀ ਤੇ ਰੋਜ਼ ਫੋਟੋ ਖਿੱਚ ਕੇ ਭੇਜਣ ਲਈ ਐਸ ਐਮ ਓ (ਸੀਨੀਅਰ ਮੈਡੀਕਲ ਅਫਸਰ) ਵੱਲੋਂ ਆਸ਼ਾ ਤੇ ਮਲਟੀਪਰਪਜ਼ ਹੈਲਥ ਵਰਕਰਾਂ ਦੀ ਡਿਊਟੀ ਸ਼ਮਸ਼ਾਨਘਾਟ 'ਚ ਲਾਉਣ ਦਾ ਅਜੀਬ ਮਾਮਲਾ ਸਾਹਮਣੇ ਆਇਆ ਹੈ। ਉਕਤ ਮੁਲਜ਼ਮਾਂ ਦੇ ਵਿਰੋਧ ਦੇ ਬਾਅਦ ਉਕਤ ਫੈਸਲਾ ਰੱਦ ਕੀਤੇ ਜਾਣ ਬਾਰੇ ਪਤਾ ਲੱਗਾ ਹੈ।

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਾਇਮਰੀ ਹੈਲਥ ਸੈਂਟਰ ਸੁੱਜੋਂ ਦੇ ਪਿੰਡ ਪਠਲਾਵਾ ਵਿਖੇ ਇੱਕ ਵਿਅਕਤੀ ਦੀ 18 ਮਾਰਚ ਨੂੰ ਮੌਤ ਹੋ ਗਈ ਸੀ। ਪਿੰਡ ਦੇ ਸ਼ਮਸ਼ਾਨਘਾਟ 'ਚ ਸਸਕਾਰ ਕਰਨ ਤੋਂ ਬਾਅਦ ਉਸ ਦੀਆਂ ਅਸਥੀਆਂ ਅਜੇ ਤੱਕ ਜਲ ਪਰਵਾਹ ਨਹੀਂ ਕੀਤੀਆਂ ਗਈਆਂ। ਸੀਨੀਅਰ ਮੈਡੀਕਲ ਅਫਸਰ ਸੁੱਜੋਂ ਨੇ ਸੱਤ ਅਪ੍ਰੈਲ ਨੂੰ ਪੱਤਰ ਜਾਰੀ ਕਰਕੇ ਪਠਲਾਵਾ ਪਿੰਡ ਦੀ ਆਸ਼ਾ ਵਰਕਰ ਪੁਸ਼ਪਾ ਰਾਣੀ ਅਤੇ ਮਲਟੀਪਰਪਜ਼ ਹੈਲਥ ਵਰਕਰ ਨਿਰਮਲਾ ਦੇਵੀ ਦੀ ਸ਼ਮਸ਼ਾਨਘਾਟ 'ਚ ਅਸਥੀਆਂ ਦੀ ਨਿਗਰਾਨੀ ਕਰਨ ਅਤੇ ਅਸਥੀਆਂ ਦੀ ਫੋਟੋ ਖਿੱਚ ਕੇ ਭੇਜਣ ਦੀ ਡਿਊਟੀ ਲਾ ਦਿੱਤੀ। ਪੱਤਰ ਜਾਰੀ ਹੋਣ ਪਿੱਛੋਂ ਸਿਹਤ ਮੁਲਾਜ਼ਮਾਂ ਦੇ ਰੋਸ ਨੂੰ ਦੇਖ ਕੇ ਸਿਵਲ ਸਰਜਨ ਨੇ ਇਸ ਨੂੰ ਰੱਦ ਕਰ ਦਿੱਤਾ ਹੈ। ਜਥੇਬੰਦੀਆਂ ਨੇ ਇਸ ਦਾ ਨੋਟਿਸ ਲੈਂਦਿਆਂ ਕਿਹਾ ਕਿ ਬਿਨਾਂ ਸੁਰੱਖਿਆ ਕਿੱਟਾਂ ਤੋਂ ਕੋਰੋਨਾ ਵਾਇਰਸ ਖ਼ਿਲਾਫ਼ ਲੋਕਾਂ ਨੂੰ ਜਾਗੂਰਕ ਕਰਨ, ਏਕਾਂਤਵਾਸ 'ਚ ਭੇਜਣ ਤੇ ਪੀੜਤਾਂ ਦੀ ਨਿਸ਼ਾਨਦੇਹੀ ਕਰਨ ਦੇ ਕੰਮ 'ਚ ਲਾਈਆਂ ਆਸ਼ਾ ਅਤੇ ਹੈਲਥ ਵਰਕਰਾਂ ਪਹਿਲਾਂ ਹੀ ਸਦਮੇ 'ਚ ਹਨ, ਉਪਰੋਂ ਅਜਿਹੇ ਫ਼ੁਰਮਾਨ ਹੋਰ ਵੀ ਪਰੇਸ਼ਾਨੀ ਪੈਦਾ ਕਰਨ ਵਾਲੇ ਹਨ।

# ਨਿੱਜੀ ਡਾਕਟਰਾਂ ਨੇ ਦਬਾਅ ਅੱਗੇ ਝੁਕ ਕੇ ਵਧਾਈਆਂ ਫੀਸਾਂ ਵਾਪਸ ਲਈਆਂ

ਜਲੰਧਰ, 9 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਮਾਹੌਲ ਵਿੱਚ ਆਮ ਜਨਤਾ ਨੂੰ ਰਾਹਤ ਦੇਣ ਦੀ ਬਜਾਏ ਓ ਪੀ ਡੀ ਫੀਸ ਵਧਾਉਣ ਵਾਲੇ ਨਿੱਜੀ ਹਸਪਤਾਲਾਂ ਦੇ ਮਾਲਕ ਬਚਾਅ ਉੱਤੇ ਆ ਗਏ ਹਨ। ਆਈ ਐੱਮ ਏ ਪੰਜਾਬ ਨੇ ਸਿਹਤ ਸਹੂਲਤਾਂ ਦੀ ਵਧੀ ਹੋਈ ਫੀਸ ਵਾਪਸ ਲੈਣ ਦੀ ਗੱਲ ਕਹੀ ਹੈ।



ਵਰਨਣ ਯੋਗ ਹੈ ਕਿ ਸਿਹਤ ਸਹੂਲਤਾਂ ਬਾਰੇ ਮਚੀ ਹਾਹਾਕਾਰ ਦੇ ਬਾਅਦ ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਰਾਹਤ ਦੇਣ ਦੀ ਥਾਂ ਪ੍ਰਾਈਵੇਟ ਡਾਕਟਰਾਂ ਵੱਲੋਂ ਫੀਸ ਵਧਾਉਣ ਦੀ ਹਰ ਪਾਸੇ ਚਰਚਾ ਹੋਈ ਸੀ। ਇਸ ਪਿੱਛੋਂ ਮਾਮਲਾ ਪ੍ਰਸ਼ਾਸਨ ਦੇ ਕੋਲ ਪਹੁੰਚਿਆ ਤਾਂ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਨੂੰ ਬੈਠਕ ਕਰ ਕੇ ਮੁਨਾਫਾਖੋਰੀ ਕਰਨ ਵਾਲਿਆਂ ਦੇ ਖਿਲਾਫ ਕਾਰਵਾਈ ਦੀ ਗੱਲ ਕਹੀ ਹੈ। ਆਈ ਐੱਮ ਏ ਸੂਬਾ ਪ੍ਰਧਾਨ ਡਾਕਟਰ ਨਵਜੋਤ ਸਿੰਘ ਦਹੀਆ ਨੇ ਦੱਸਿਆ ਕਿ ਉਨ੍ਹਾਂ ਨੇ ਸ਼ਹਿਰ ਦੇ ਵੱਖ-ਵੱਖ ਹਸਪਤਾਲਾਂ ਵਿੱਚ ਮਹਿੰਗੇ ਇਲਾਜ ਬਾਰੇ ਲੋਕਾਂ ਵੱਲੋਂ ਕੀਤੇ ਵਿਰੋਧ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਅਕਸਰ ਅਪ੍ਰੈਲ ਵਿੱਚ ਕਈ ਹਸਪਤਾਲਾਂ ਦੇ ਡਾਕਟਰ ਫੀਸ ਵਧਾਉਂਦੇ ਹਨ। ਇਸ ਵਾਰ ਵੀ ਇਹ ਹੀ ਹੋਇਆ ਸੀ ਅਤੇ ਕੁਝ ਡਾਕਟਰਾਂ ਨੇ ਇਸ ਨੂੰ ਡਿਸਪਲੇਅ ਕਰ ਦਿੱਤਾ। ਉਨ੍ਹਾਂ ਨੇ ਕਰਫਿਊ ਅਤੇ ਲਾਕਡਾਊਨ ਵਿੱਚ ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਦੇਖਦੇ ਹੋਏ ਆਈ ਐੱਮ ਏ ਦੇ ਆਗੂਆਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਸਾਰੇ ਡਾਕਟਰਾਂ ਨੇ ਸਿਹਤ ਸੇਵਾਵਾਂ ਦੀ ਵਧੀ ਹੋਈ ਫੀਸ ਪ੍ਰਭਾਵ ਨਾਲ ਵਾਪਸ ਲੈਣਾ ਮੰਨਿਆ ਹੈ। ਲਾਕਡਾਊਨ ਖਤਮ ਹੋਣ ਪਿੱਛੋਂ ਸਹੂਲਤਾਂ ਦੀ ਫੀਸ ਵਧਾਉਣ ਦੇ ਵਿਸ਼ੇ 'ਤੇ ਚਰਚਾ ਕੀਤੀ ਜਾਏਗੀ।

ਡਿਪਟੀ ਕਮਿਸ਼ਨਰ ਵਰਿੰਦਰ ਸ਼ਰਮਾ, ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਐੱਸ ਐੱਸ ਪੀ ਨਵਜੋਤ ਸਿੰਘ ਮਾਹਲ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਜ਼ਰੂਰੀ ਵਸਤੂਆਂ 'ਤੇ ਵੱਧ ਪੈਸੇ ਵਸੂਲਣ ਵਾਲੇ ਦੁਕਾਨਦਾਰਾਂ 'ਤੇ ਸਖਤ ਕਾਰਵਾਈ ਕੀਤੀ ਜਾਏਗੀ। ਇੰਡੀਅਨ ਮੈਡੀਕਲ ਐਸੋਸੀਏਸ਼ਨ, ਹੋਲਸੇਲ ਮੈਡੀਸਨ ਐਸੋਸੀਏਸ਼ਨ ਅਤੇ ਰਿਟੇਲ ਕੈਮਿਸਟ ਐਸੋਸੀਏਸ਼ਨ ਦੀ ਮੀਟਿੰਗ ਮੌਕੇ ਇਨ੍ਹਾਂ ਅਧਿਕਾਰੀਆਂ ਨੇ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਵੱਲੋਂ ਵੱਧ ਮੁਨਾਫਾ ਕਮਾਉਣ ਵਾਲੇ ਦੁਕਾਨਦਾਰਾਂ ਨੂੰ ਬਖਸ਼ਿਆ ਨਹੀਂ ਜਾਏਗਾ।

## ਕੈਨੇਡਾ ਤੋਂ ਪੰਜਾਬ ਆਏ ਹਜ਼ਾਰਾਂ ਐੱਨ ਆਰ ਆਈ ਕਰਫਿਊ ਵਿੱਚ ਫਸੇ

ਜਲੰਧਰ, 9 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਭਰ 'ਚ ਮਹਾਮਾਰੀ ਬਣੇ ਕੋਰੋਨਾ ਵਾਇਰਸ ਦੇ ਕੇਸਾਂ ਦਾ ਵਧਣਾ ਜਾਰੀ ਹੈ। ਭਾਰਤ 'ਚ ਕੋਰੋਨਾ ਦੇ ਮਰੀਜ਼ਾਂ ਦੀ ਗਿਣਤੀ ਵਧਣ ਤੋਂ ਰੋਕਣ ਲਈ 23 ਮਾਰਚ ਤੋਂ ਲਾਕਡਾਊਨ ਜਾਰੀ ਕੀਤਾ ਗਿਆ ਅਤੇ ਅਜੇ ਤੱਕ ਇਹ ਹੁਕਮ ਜਾਰੀ ਹੈ। ਇਸ ਕਾਰਨ ਦੇਸ਼ ਦੇ ਕਈ ਹਿੱਸਿਆਂ ਵਿੱਚ ਲੋਕ ਜਿੱਥੇ ਸਨ, ਓਥੇ ਫਸ ਗਏ ਹਨ। ਕਈ ਲੋਕ ਕਿਸੇ ਥਾਂ ਚੱਲੇ ਸਨ, ਪਰ ਰਾਹਾਂ ਵਿੱਚ ਹੀ ਫਸ ਕੇ ਰਹਿ ਗਏ ਹਨ।



ਏਸੇ ਤਰ੍ਹਾਂ ਕੈਨੇਡਾ ਤੋਂ ਪੰਜਾਬ ਆਏ ਹਜ਼ਾਰਾਂ ਐੱਨ ਆਰ ਆਈਜ਼ ਜਾਂ ਕੈਨੇਡਾ ਦੀ ਪੀ ਆਰ ਵਾਲੇ ਲੋਕ ਪੰਜਾਬ 'ਚ ਲੱਗੇ ਕਰਫਿਊ ਵਿੱਚ ਫਸ ਗਏ ਹਨ। ਕਈ ਐੱਨ ਆਰ ਆਈਜ਼ ਅਤੇ ਪੀ ਆਰ ਵਾਲਿਆਂ ਨੇ ਕੈਨੇਡਾ ਵਾਪਸੀ ਲਈ ਟਿਕਟਾਂ ਬੁੱਕ ਕਰਵਾਈਆਂ ਸਨ, ਪਰ ਕੋਰੋਨਾ ਵਾਇਰਸ ਦੀ ਵਜ੍ਹਾ ਨਾਲ ਫਲਾਈਟਸ ਕੈਂਸਲ ਹੋਣ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਲਾਕਡਾਊਨ ਖੁੱਲ੍ਹਣ ਨੂੰ ਉਡੀਕ ਹਨ। ਕੈਨੇਡਾ ਤੇ ਅਮਰੀਕਾ ਨੇ ਆਪਣੇ ਨਾਗਰਿਕ ਐੱਨ ਆਰ ਆਈਜ਼ ਦੀ ਵਾਪਸੀ ਲਈ ਰੈਸਕਿਊ ਫਲਾਈਟਸ ਚਲਾਉਣ ਦੀ ਗੱਲ ਕਹੀ ਸੀ ਤੇ ਕੱਲ੍ਹ ਕੁਝ ਲੋਕ ਇਨ੍ਹਾਂ ਫਲਾਈਟਸ ਉੱਤੇ ਕੈਨੇਡਾ ਤੇ ਅਮਰੀਕਾ ਨੂੰ ਗਏ ਵੀ ਹਨ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਮਿਲੀ ਲਿਸਟ ਮੁਤਾਬਕ ਦਸੰਬਰ ਤੋਂ ਮਾਰਚ ਤੱਕ ਲਗਭਗ ਡੇਢ ਲੱਖ ਪੰਜਾਬੀ ਕੈਨੇਡਾ, ਅਮਰੀਕਾ, ਯੂਰਪ ਅਤੇ ਦੂਜੇ ਦੇਸ਼ਾਂ ਤੋਂ ਆਏ ਹਨ। ਇਨ੍ਹਾਂ ਵਿੱਚੋਂ ਇਕੱਲੇ ਅੰਮ੍ਰਿਤਸਰ ਅਤੇ ਚੰਡੀਗੜ੍ਹ ਏਅਰਪੋਰਟ 'ਤੇ ਨੱਬੇ ਹਜ਼ਾਰ ਪੰਜਾਬੀ ਆਏ ਹਨ, ਜਦ ਕਿ ਦਿੱਲੀ ਏਅਰਪੋਰਟ 'ਤੇ ਪੰਜਾਬ ਆਉਣ ਵਾਲੇ ਲੋਕਾਂ ਦੀ ਗਿਣਤੀ 55 ਹਜ਼ਾਰ ਦੇ ਕਰੀਬ ਹੈ।



## ਸੀ ਬੀ ਆਈ ਨੇ ਰਾਜਾਂ ਵਿਚਲੀ ਪੁਲਸ ਨੂੰ ਸਾਈਬਰ ਕਰਾਈਮ ਤੋਂ ਚੌਕਸ ਕੀਤਾ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੇ ਸਾਰੇ ਸੂਬਿਆਂ ਦੀ ਪੁਲਸ ਨੂੰ ਚੌਕਸ ਕੀਤਾ ਹੈ ਕਿ ਸਾਈਬਰ ਅਪਰਾਧੀ ਹਸਪਤਾਲਾਂ ਤੇ ਹੋਰ ਸਿਹਤ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਇੰਟਰਪੋਲ ਵੱਲੋਂ ਸੰਸਾਰ ਪੱਧਰ 'ਤੇ ਦਿੱਤੀ ਗਈ ਚਿਤਾਵਨੀ ਤੋਂ ਬਾਅਦ ਸੀ ਬੀ ਆਈ ਹਰਕਤ ਵਿੱਚ ਆ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਸੀ ਬੀ ਆਈ ਨੇ ਸੂਬਿਆਂ ਦੀ ਪੁਲਸ ਦੇ ਸਾਰੇ ਅਫਸਰਾਂ ਨੂੰ ਨੋਟਿਸ ਭੇਜ ਕੇ ਸਾਈਬਰ ਅਪਰਾਧੀਆਂ ਦੀਆਂ ਗਤੀਵਿਧੀਆਂ ਬਾਰੇ ਚੌਕਸ ਕੀਤਾ ਤੇ ਕਿਹਾ ਕਿ ਇਹ ਸਾਈਬਰ ਅਪਰਾਧੀ ਈਮੇਲਾਂ ਰਾਹੀਂ ਹਸਪਤਾਲਾਂ ਦੇ ਸਿਸਟਮ ਵਿੱਚ ਸੰਨ੍ਹ ਲਾ ਕੇ ਇਸ ਦਾ ਡਾਟਾ ਚੁਰਾ ਕੇ ਅਤੇ ਜ਼ਰੂਰੀ ਦਸਤਾਵੇਜ਼ਾਂ ਤੱਕ ਪਹੁੰਚ ਰੋਕ ਕੇ ਕੋਈ ਮੰਗ ਮੰਨਵਾ ਸਕਦੇ ਹਨ। ਉਨ੍ਹਾਂ ਕਿਹਾ, 'ਸਾਈਬਰ ਅਪਰਾਧੀ ਧਮਕੀਆਂ ਦੇ ਕੇ ਹਸਪਤਾਲਾਂ ਨੂੰ ਮਿਲਦੀ ਮੈਡੀਕਲ ਸੇਵਾ ਰੋਕ ਸਕਦੇ ਹਨ ਤੇ ਉਹ ਉਸ ਸਮੇਂ ਤੱਕ ਹਸਪਤਾਲਾਂ ਦੀ ਜ਼ਰੂਰੀ ਫਾਈਲਾਂ ਤੱਕ ਪਹੁੰਚ ਬੰਦ ਕਰ ਸਕਦੇ ਹਨ ਜਦੋਂ ਤੱਕ ਉਨ੍ਹਾਂ ਦੀ ਮੰਗ ਪੂਰੀ ਨਹੀਂ ਹੋ ਜਾਂਦੀ।' ਭਾਰਤ ਦੀ ਕੌਮੀ ਏਜੰਸੀ ਸੀ ਬੀ ਆਈ ਵੱਲੋਂ ਇਸ ਮਾਮਲੇ 'ਚ ਲਿਓਨ ਆਧਾਰਤ ਇੰਟਰਪੋਲ ਨੂੰ ਸਹਿਯੋਗ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੰਟਰਪੋਲ ਨੇ ਆਪਣੇ 194 ਮੈਂਬਰ ਮੁਲਕਾਂ ਨੂੰ ਪਰਪਲ ਨੋਟਿਸ ਜਾਰੀ ਕਰ ਕੇ ਚੌਕਸ ਰਹਿਣ ਲਈ ਕਿਹਾ ਹੈ।

## ਡਾਕਟਰਾਂ ਨੇ ਆਈਸੋਲੇਸ਼ਨ ਵਾਰਡ ਵਿੱਚ ਕੋਰੋਨਾ ਸ਼ੱਕੀ ਮਹਿਲਾ ਦੀ ਨਾਰਮਲ ਡਿਲੀਵਰੀ ਕਰਾਈ

ਸੂਰਤ, 9 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਸਸਪੈਕਟਿਡ ਸਾਢੇ ਅੱਠ ਮਹੀਨੇ ਦੀ ਗਰਭਵਤੀ ਔਰਤ ਦੀ ਸੂਰਤ ਵਿੱਚ ਸਿਵਲ ਹਸਪਤਾਲ ਦੇ ਆਈਸੋਲੇਸ਼ਨ ਵਾਰਡ ਵਿੱਚ ਨਾਰਮਲ ਡਿਲੀਵਰੀ ਕਰਵਾਈ ਗਈ ਹੈ। ਇਸ ਪਿੱਛੋਂ ਮਾਂ ਤੇ ਬੱਚੇ ਦਾ ਸੈਂਪਲ ਲਿਆ ਗਿਆ ਅਤੇ ਜਾਂਚ ਲਈ ਲੈਬ ਭੇਜਿਆ ਗਿਆ। ਦੋਵਾਂ ਦੀ ਰਿਪੋਰਟ ਆਉਣੀ ਅਜੇ ਬਾਕੀ ਹੈ। ਮਾਂ ਅਤੇ ਬੱਚੇ ਦੋਵਾਂ ਦੀ ਹਾਲਤ ਨਾਰਮਲ ਹੈ। ਬੱਚੇ ਦਾ ਐੱਨ ਆਈ ਸੀ ਯੂ ਵਿੱਚ ਇਲਾਜ ਚੱਲ ਰਿਹਾ ਹੈ।

ਇਸ ਸੰਬੰਧ ਵਿੱਚ ਡਾਕਟਰਾਂ ਨੇ ਦੱਸਿਆ ਕਿ ਲਿੰਬਾਇਤ ਦੀ ਵਾਸੀ 34 ਸਾਲਾ ਔਰਤ ਸਾਢੇ ਅੱਠ ਮਹੀਨੇ ਦੀ ਗਰਭਵਤੀ ਸੀ। ਕੋਰੋਨਾ ਦੇ ਲਛਣ ਮਿਲਣ 'ਤੇ 108 ਐਂਬੂਲੈਂਸ ਰਾਹੀਂ ਉਸ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਸੀ। ਉਸ ਨੂੰ ਆਈਸੋਲੇਸ਼ਨ ਵਾਰਡ ਵਿੱਚ ਭਰਤੀ ਕਰ ਕੇ ਇਲਾਜ ਸ਼ੁਰੂ ਕੀਤਾ ਤਾਂ ਮਰੀਜ਼ ਸ਼ੱਕੀ ਹੋਣ ਦੇ ਕਾਰਨ ਹਰ ਤਰ੍ਹਾਂ ਦੇ ਪ੍ਰੋਸੈਸ ਅਸੀਂ ਪਾਜ਼ੀਟਿਵ ਮਰੀਜ਼ ਮੰਨ ਕੇ ਕਰਦੇ ਹਨ। ਇਸ ਲਈ ਆਈਸੋਲੇਸ਼ਨ ਵਾਰਡ ਵਿੱਚ ਹੀ ਗਾਇਨਿਕ ਵਿਭਾਗ ਦੇ ਡਾਕਟਰ ਆਏ ਅਤੇ ਡਿਲੀਵਰੀ ਦੇ ਲਈ ਸੈਟਅਪ ਤਿਆਰ ਕੀਤਾ।



ਉਸ ਦੇ ਬਾਅਦ ਵਾਰਡ ਵਿੱਚ ਹੀ ਨਾਰਮਲ ਡਿਲੀਵਰੀ ਕਰਵਾਈ ਗਈ। ਨਵਜਾਤ ਬੱਚੇ ਦਾ ਵਜ਼ਨ 1.8 ਕਿਲੋਗਰਾਮ ਹੈ।

ਦੂਸਰੇ ਪਾਸੇ ਗੁਜਰਾਤ ਵਿੱਚ ਵੀ 108 ਐਂਬੂਲੈਂਸ ਮੁਲਾਜ਼ਮਾਂ ਨੇ ਐਂਬੂਲੈਂਸ ਵਿੱਚ ਔਰਤ ਦੀ ਨਾਰਮਲ ਡਿਲੀਵਰੀ ਕਰਵਾਈ ਹੈ। ਸੂਰਤ ਵਿੱਚ ਹਜੀਰਾ ਦੇ ਨੇੜੇ ਸਥਿਤ ਭੱਟਾਲਾਈ ਪਿੰਡ ਦੀ 24 ਸਾਲਾ ਅਰਚਨਾ ਰਾਜਪੂਤ ਨੂੰ ਦੇਰ ਰਾਤ ਪੇਨ ਸ਼ੁਰੂ ਹੋਈ। ਕੱਲ੍ਹ ਸਵੇਰੇ ਉਸ ਦੇ ਪਤੀ ਰਾਮਸੇਵਕ ਨੇ 108 ਐਂਬੂਲੈਂਸ ਨੂੰ ਫੋਨ ਕਰ ਕੇ ਦੱਸਿਆ। ਲੋਕੇਸ਼ਨ ਦੇ ਤੈਨਾਤ ਐਂਬੂਲੈਂਸ ਦੇ ਈ ਐੱਮ ਟੀ ਮਨਹਰ ਰਾਠੌੜ ਅਤੇ ਪਾਇਲਟ ਅਤੀਕ ਸ਼ੇਖ਼ ਪਹੁੰਚੇ ਅਤੇ ਅਰਚਨਾ ਨੂੰ ਲੈ ਕੇ ਹਸਪਤਾਲ ਚੱਲੇ, ਪਰ ਇਸ ਦੌਰਾਨ ਅਰਚਨਾ ਨੂੰ ਪੇਨ ਤੇਜ਼ ਹੋ ਗਈ ਤਾਂ ਦੋਵਾਂ ਨੇ ਆਪਣੇ ਅਧਿਕਾਰੀਆਂ ਨਾਲ ਸੰਪਰਕ ਕਰ ਕੇ ਐਂਬੂਲੈਂਸ ਵਿੱਚ ਹੀ ਨਾਰਮਲ ਡਿਲੀਵਰੀ ਕਰਵਾ ਦਿੱਤੀ।

### ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਨਿਰਦੇਸ਼:

## ਪ੍ਰਾਈਵੇਟ ਲੈਬ ਵਿੱਚ ਕੋਰੋਨਾ ਦੀ ਜਾਂਚ ਮੁਫਤ ਕਰਵਾਈ ਜਾਵੇ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੋਰੋਨਾ ਦੀ ਰੋਕਥਾਮ ਵਿੱਚ ਲੱਗੇ ਡਾਕਟਰਾਂ ਅਤੇ ਮੈਡੀਕਲ ਸਟਾਫ ਦੀ ਸੁਰੱਖਿਆ ਲਈ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕਿਹਾ ਕਿ ਇਨ੍ਹਾਂ ਦੀ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਅਦਾਲਤ ਨੇ ਕਿਹਾ ਕਿ ਪ੍ਰਕਿਰਿਆ ਬਣਾਉਣੀ ਚਾਹੀਦੀ ਹੈ, ਜਿਸ ਨਾਲ ਜੋ ਲੋਕ ਪ੍ਰਾਈਵੇਟ ਲੈਬ ਵਿੱਚ ਆਪਣਾ ਟੈਸਟ ਕਰਵਾਉਣ, ਉਸ ਦਾ ਪੈਸਾ ਰੀਇਮਬਰਸ ਕੀਤਾ ਜਾ ਸਕੇ।

ਸਰਕਾਰ ਵੱਲੋਂ ਕੋਰਟ ਵਿੱਚ ਪੇਸ਼ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਦੱਸਿਆ ਕਿ ਅਜੇ 118 ਲੈਬਾਰਟਰੀਆਂ ਰੋਜ਼ 15,000 ਟੈਸਟ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ। ਅਸੀਂ 47 ਹੋਰ ਪ੍ਰਾਈਵੇਟ ਲੈਬਾਰਟਰੀਆਂ ਨੂੰ ਵੀ ਟੈਸਟ ਦੀ ਇਜਾਜ਼ਤ ਦੇਣ ਵਾਲੇ ਹਾਂ। ਤੁਸ਼ਾਰ ਮਹਿਤਾ ਦੇ ਇਸੇ ਬਿਆਨ 'ਤੇ ਸੁਪਰੀਮ ਕੋਰਟ ਨੇ ਕਿਹਾ ਕਿ ਪ੍ਰਾਈਵੇਟ ਲੈਬ ਨੂੰ ਕੋਰੋਨਾ ਦੀ ਜਾਂਚ ਲਈ ਪੈਸੇ ਲੈਣ ਦੀ ਮਨਜ਼ੂਰੀ ਨਹੀਂ ਹੋਣੀ ਚਾਹੀਦੀ। ਇਸ ਉਤੇ ਸਾਲਿਸਟਰ ਜਨਰਲ ਨੇ ਕਿਹਾ ਕਿ ਇਨ੍ਹਾਂ ਸਾਰੇ ਸੁਝਾਵਾਂ 'ਤੇ ਸਰਕਾਰ ਵਿਚਾਰ ਕਰੇਗੀ। ਕੋਰਟ ਨੇ ਕੋਰੋਨਾ ਮਹਾਮਾਰੀ ਨਾਲ ਲੜਨ ਵਾਲੇ ਸਿਹਤ ਮੁਲਾਜ਼ਮਾਂ ਨੂੰ ਯੋਧਾ ਕਹਿ ਕੇ ਉਨ੍ਹਾਂ ਦੀ ਸੰਭਾਲ ਕੀਤੇ ਜਾਣ ਦੀ ਲੋੜ ਦੱਸੀ। ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਐੱਸ ਰਵਿੰਦਰ ਭੱਟ ਦੀ ਬੈਂਚ ਨਾਗਪੁਰ ਦੇ ਡਾਕਟਰ ਜੇਰੀਅਲ ਬਨੈਤ, ਡਾਕਟਰ ਆਰੂਸ਼ੀ ਜੈਨ ਅਤੇ ਵਕੀਲ ਅਮਿਤ ਸਾਹਨੀ ਦੀ ਇੱਕੋ ਜਿਹੀ ਪਟੀਸ਼ਨ 'ਤੇ ਸਾਂਝੇ ਤੌਰ 'ਤੇ ਸੁਣਵਾਈ ਕਰ ਰਹੀ ਹੈ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਭਰੋਸਾ ਦਿੱਤਾ ਕਿ ਸਿਹਤ ਕਰਮਚਾਰੀਆਂ ਅਤੇ ਹੋਰਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕੋਰੋਨਾ ਵਾਰੀਅਰਸ ਹਨ।



## ਕੋਰੋਨਾ ਨਾਲ ਨਿਪਟਣ ਲਈ 'ਭੀਲਵਾੜਾ ਮਾਡਲ' ਦੀ ਚਰਚਾ

ਜੈਪੁਰ, 9 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੇ ਭੀਲਵਾੜਾ 'ਚ ਕੋਰੋਨਾ ਪੀੜਤਾਂ ਦਾ ਸਮੇਂ ਸਿਰ ਪਤਾ ਕਰਕੇ ਉਨ੍ਹਾਂ ਦਾ ਇਲਾਜ ਕਰਕੇ ਅਤੇ ਉਸ ਨੂੰ ਜ਼ਿਲ੍ਹੇ ਤੋਂ ਬਾਹਰ ਨਾ ਫੈਲਣ ਦੇਣ ਲਈ ਲਾਗੂ ਕੀਤੇ ਗਏ ਮਾਡਲ ਦੀ ਦੇਸ਼ ਭਰ ਵਿੱਚ ਚਰਚਾ ਹੋ ਰਹੀ ਹੈ। ਇੰਟਰਨੈਟ 'ਤੇ ਭੀਲਵਾੜਾ ਪ੍ਰਸ਼ਾਸਨ ਦੀ ਇਸ ਕਰਕੇ ਚਰਚਾ ਹੋ ਰਹੀ ਹੈ ਕਿ ਉਨ੍ਹਾਂ ਨੇ ਸਮੇਂ ਰਹਿੰਦੇ ਪੀੜਤਾਂ ਦਾ ਇਲਾਜ ਕਰਵਾਇਆ ਸਗੋਂ ਭੀਲਵਾੜਾ ਵਿੱਚ ਇਸ ਨੂੰ ਵਧਣ ਤੋਂ ਰੋਕਣ ਲਈ ਕਾਫ਼ੀ ਪ੍ਰਭਾਵਸ਼ਾਲੀ ਯਤਨ ਕੀਤੇ ਹਨ। ਜਦੋਂ ਕੋਰੋਨਾ ਸੰਕਟ ਦੇਸ਼ ਵਿੱਚ ਫੈਲਣਾ ਸ਼ੁਰੂ ਹੋਇਆ ਤਾਂ ਭੀਲਵਾੜਾ ਜ਼ਿਲ੍ਹਾ ਪ੍ਰਸ਼ਾਸਨ ਨੇ ਸਾਰੇ ਵਿਭਾਗਾਂ ਦੇ ਸਟਾਫ਼ ਦੀ ਡਿਊਟੀ ਲਾ ਕੇ 15 ਲੱਖ ਤੋਂ ਜ਼ਿਆਦਾ ਆਬਾਦੀ ਵਾਲੇ ਸ਼ਹਿਰ ਵਿੱਚ ਲੋਕਾਂ ਦੀ ਸਿਹਤ ਜਾਣਨ ਲਈ ਸਰਵੇਖਣ ਕਰਵਾਇਆ ਕਿ ਇਨ੍ਹਾਂ ਵਿੱਚ ਕਿਹੜੇ ਗੰਭੀਰ ਹਨ। ਸ਼ੱਕੀਆਂ ਨੂੰ ਇਕਾਂਤਵਾਸ ਵਿੱਚ ਰੱਖਿਆ ਗਿਆ ਸੀ। ਜਿਨ੍ਹਾਂ ਵਿੱਚ ਲੋਕਾਂ ਨੂੰ ਕੋਰੋਨਾ ਨਹੀਂ ਸੀ, ਉਨ੍ਹਾਂ ਨੂੰ ਕੁਝ ਦਿਨ ਬਾਅਦ ਜਾਣ ਦਿੱਤਾ ਤਾਂ ਭੀਲਵਾੜਾ ਵਿੱਚ ਜਿਹੜੇ ਕੋਰੋਨਾ ਦੇ ਕੇਸ ਆਏ ਸਨ, ਉਨ੍ਹਾਂ ਦਾ ਇਲਾਜ ਕਰਵਾਇਆ ਗਿਆ। ਦੱਸਿਆ ਜਾਂਦਾ ਹੈ ਕਿ ਕੋਰੋਨਾ ਵਾਲੇ ਕੇਸ ਆਉਣ ਮਗਰੋਂ ਸ਼ਹਿਰ ਵਿੱਚ ਪੂਰੀ ਤਰ੍ਹਾਂ ਤਾਲਾਬੰਦੀ ਕਰ ਕੇ ਕੋਰੋਨਾ ਪੀੜਤਾਂ ਦੀ ਗਿਣਤੀ ਵਿੱਚ ਭੀਲਵਾੜਾ ਵਿੱਚ ਵਾਧਾ ਨਹੀਂ ਹੋ ਸਕਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਬਾਹਰ ਆਉਣ ਲਈ ਛੋਟ ਵੀ ਨਹੀਂ ਦਿੱਤੀ ਸੀ, ਸਗੋਂ ਰਾਸ਼ਨ ਤੇ ਹੋਰ ਸਮਾਨ ਘਰ-ਘਰ ਪੁੱਜਦੇ ਕੀਤਾ ਸੀ, ਜਿਸ ਨਾਲ ਭੀਲਵਾੜਾ ਵਿੱਚ ਕੋਰੋਨਾ 'ਤੇ ਕੰਟਰੋਲ ਕਰਨ ਲਈ ਪ੍ਰਸ਼ਾਸਨ ਦਾ ਫ਼ਾਰਮੂਲਾ ਕਾਮਯਾਬ ਰਿਹਾ।

## ਐੱਫ ਸੀ ਆਈ ਨੇ 18.54 ਲੱਖ ਟਨ ਅਨਾਜ ਰਾਜਾਂ ਨੂੰ ਪੁਚਾਇਆ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਨੇ ਕੋਰੋਨਾ ਦੇ ਕਾਰਨ ਲਾਕਡਾਊਨ ਦੇ ਐਲਾਨ ਪਿੱਛੋਂ ਰਾਜਾਂ ਨੂੰ 18.54 ਲੱਖ ਟਨ ਅਨਾਜ ਪੁਚਾਇਆ ਹੈ।



ਵਰਨਣ ਯੋਗ ਹੈ ਕਿ ਐਫ ਸੀ ਆਈ ਨੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਦੇ ਤਹਿਤ ਪ੍ਰਧਾਨ ਮੰਤਰੀ ਗਰੀਬ ਕਲਿਆਣ ਅਨਾਜ ਯੋਜਨਾ ਲਈ ਰਾਜਾਂ ਨੂੰ ਇਹ ਅਨਾਜ ਦਿੱਤਾ ਹੈ। ਇਸ ਨਾਲ ਗਰੀਬਾਂ ਨੂੰ ਤਿੰਨ ਮਹੀਨਿਆਂ ਤੱਕ ਪ੍ਰਤੀ ਜੀਅ ਪੰਜ ਕਿਲੋ ਅਨਾਜ ਮੁਫਤ ਦੇਣਾ ਹੈ। ਖੁਰਾਕ ਸਪਲਾਈ ਅਤੇ ਖਪਤਕਾਰ ਮੰਤਰਾਲੇ ਅਨੁਸਾਰ ਉੱਤਰ ਪ੍ਰਦੇਸ਼, ਬਿਹਾਰ, ਆਸਾਮ, ਤੇਲੰਗਾਨਾ, ਹਿਮਾਚਲ ਪ੍ਰਦੇਸ਼, ਸਿੱਕਮ, ਮੇਘਾਲਿਆ, ਉਤਰਾਖੰਡ, ਮਹਾਰਾਸ਼ਟਰ, ਗੁਜਰਾਤ, ਹਰਿਆਣਾ, ਕੇਰਲ ਅਤੇ ਮਿਜ਼ੋਰਮ ਨੇ ਅਨਾਜ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਅਗਲੇ ਕੁਝ ਦਿਨਾਂ 'ਚ ਹੋਰ ਸੂਬੇ ਵੀ ਅਨਾਜ ਚੁੱਕਣਾ ਸ਼ੁਰੂ ਕਰ ਦੇਣਗੇ। ਐੱਫ ਸੀ ਆਈ ਲਾਕਡਾਊਨ ਤੋਂ ਪਹਿਲਾਂ ਦੇ ਮੁਕਾ-ਬਲੇ ਕਾਫੀ ਅਨਾਜ ਰਾਜਾਂ ਨੂੰ ਭੇਜ ਰਹੀ ਹੈ। ਲਾਕਡਾਊਨ ਤੋਂ ਪਹਿਲਾਂ ਐੱਫ ਸੀ ਆਈ ਰੋਜ਼ਾਨਾ ਔਸਤਨ 80000 ਟਨ ਅਨਾਜ ਰਾਜਾਂ ਨੂੰ ਭੇਜਦੀ ਸੀ, ਜੋ ਵਧ ਕੇ 1 ਲੱਖ 41 ਹਜ਼ਾਰ ਟਨ ਹੋ ਗਿਆ ਹੈ। ਰਾਜਾਂ ਨੂੰ ਈ-ਆਕਸ਼ਨ ਤੋਂ ਬਿਨਾਂ ਕਣਕ ਅਤੇ ਚੌਲ ਦਿੱਤੇ ਜਾ ਰਹੇ ਹਨ।

# ਭੋਪਾਲ ਵਿੱਚ ਭੀੜ ਹਟਾਉਣ ਗਈ ਪੁਲਸ ਉੱਤੇ ਚਾਕੂਆਂ, ਡੰਡਿਆਂ ਨਾਲ ਹਮਲਾ

ਭੋਪਾਲ, 9 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਮਰੀਜ਼ ਦੇ ਸੰਪਰਕ ਵਿੱਚ ਆਏ ਲੋਕਾਂ ਦਾ ਪਤਾ ਲਾਉਣ ਗਏ ਸਿਹਤ ਵਿਭਾਗ ਦੇ ਕਰਮਚਾਰੀਆਂ ਉੱਤੇ ਇੰਦੌਰ ਵਿੱਚ ਪਥਰਾਅ ਤੋਂ ਬਾਅਦ ਭੋਪਾਲ ਵਿੱਚ ਲਾਕਡਾਊਨ ਵਿੱਚ ਭੀੜ ਨੂੰ ਹਟਾਉਣ ਗਈ ਪੁਲਸ 'ਤੇ ਹਿਸਟਰੀਸ਼ੀਟਰਾਂ ਸਮੇਤ ਕਰੀਬ 20 ਲੋਕਾਂ ਨੇ ਚਾਕੂਆਂ ਤੇ ਡੰਡਿਆਂ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਦੋ ਪੁਲਸ ਕਰਮਚਾਰੀ ਜ਼ਖਮੀ ਹੋ ਗਏ। ਦੋਵੇਂ ਉੱਤੇ ਚਾਕੂਆਂ ਨਾਲ ਵਾਰ ਕੀਤੇ ਗਏ ਹਨ।



ਹਮਲੇ ਵਿਚ ਜ਼ਖਮੀ ਪੁਲਸ ਕਰਮੀ।

ਤਲੈਯਾ ਥਾਣਾ ਦੇ ਇੰਚਾਰਜ ਡੀ ਪੀ ਸਿੰਘ ਦੱਸਿਆ ਕਿ ਭੋਪਾਲ ਵਿੱਚ ਬੰਦ ਕਾਰਨ ਸੋਮਵਾਰ ਰਾਤ ਕਰੀਬ 10 ਵਜੇ ਚਾਰ-ਪੰਜ ਪੁਲਸ ਵਾਲੇ ਇਸਲਾਮ ਨਗਰ ਵਿੱਚ ਭੀੜ ਨੂੰ ਹਟਾਉਣ ਗਏ ਸਨ। ਜਦੋਂ ਪੁਲਸ ਨੇ ਭੀੜ ਨੂੰ ਹਟਣ ਲਈ ਕਿਹਾ ਤਾਂ ਉਥੇ ਮੌਜੂਦ ਦੋ ਹਿਸਟਰੀਸ਼ੀਟਰਾਂ ਸ਼ਾਹਿਦ ਕਬੂਤਰ ਅਤੇ ਮੋਹਸਿਨ ਕਚੌੜੀ ਸਮੇਤ ਕਰੀਬ ਵੀਹ ਲੋਕਾਂ ਨੇ ਚਾਕੂਆਂ, ਡੰਡਿਆਂ ਅਤੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਇਸ ਘਟਨਾ ਵਿੱਚ ਦੋ ਪੁਲਸ ਕਰਮਚਾਰੀ ਲਕਸ਼ਮਣ ਯਾਦਵ ਅਤੇ ਸਤੀਸ਼ ਕੁਮਾਰ ਜ਼ਖਮੀ ਹੋ ਗਏ। ਇਨ੍ਹਾਂ ਦੋਵੇਂ ਉੱਤੇ ਚਾਕੂਆਂ ਨਾਲ ਵਾਰ ਕੀਤੇ ਗਏ ਹਨ। ਲਕਸ਼ਮਣ ਯਾਦਵ ਨੂੰ ਗਰਦਨ ਕੋਲ ਅਤੇ ਸਤੀਸ਼ ਕੁਮਾਰ ਦੇ ਹੱਥ ਵਿੱਚ ਚਾਕੂ ਲੱਗਾ ਹੈ। ਦੋਵਾਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਵਾਰਦਾਤ ਤੋਂ ਬਾਅਦ ਸਾਰੇ ਦੋਸ਼ੀ ਫਰਾਰ ਹੋ ਗਏ। ਦੋਸ਼ੀ ਸ਼ਾਹਿਦ ਕਬੂਤਰ ਕਰੀਬ 35 ਸਾਲ ਦਾ ਹੈ ਅਤੇ ਮੋਹਸਿਨ ਕਚੌੜੀ ਕਰੀਬ 25 ਸਾਲ ਦਾ ਹੈ ਜਿਸ ਇਲਾਕੇ ਵਿੱਚ ਪੁਲਸ ਕਰਮਚਾਰੀਆਂ 'ਤੇ ਹਮਲਾ ਹੋਇਆ, ਉਹ ਮੁਸਲਿਮ ਆਬਾਦੀ ਵਾਲਾ ਇਲਾਕਾ ਹੈ।

## ਪ੍ਰੇਮਿਕਾ 167 ਕਿਲੋਮੀਟਰ ਸਕੂਟੀ ਚਲਾ ਪ੍ਰੇਮੀ ਨੂੰ ਲੈਣ ਪੁੱਜੀ



ਪਾਣੀਪਤ, 9 ਅਪ੍ਰੈਲ (ਪੋਸਟ ਬਿਊਰੋ)-ਪਾਣੀਪਤ ਦਾ ਨੌਜਵਾਨ ਆਪਣੀ ਪ੍ਰੇਮਿਕਾ ਨੂੰ ਮੋਹਾਲੀ ਛੱਡ ਆਇਆ। ਪ੍ਰੇਮਿਕਾ ਨੂੰ ਇਹ ਰਾਸ ਨਾ ਆਇਆ ਤਾਂ ਉਸ ਨੇ ਮੋਹਾਲੀ ਪੁਲਸ ਨੂੰ ਕਿਹਾ ਕਿ ਉਸ ਦੇ ਪ੍ਰੇਮੀ ਨੂੰ ਲੱਭੋ। ਪੁਲਸ ਨੇ ਲਾਕ ਡਾਊਨ ਦਾ ਹਵਾਲਾ ਦੇ ਕੇ ਮਨ੍ਹਾਂ ਕਰ ਦਿੱਤਾ। ਇਸ ਪਿੱਛੋਂ ਕੁੜੀ ਨੇ ਆਪਣੇ ਪ੍ਰੇਮੀ ਨੂੰ ਖੁਦ ਲੱਭਣ ਦਾ ਫੈਸਲਾ ਲਿਆ।

ਪਤਾ ਲੱਗਾ ਹੈ ਕਿ ਉਹ ਕੁੜੀ ਚੰਡੀਗੜ੍ਹ ਸਣੇ ਛੇ ਜ਼ਿਲ੍ਹਿਆਂ ਦੀ ਪੁਲਸ ਤੋਂ ਬਚਦੇ ਹੋਏ 167 ਕਿਲੋਮੀਟਰ ਸਕੂਟੀ 'ਤੇ ਪਾਣੀਪਤ ਦੀ ਪਾਵਰ ਹਾਊਸ ਕਾਲੋਨੀ ਪਹੁੰਚ ਗਈ ਅਤੇ ਸਥਾਨਕ ਪੁਲਸ ਨੂੰ ਪ੍ਰੇਮੀ ਦੇ ਘਰ ਅੱਗੇ ਭੁੱਖ ਹੜਤਾਲ 'ਤੇ ਬੈਠਣ ਦੀ ਧਮਕੀ ਦਿੱਤੀ। ਇਸ ਕਾਰਨ ਪੁਲਸ ਪਰੇਸ਼ਾਨ ਹੋ ਗਈ। ਪੁਲਸ ਨੇ ਪ੍ਰੇਮੀ ਨੂੰ ਲੱਭਿਆ, ਪਰ ਉਹ ਨਹੀਂ ਮਿਲਿਆ। ਉਸ ਨੇ ਮੋਬਾਈਲ ਫੋਨ ਵੀ ਬੰਦ ਕੀਤਾ ਹੋਇਆ ਸੀ। ਪ੍ਰੇਮਿਕਾ ਨੇ ਦੋ ਦਿਨ ਪ੍ਰੇਮੀ ਦੀ ਤਲਾਸ਼ ਕੀਤੀ ਅਤੇ ਲੱਭ ਕੇ ਉਸ ਨੂੰ ਆਪਣੇ ਨਾਲ ਲੈ ਗਈ। ਇਸ ਤੋਂ ਬਾਅਦ ਪੁਲਸ ਨੇ ਸੁੱਖ ਦਾ ਸਾਹ ਲਿਆ।

ਅੱਠ ਮਰਲਾ ਪੁਲਸ ਚੌਕੀ ਦੇ ਇੰਚਰਾਕ ਰਾਜਬੀਰ ਸਿੰਘ ਨੇ ਦੱਸਿਆ ਕਿ ਮੋਹਾਲੀ ਦੀ ਇਹ ਕੁੜੀ ਸਿਲਾਈ ਸੈਂਟਰ ਚਲਾਉਂਦੀ ਹੈ। ਸੱਤ ਮਹੀਨੇ ਪਹਿਲਾਂ ਪਾਣੀਪਤ ਦੀ ਪਾਵਰ ਹਾਊਸ ਕਾਲੋਨੀ ਦਾ ਲਕਸ਼ਦੀਪ ਦਿੱਲੀ ਵਿੱਚ ਇੱਕ ਨਾਟਕ ਦਾ ਮੰਚਨ ਕਰਨ ਲਈ ਗਿਆ ਸੀ। ਉਥੇ ਕੋਮਲ ਵੀ ਸੀ। ਦੋਵਾਂ ਨੂੰ ਆਪਸ ਵਿੱਚ ਪਿਆਰ ਹੋ ਗਿਆ। ਕੁੜੀ ਦਾ ਦਾਅਵਾ ਹੈ ਕਿ ਦੋਵਾਂ ਨੇ ਵਿਆਹ ਕਰਵਾ ਲਿਆ ਹੈ ਪਰ ਉਹ ਵਿਆਹ ਨਾਲ ਸਬੰਧਤ ਦਸਤਾਵੇਜ਼ ਨਹੀਂ ਵਿਖਾ ਸਕੀ। ਇੱਕ ਹਫਤਾ ਪਹਿਲਾਂ ਲਕਸ਼ਦੀਪ ਕੁੜੀ ਨੂੰ ਮੋਹਾਲੀ ਛੱਡ ਵਾਪਸ ਆ ਗਿਆ ਸੀ।

## ਮਹਿਬੂਬਾ ਨੂੰ ਬਾਕਾਇਦਾ ਰਿਹਾਇਸ਼ ਵਿੱਚ ਤਬਦੀਲ ਕੀਤਾ ਗਿਆ



ਸ੍ਰੀਨਗਰ, 9 ਅਪ੍ਰੈਲ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬ ਮੁਫ਼ਤੀ ਨੂੰ ਉਨ੍ਹਾਂ ਦੀ ਆਪਣੀ ਬਾਕਾਇਦਾ ਰਿਹਾਇਸ਼ 'ਚ ਤਬਦੀਲ ਕਰ ਦਿੱਤਾ ਗਿਆ ਹੈ, ਜਿੱਥੇ ਉਹ ਨਜ਼ਰਬੰਦ ਰਹਿਣਗੇ।

ਵਰਨਣ ਯੋਗ ਹੈ ਕਿ ਮਹਿਬੂਬਾ ਮੁਫਤੀ ਪਬਲਿਕ ਸੇਫਟੀ ਐਕਟ (ਪੀ ਐਸ ਏ) ਹੇਠ ਨਜ਼ਰਬੰਦ ਹਨ। ਉਹ ਪਿਛਲੇ ਸਾਲ ਪੰਜ ਅਗਸਤ ਤੋਂ ਨਜ਼ਰਬੰਦ ਹਨ ਜਦੋਂ ਕੇਂਦਰ ਸਰਕਾਰ ਨੇ ਇਸ ਰਾਜ ਤੋਂ ਵਿਸ਼ੇਸ਼ ਰੁਤਬਾ ਵਾਪਸ ਲੈ ਕੇ ਇਸ ਨੂੰ ਪੂਰੇ ਰਾਜ ਦੀ ਥਾਂ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਸੀ। ਯੂਨੀਅਨ ਟੈਰੀਟਰੀ (ਕੇਂਦਰੀ ਸ਼ਾਸਿਤ) ਦੇ ਗ੍ਰਹਿ ਵਿਭਾਗ ਵੱਲੋਂ ਜਾਰੀ ਆਦੇਸ਼ ਮੁਤਾਬਕ ਸਰਕਾਰ ਦੇ ਹੁਕਮਾਂ ਉਤੇ ਮਹਿਬੂਬਾ ਮੁਫ਼ਤੀ ਨੂੰ ਸ੍ਰੀਨਗਰ ਦੇ ਗੁਪਕਾਰ ਰੋਡ ਸਥਿਤ ਫੇਅਰਵਿਊ ਵਿੱਚ ਤਬਦੀਲ ਕੀਤਾ ਗਿਆ ਹੈ। ਇਸੇ ਦੌਰਾਨ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲ੍ਹਾ ਨੇ ਟਵੀਟ ਕਰ ਕੇ ਕਿਹਾ ਕਿ ਉਸ ਦੀ ਸਿਆਸੀ ਵਿਰੋਧੀ ਨੂੰ ਛੱਡ ਦਿੱਤਾ ਜਾਣ ਚਾਹੀਦਾ ਹੈ ਅਤੇ ਉਨ੍ਹਾਂ 'ਤੇ ਲਾਇਆ ਪੀ ਐਸ ਏ ਹਟਾਉਣਾ ਚਾਹੀਦਾ ਹੈ। ਉਨ੍ਹਾਂ ਨੇ ਮਹਿਬੂਬਾ ਨੂੰ ਰਿਹਾਅ ਨਾ ਕਰਨ ਦੀ ਨਿੰਦਾ ਕੀਤੀ ਹੈ।

## ਕੋਰੋਨਾ ਨੂੰ ਹਰਾਉਣ ਲਈ ਕੇਜਰੀਵਾਲ ਨੇ ਦਿੱਲੀ ਰਾਜ ਲਈ 5-ਟੀ ਪਲਾਨ ਬਣਾਇਆ

ਨਵੀਂ ਦਿੱਲੀ, 9 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੋਰੋਨਾ ਨੂੰ ਜੜ੍ਹ ਤੋਂ ਖਤਮ ਕਰਨ ਲਈ ਪੰਜ ਨੁਕਤਿਆਂ ਟੈਸਟਿੰਗ, ਟ੍ਰੇਸਿੰਗ, ਟ੍ਰੀਟਮੈਂਟ, ਟੀਮ ਵਰਕ ਅਤੇ ਟ੍ਰੈਕਿੰਗ ਐਂਡ ਮਾਨੀਟ੍ਰਿੰਗ ਦੀ ਸਖਤੀ ਨਾਲ ਪਾਲਣਾ ਕਰਨ ਦੀ ਯੋਜਨਾ ਬਣਾਈ ਹੈ ਅਤੇ ਇੱਕ ਲੱਖ ਲੋਕਾਂ ਦਾ ਰੈਪਿਡ ਟੈਸਟ ਕੀਤਾ ਜਾਵੇਗਾ।

ਕੇਜਰੀਵਾਲ ਨੇ ਕੱਲ੍ਹ ਇਥੇ ਕਿਹਾ ਕਿ ਕੋਰੋਨਾ ਵਾਇਰਸ ਨੂੰ ਹਰਾਉਣ ਲਈ ਉਸ ਤੋਂ ਤਿੰਨ ਕਦਮ ਅੱਗੇ ਚੱਲਣਾ ਪਵੇਗਾ। ਜੇ ਅਸੀਂ ਸੌਂਦੇ ਰਹੇ ਅਤੇ ਕੋਰੋਨਾ ਫੈਲ ਗਿਆ ਤਾਂ ਉਸ ਨੂੰ ਕੰਟਰੋਲ ਨਹੀਂ ਕਰ ਸਕਾਂਗੇ। ਉਨ੍ਹਾਂ ਦੁਨੀਆ ਦੇ ਦੇਸ਼ਾਂ ਤੋਂ ਤਜਰਬਾ ਲੈਂਦੇ ਹੋਏ ਮਾਹਰਾਂ ਤੇ ਡਾਕਟਰਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਪੰਜ ਬਿੰਦੂਆਂ 'ਤੇ ਸਖਤੀ ਨਾਲ ਕੰਮ ਕਰਨ ਦੀ ਯੋਜਨਾ ਬਣਾਈ ਹੈ। ਦਿੱਲੀ ਵਿੱਚ ਰੈਪਿਡ ਟੈਸਟ ਸ਼ੁਰੂ ਕੀਤੇ ਜਾਣ ਲੱਗੇ ਹਨ ਤਾਂ ਕਿ ਕੋਰੋਨਾ ਮਰੀਜ਼ਾਂ ਦੀ ਚੋਣ ਕਰ ਕੇ ਉਨ੍ਹਾਂ ਨੂੰ ਕੁਆਰੰਟਾਈਨ ਕੀਤਾ ਜਾ ਸਕੇ ਅਤੇ ਅੱਗੇ ਵਧਣ ਤੋਂ ਰੋਕਿਆ ਜਾ ਸਕੇ। ਦਿੱਲੀ ਸਰਕਾਰ ਨੇ ਭਵਿੱਖ ਵਿੱਚ ਜੇ ਕੋਰੋਨਾ ਦੇ ਮਰੀਜ਼ ਵਧਦੇ ਹਨ ਤਾਂ ਉਸ ਲਈ ਪੜਾਅਵਾਰ ਤਰੀਕੇ ਨਾਲ 30,000 ਐਕਟਿਵ ਮਰੀਜ਼ਾਂ ਦਾ ਪ੍ਰਬੰਧ ਕਰਨ ਦਾ ਖਾਕਾ ਤਿਆਰ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਦੱਖਣੀ ਕੋਰੀਆ ਦੀ ਉਦਾਹਰਣ ਲੈ ਸਕਦੇ ਹਾਂ। ਉਥੇ ਬਹੁਤ ਵੱਡੇ ਪੱਧਰ 'ਤੇ ਜਾਂਚ ਕਰ ਕੇ ਇੱਕ-ਇੱਕ ਵਿਅਕਤੀ ਦੀ ਚੋਣ ਕੀਤੀ ਗਈ ਅਤੇ ਕੁਆਰੰਟਾਈਨ ਕਰ ਕੇ ਇਲਾਜ ਕੀਤਾ ਗਿਆ। ਜੇ ਅਸੀਂ ਜਾਂਚ ਨਾ ਕਰਾਂਗੇ ਤਾਂ ਸਾਨੂੰ ਪਤਾ ਹੀ ਨਹੀਂ ਲੱਗੇਗਾ ਕਿ ਕੌਣ ਪ੍ਰਭਾਵਤ ਹੈ। ਇਸ ਨੂੰ ਧਿਆਨ ਵਿੱਚ ਰੱਖ ਕੇ ਦਿੱਲੀ ਵਿੱਚ ਵੀ ਵੱਡੇ ਪੱਧਰ 'ਤੇ ਜਾਂਚ ਕਰਨ ਜਾ ਰਹੇ ਹਨ।



## ਕੋਰੋਨਾ ਨਾਲ ਤਾੜੀ ਵਜਾ ਕੇ, ਦੀਵੇ ਜਗਾ ਕੇ ਨਹੀਂ ਨਜਿੱਠਿਆ ਜਾ ਸਕਦਾ: ਸ਼ਿਵ ਸੈਨਾ




ਮੁੰਬਈ, 9 ਅਪ੍ਰੈਲ (ਪੋਸਟ ਬਿਊਰੋ)- ਸ਼ਿਵ ਸੈਨਾ ਨੇ ਕਿਹਾ ਹੈ ਕਿ ਕੋਰੋਨਾ ਵਾਇਰਸ ਦੇ ਖਿਲਾਫ ਜਾਰੀ ਜੰਗ ਤਾੜੀ ਵਜਾ ਕੇ, ਥਾਲੀਆਂ ਕੁੱਟ ਕੇ ਅਤੇ ਦੀਵੇ ਜਗਾ ਕੇ ਨਹੀਂ ਜਿੱਤੀ ਜਾ ਸਕਦੀ।

ਇਸ ਸੰਬੰਧ ਵਿੱਚ ਸ਼ਿਵ ਸੈਨਾ ਦੇ ਅਖਬਾਰ ਸਾਮਨਾ ਵਿੱਚ ਛਪੇ ਇੱਕ ਸੰਪਾਦਕੀ ਵਿੱਚ ਪਾਰਟੀ ਨੇ ਕਿਹਾ ਕਿ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਦੀ ਅਪੀਲ ਦਾ ਗਲਤ ਅਰਥ ਕੱਢਿਆ ਹੈ। ਸ਼ਿਵ ਸੈਨਾ ਨੇ ਕਿਹਾ ਕਿ ਮੋਦੀ ਨੂੰ ਸਾਫ ਕਹਿਣਾ ਚਾਹੀਦਾ ਹੈ ਕਿ ਉਹ ਦੇਸ਼ ਵਾਸੀਆਂ ਤੋਂ ਕੀ ਉਮੀਦ ਕਰਦੇ ਹਨ ਅਤੇ ਜੋ ਲੋਕ ਹੁਕਮਾਂ ਦੀ ਪਾਲਣਾ ਨਹੀਂ ਕਰਨਗੇ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਦੀਆਂ ਇਨ੍ਹਾਂ ਅਪੀਲਾਂ ਦੀ ਆਲੋਚਨਾ ਕਰਦੇ ਹੋਏ ਸ਼ਿਵ ਸੈਨਾ ਨੇ ਕਿਹਾ ਕਿ ਤਾੜੀਆਂ, ਥਾਲੀਆਂ ਅਤੇ ਦੀਵਿਆਂ ਦੇ ਢੰਗਾਂ ਨਾਲ ਅਸੀਂ ਜੰਗ ਹਾਰ ਜਾਵਾਂਗੇ। ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਲੋਕਾਂ ਨੂੰ ਅਨੁਸ਼ਾਸਨ ਬਣਾਈ ਰੱਖਣ ਦੀ ਅਪੀਲ ਕਰ ਰਹੇ ਹਨ ਤੇ ਉਨ੍ਹਾਂ ਨਾਲ ਗੱਲਬਾਤ ਕਰਦੇ ਸਮੇਂ ਵੀ ਯਕੀਨੀ ਕਰ ਰਹੇ ਹਨ ਕਿ ਕੋਈ ਭਰਮ ਨਾ ਹੋਵੇ। ਮਰਾਠੀ ਰੋਜ਼ਾਨਾ ਅਖਬਾਰ ਸਾਮਨਾ ਨੇ ਲਿਖਿਆ ਹੈ ਕਿ ਕੋਰੋਨਾ ਵਾਇਰਸ ਦੇ ਖਿਲਾਫ ਲੜਾਈ ਵਿੱਚ ਊਧਵ ਠਾਕਰੇ ਵਰਗੇ ਕਮਾਂਡਰ ਦੀ ਲੋੜ ਹੈ। ਸ਼ਿਵ ਸੈਨਾ ਨੇ ਮੋਮਬੱਤੀਆਂ, ਟਾਰਚ ਅਤੇ ਮੋਬਾਈਲ ਫੋਨ ਨਾਲ ਸੜਕਾਂ 'ਤੇ ਲੋਕਾਂ ਦੇ ਬਾਹਰ ਨਿਕਲਣ ਅਤੇ ਨੱਚਣ-ਕੁੱਦਣ ਦੀਆਂ ਘਟਨਾਵਾਂ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਪਟਾਕੇ ਚਲਾਉਣ ਨਾਲ ਸੋਲਾਪੁਰ ਵਿੱਚ ਅੱਗ ਵਾਲਾ ਹਾਦਸਾ ਹੋਇਆ। ਪਾਰਟੀ ਨੇ ਕਿਹਾ ਕਿ ਵਰਧਾ ਵਿੱਚ ਭਾਜਪਾ ਵਿਧਾਇਕ ਦਾਦਾ ਰਾਓ ਕੇਚੇ ਨੇ ਬੰਦ ਦੌਰਾਨ ਆਪਣਾ ਜਨਮ ਦਿਨ ਮਨਾਇਆ ਅਤੇ ਪਾਰਟੀ ਵਿੱਚ 200 ਤੋਂ ਵੱਧ ਲੋਕਾਂ ਨੂੰ ਇਕੱਠੇ ਕੀਤਾ।



# ਕੋਰੋਨਾ ਦੀ ਵੈਕਸੀਨ ਲਈ ਸਹਿਯੋਗ ਕਰ ਸਕਦੇ ਹਨ ਭਾਰਤ-ਚੀਨ

ਬੀਜਿੰਗ , 9 ਅਪ੍ਰੈਲ (ਪੋਸਟ ਬਿਊਰੋ)- ਚੀਨ 'ਚ ਭਾਰਤ ਦੇ ਦੂਤ ਵਿਕਰਮ ਮਿਸਰੀ ਦਾ ਕਹਿਣਾ ਹੈ ਕਿ ਜਾਨਲੇਵਾ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਵੈਕਸੀਨ ਬਣਾਉਣ ਵਿਚ ਭਾਰਤ ਤੇ ਚੀਨ ਆਪਣੇ ਵਿਗਿਆਨਕ ਤੇ ਤਕਨੀਕੀ ਵਸੀਲਿਆਂ ਨੂੰ ਸਾਂਝਾ ਕਰ ਸਕਦੇ ਹਨ, ਜਿਸ ਦੇ ਚੰਗੇ ਸਿੱਟੇ ਨਿਕਲ ਸਕਦੇ ਹਨ। ਇੱਕ ਇੰਟਰਵਿਊ 'ਚ ਮਿਸਰੀ ਨੇ ਕਿਹਾ, 'ਇਸ ਵਾਇਰਸ ਲਈ ਵੈਕਸੀਨ ਦੇ ਵਿਕਾਸ 'ਚ ਅਸੀਂ ਸਹਿਯੋਗ ਕਰ ਸਕਦੇ ਹਾਂ, ਆਖ਼ਰ ਪੂਰੀ ਦੁਨੀਆ ਲਈ ਇਹ ਕਾਫੀ ਅਹਿਮ ਹੋਵੇਗਾ, ਸਾਡੇ ਕੋਲ ਕਾਫੀ ਵਿਗਿਆਨਕ ਤੇ ਤਕਨੀਕੀ ਕਿਰਤ ਸ਼ਕਤੀ ਹੈ।' ਉਨ੍ਹਾਂ ਕਿਹਾ ਕਿ ਕੋਵਿਡ-19 ਦਾ ਪਸਾਰ ਰੋਕਣ ਲਈ ਵਿਸ਼ਵ ਪੱਧਰ 'ਤੇ ਸਹਿਯੋਗ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ, 'ਦੁਸ਼ਮਣ ਕੋਈ ਵਿਅਕਤੀ, ਦੇਸ਼ ਜਾਂ ਦੇਸ਼ਾਂ ਦਾ ਗਰੁੱਪ ਨਹੀਂ ਹੈ। ਇਹ ਇੱਕ ਵਾਇਰਸ ਹੈ, ਜੋ ਭੇਦ ਭਾਵ ਨਹੀਂ ਕਰਦਾ। ਸਾਰੇ ਦੇਸ਼ਾਂ ਲਈ ਨਾ ਸਿਰਫ ਆਪਣੇ ਮਤਭੇਦਾਂ ਨੂੰ ਲਾਂਭੇ ਕਰਨਾ ਅਹਿਮ ਹੈ, ਸਗੋਂ ਇਨ੍ਹਾਂ



ਮਤਭੇਦਾਂ ਤੋਂ ਉਪਰ ਉਠਣਾ ਵੀ ਜ਼ਰੂਰੀ ਹੈ।' ਮਿਸਰੀ ਨੇ ਕਿਹਾ ਕਿ ਭਾਰਤ-ਚੀਨ ਸਿਹਤ ਅਤੇ ਮਹਾਮਾਰੀ ਖੇਤਰ 'ਚ ਵਿ-ਗਆਨਕ ਤੇ ਡਾਕਟਰੀ ਖੋਜ 'ਚ ਸਹਿਯੋਗ ਕਰ ਸਕਦੇ ਹਨ। ਦੋਵੇਂ ਦੇਸ਼ਾਂ ਦਾ ਇੱਕ-ਦੂਜੇ ਦੇ ਸੰਪਰਕ 'ਚ ਰਹਿਣਾ ਵੀ ਲਾਭਕਾਰੀ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਭਾਰਤ ਕੋਰੋਨਾ ਨਾਲ ਨਜਿੱਠਣ ਲਈ ਚੀਨ ਨਾਲ ਗੁਣਵੱਤਾ ਪੂਰਨ ਮੈਡੀਕਲ ਸਾਮਾਨ ਦੀ ਸਥਿਰ ਅਤੇ ਕ੍ਰਮਬੱਧ ਖ਼ਰੀਦ ਦੀ ਪ੍ਰਕਿਰਿਆ 'ਚ ਹੈ। ਉਨ੍ਹਾ ਨੇ ਯਾਦ ਦਿਵਾਇਆ ਕਿ ਜਦੋਂ ਚੀਨ ਜਨਵਰੀ-ਫਰਵਰੀ 'ਚ ਕੋਰੋਨਾ ਵਾਇਰਸ ਨਾਲ ਜੂਝ ਰਿਹਾ ਸੀ ਤਾਂ ਭਾਰਤ ਨੇ ਗੱਲਬਾਤ ਦੀ ਪ੍ਰਕਿਰਿਆ ਰਾਹੀਂ 15 ਟਨ ਮੈਡੀਕਲ ਸਹਾਇਤਾ ਭੇਜੀ ਸੀ।

## ਭਾਰਤੀ ਮੂਲ ਦੇ ਸਰਜਨ ਦੀ ਕਰੋਨਾ ਵਾਇਰਸ ਕਾਰਨ ਮੌਤ

ਲੰਡਨ, 9 ਅਪ੍ਰੈਲ (ਪੋਸਟ ਬਿਊਰੋ)- ਬਰਤਾਨੀਆ ਦੇ ਕਾਰਡਿੱਫ ਦੇ ਇੱਕ ਹਸਪਤਾਲ 'ਚ ਭਾਰਤੀ ਮੂਲ ਦੇ ਦਿਲ ਦੀਆਂ ਬਿਮਾਰੀਆਂ ਨਾਲ ਸਬੰਧਤ ਸਰਜਨ ਦੀ ਕਰੋਨਾਵਾਇਰਸ ਕਾਰਨ ਮੌਤ ਹੋ ਗਈ ਹੈ। ਇੱਥੇ ਮੈਡੀਕਲ ਅਮਲੇ ਨਾਲ ਸਬੰਧਤ ਕਈ ਵਿਅਕਤੀਆਂ ਦੀ ਕੋਵਿਡ-19 ਕਾਰਨ ਮੌਤ ਹੋ ਚੁੱਕੀ ਹੈ। ਜਿਤੇਂਦਰ ਕੁਮਾਰ ਰਾਠੌੜ ਵੇਲਜ਼ ਦੇ ਯੂਨੀਵਰਸਿਟੀ ਹਸਪਤਾਲ 'ਚ ਦਿਲ ਦੇ ਰੋਗਾਂ ਸਬੰਧੀ ਸਹਾਇਕ ਸਰਜਨ ਸਨ ਤੇ ਉਹ ਕੌਮੀ ਸਿਹਤ ਸੇਵਾਵਾਂ ਲਈ ਸੇਵਾਵਾਂ ਦੇ ਰਹੇ ਨੇ। 58 ਸਾਲਾ ਜਿਤੇਂਦਰ ਨੇ ਭਾਰਤ 'ਚ ਮੈਡੀਕਲ ਦੀ ਪੜ੍ਹਾਈ ਕੀਤੀ। ਉਹ 1990 ਤੋਂ ਦਿਲ ਦੀਆਂ ਬਿਮਾਰੀਆਂ ਨਾਲ ਸਬੰਧਤ ਵਿਭਾਗ 'ਚ ਸੇਵਾਵਾਂ ਦੇ ਰਹੇ ਸਨ। ਬੋਰਡ ਨੇ ਸ੍ਰੀ ਰਾਠੌੜ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ, 'ਉਹ ਆਪਣੇ ਮਰੀਜ਼ਾਂ ਪ੍ਰਤੀ ਬਹੁਤ ਹੀ ਜਿਆਦਾ ਸਮਰਪਿਤ ਸਰਜਨ ਸਨ। ਉਹ ਆਪਣੇ ਮਰੀਜ਼ਾਂ ਦਾ ਬਹੁਤ ਖਿਆਲ ਰੱਖਦੇ ਸਨ।'

# ਟਰੰਪ ਵੱਲੋਂ ਵਿਸ਼ਵ ਸਿਹਤ ਸੰਗਠਨ ਦੇ ਫੰਡ ਰੋਕਣ ਦੀ ਧਮਕੀ

ਵਾਸ਼ਿੰਗਟਨ, 9 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਡਬਲਿਊ ਐਚ ਓ (ਵਿਸ਼ਵ ਸਿਹਤ ਸੰਗਠਨ) ਨੂੰ ਆਪਣੇ ਦੇਸ਼ ਤੋਂ ਮਿਲਦੀ ਵਿੱਤੀ ਫੰਡਿੰਗ 'ਤੇ ਵੱਡੀਆਂ ਰੋਕਾਂ ਲਾਉਣ ਦੀ ਧਮਕੀ ਦਿੱਤੀ ਤੇ ਕਿਹਾ ਕਿ ਸਿਹਤ ਸਰਗਰਮੀਆਂ 'ਤੇ ਬਾਜ਼ ਅੱਖ ਰੱਖਣ ਵਾਲੀ ਯੂ ਐਨ ਦੀ ਇਸ ਏਜੰਸੀ ਦੀ ਨੀਤੀ 'ਚੀਨ ਪੱਖੀ' ਹੈ।

ਡਬਲਿਊ ਐਚ ਓ ਦੀ ਨੁਕਤਾਚੀਨੀ ਕਰਦਿਆਂ ਅਮਰੀਕੀ ਰਾਸ਼ਟਰਪਤੀ ਕਿਹਾ ਕਿ ਇਹ ਏਜੰਸੀ ਕੋਰੋਨਾ ਵਾਇਰਸ ਨਾਲ ਸਿੱਝਣ 'ਚ ਪੂਰੀ ਤਰ੍ਹਾਂ ਨਾਕਮ ਰਹੀ ਹੈ। ਉਨ੍ਹਾਂ ਕਿਹਾ ਕਿ ਏਜੰਸੀ ਸ਼ੁਰੂ ਵਿੱਚ ਕੌਮਾਂਤਰੀ ਪੱਧਰ 'ਤੇ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਵਾਸਤੇ ਸਹੀ ਸੇਧ ਨਹੀਂ ਦੇ ਸਕੀ। ਵ੍ਹਾਈਟ ਹਾਊਸ ਵਿੱਚ ਆਪਣੀ ਰੈਗੂਲਰ ਪ੍ਰੈਸ ਕਾਨਫਰੰਸ ਮੌਕੇ ਟਰੰਪ ਨੇ ਕਿਹਾ, 'ਅਸੀਂ ਡਬਲਿਊ ਐਚ ਓ ਉੱਤੇ ਖਰਚੇ ਜਾਂਦੇ ਪੈਸੇ ਰੋਕ ਲਵਾਂਗੇ। ਇਹ ਵੱਡੀਆਂ ਪਾਬੰਦੀਆਂ



ਹੋਣਗੀਆਂ। ਜੇ ਇਹ ਪਾਬੰਦੀਆਂ ਕੰਮ ਕਰਦੀਆਂ ਹਨ ਤਾਂ ਚੰਗੀ ਗੱਲ ਹੈ, ਪਰ ਜੇ ਉਹ ਸਾਡੀ ਹਰ ਪੇਸ਼ਕਦਮੀ ਨੂੰ ਗ਼ਲਤ ਦੱਸਦੇ ਹਨ, ਤਾਂ ਇਹ ਕੋਈ ਬਹੁਤੀ ਚੰਗੀ ਗੱਲ ਨਹੀਂ।' ਵਰਨਣ ਯੋਗ ਹੈ ਕਿ ਜਨੇਵਾ ਵਿਚਲੇ ਵਿਸ਼ਵ ਸਿਹਤ ਸੰਗਠਨ ਨੂੰ ਅਮਰੀਕਾ ਤੋਂ ਫੰਡਿੰਗ ਦੇ ਰੂਪ ਵਿੱਚ ਮੋਟੀ ਰਕਮ ਮਿਲਦੀ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਇਸ ਸੰਸਥਾ ਨੂੰ ਮਿਲਦੀ ਰਕਮ ਦਾ ਵੱਡਾ ਹਿੱਸਾ ਅਸੀਂ ਦੇਂਦੇ ਹਾਂ। ਉਹ ਅਸਲ ਵਿੱਚ ਮੇਰੇ ਵੱਲੋਂ ਲਾਈਆਂ ਯਾਤਰਾ ਪਾਬੰਦੀਆਂ ਨਾਲ ਅਸਹਿਮਤ ਸਨ ਤੇ ਉਨ੍ਹਾਂ ਇਸ ਫੈਸਲੇ ਦੀ ਨੁਕਤਾਚੀਨੀ ਕੀਤੀ ਸੀ। ਉਹ ਕਈ ਪੱਖਾਂ ਤੋਂ ਗ਼ਲਤ ਹਨ। ਉਨ੍ਹਾਂ ਕੋਲ ਅਗਾਊਂ ਬਹੁਤ ਸਾਰੀ ਜਾਣਕਾਰੀ ਸੀ, ਪਰ ਉਨ੍ਹਾਂ ਅੱਗੇ ਇਸ ਨੂੰ ਸਾਂਝੀ ਨਹੀਂ ਕੀਤਾ। ਉਹ ਥੋੜ੍ਹੇ ਨਹੀਂ, ਪੂਰੇ ਚੀਨ ਪੱਖੀ ਹਨ।'

ਇਸ ਦੌਰਾਨ ਸੈਨੇਟਰ ਅਤੇ ਸੈਨੇਟ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਜਿਮ ਰਿਸ਼ ਨੇ ਕਿਹਾ ਕਿ ਅਮਰੀਕੀ ਟੈਕਸ ਦਾਤਿਆਂ ਦਾ ਪੈਸਾ ਮਹਾਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਹੋਵੇ, ਵਾਇਰਸ ਕਰਕੇ ਹੋਈਆਂ ਮੌਤਾਂ 'ਤੇ ਪਰਦਾ ਪਾਉਣ ਲਈ ਨਹੀਂ। ਰਿਸ਼ ਨੇ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਨੂੰ ਚੀਨ ਦੇ ਹੱਥਾਂ ਦੀ ਸਿਆਸੀ ਕਠਪੁਤਲੀ ਨਹੀਂ ਬਣਨ ਦਿੱਤਾ ਜਾ ਸਕਦਾ।

## ਕੋਰੋਨਾ ਤੋਂ ਡਰੀਆਂ ਅਮਰੀਕੀ ਔਰਤਾਂ ਘਰ 'ਚ ਜਣੇਪਾ ਚਾਹੁੰਦੀਆਂ ਹਨ

ਵਾਸ਼ਿੰਗਟਨ, 9 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ 'ਚ ਕੋਰੋਨਾ ਦੇ ਕਾਰਨ ਗਰਭਵਤੀ ਔਰਤਾਂ ਚਿੰਤਾਂ ਵਿੱਚ ਹਨ। ਉਨ੍ਹਾਂ ਵਿੱਚੋਂ ਕੁਝ ਨੂੰ ਇਹ ਡਰ ਹੈ ਕਿ ਹਸਪਤਾਲਾਂ ਵਿੱਚ ਜਣੇਪੇ ਨਾਲ ਉਨ੍ਹਾਂ ਨੂੰ ਕੋਰੋਨਾ ਇਨਫੈਕਸ਼ਨ ਦਾ ਖ਼ਤਰਾ ਹੋ ਸਕਦਾ ਹੈ। ਉਹ ਜਣੇਪੇ ਲਈ ਆਪਣੇ ਘਰ ਨੂੰ ਵੱਧ ਸੁਰੱਖਿਅਤ ਮੰਨਦੀਆਂ ਹਨ।

ਦੁਨੀਆ ਭਰ ਵਿੱਚ ਇਸ ਵਕਤ ਅਮਰੀਕਾ ਕੋਰੋਨਾ ਇਨਫੈਕਸ਼ਨ ਦਾ ਹਾਟ-ਸਪਾਟ ਬਣਿਆ ਹੋਇਆ ਹੈ। ਸਭ ਤੋਂ ਵੱਧ ਕੋਰੋਨਾ ਦੇ ਕੇਸ ਇਸੇ ਦੇਸ਼ 'ਚ ਹਨ। ਕਈ ਸ਼ਹਿਰਾਂ ਦੇ ਹਸਪਤਾਲ ਮਰੀਜ਼ਾਂ ਨਾਲ ਭਰ ਗਏ ਹਨ। ਇਸ ਹਾਲਤ ਵਿੱਚ ਗਰਭਵਤੀ ਔਰਤਾਂ ਹਸਪਤਾਲਾਂ 'ਚ ਬੱਚੇ ਨੂੰ ਜਨਮ ਦੇਣ ਨੂੰ ਝਿਜਕ ਰਹੀਆਂ ਹਨ। ਨਾਰਥ ਕੈਰੋਲੀਨਾ ਵਿੱਚ ਰਹਿਣ ਵਾਲੀ ਸੱਤ ਮਹੀਨਿਆਂ ਦੀ ਗਰਭਵਤੀ 32 ਸਾਲਾ ਜੀਨਾ ਕਾਨਲੀ ਨੇ ਕਿਹਾ, 'ਮੈਂ ਹਸਪਤਾਲ ਨਹੀਂ ਜਾਣਾ ਚਾਹੁੰਦੀ, ਜਿੱਥੇ ਕੋਰੋਨਾ ਵਾਇਰਸ ਤੋਂ ਪੀੜਤ ਬਹੁਤ ਸਾਰੇ ਲੋਕ ਅਤੇ ਸਟਾਫ ਹਨ। ਇਸ ਲਈ ਘਰ 'ਚ ਜਣੇਪੇ ਲਈ ਮੈਡੀਕਲ ਸੇਵਾਵਾਂ 'ਤੇ ਹੋਣ ਵਾਲੇ ਚਾਰ ਹਜ਼ਾਰ ਡਾਲਰ ਦਾ ਖਰਚਾ ਕਰਾਂਗੀ।'

## ਆਸਟਰੇਲੀਆ ਦੀ ਸੁਪਰੀਮ ਕੋਰਟ ਨੇ ਪੋਪ ਕਾਰਡੀਨਲ ਜੌਰਜ ਦੀ ਸਜ਼ਾ ਕੀਤੀ ਰੱਦ

ਪਰਥ, 9 ਅਪ੍ਰੈਲ (ਪੋਸਟ ਬਿਊਰੋ)- ਆਸਟਰੇਲੀਆ ਦੀ ਸੁਪਰੀਮ ਕੋਰਟ ਨੇ ਆਸਟਰੇਲੀਅਨ ਕੈਥੋਲਿਕ ਚਰਚ, ਪੋਪ ਗਾਰਡੀਨਲ ਜੌਰਜ ਦੀ ਸਜ਼ਾ ਨੂੰ ਰੱਦ ਕਰ ਕੇ ਦੋਸ਼ ਮੁਕਤ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਜੌਰਜ ਪਿਛਲੇ ਸਮੇਂ ਵਿੱਚ ਬੱਚਿਆਂ ਦੇ ਸੈਕਸ ਸ਼ੋਸ਼ਣ ਦੇ ਦੋਸ਼ੀ ਕਰਾਰ ਦਿੱਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਕੇਸ ਵਿੱਚ ਛੇ ਸਾਲ ਸਜ਼ਾ ਹੋਈ ਸੀ। ਸਭ ਤੋਂ ਸੀਨੀਅਰ ਹਾਈ ਕੋਰਟ ਦੇ ਚੀਫ ਜਸਟਿਸ ਸੁਸਾਨ ਕੀਫਲ ਨੇ ਕਾਰਡੀਨਲ ਜੌਰਜ ਪੇਲ ਦੀ ਪਟੀਸ਼ਨ 'ਤੇ ਕੱਲ੍ਹ ਸੱਤ ਜੱਜਾਂ ਦੇ ਫੈਸਲੇ ਦਾ ਐਲਾਨ ਕੀਤਾ। ਇਸ ਫੈਸਲੇ ਦਾ ਅਰਥ ਹੈ ਕਿ ਉਹ 13 ਮਹੀਨੇ ਦੀ ਸਜ਼ਾ ਕੱਟਣ ਦੇ ਬਾਅਦ ਬਾਰਵਨ ਜੇਲ੍ਹ ਤੋਂ ਰਿਹਾਅ ਕਰ ਦਿੱਤੇ ਜਾਣਗੇ। ਦਸੰਬਰ 1996 ਵਿੱਚ ਮੈਲਬਰਨ ਦੇ ਸੇਂਟ ਪੈਟਰੀਕਸ ਕੈਥੇਡਰਲ ਵਿੱਚ ਗਾਇਕ ਮੰਡਲੀ ਦੇ ਦੋ 13 ਸਾਲਾ ਮੁੰਡਿਆਂ ਦੇ ਸੈਕਸ ਸ਼ੋਸ਼ਣ ਲਈ ਸਾਲ 2018 ਵਿੱਚ ਵਿਕਟੋਰੀਆ ਰਾਜ ਦੀ ਜਿਊਰੀ ਨੇ ਜਾਰਜ ਪੇਲਸ ਨੂੰ ਦੋਸ਼ੀ ਪਾਇਆ ਸੀ। ਉਸ ਨੂੰ ਪੈਰੋਲ ਦਾ ਹੱਕਦਾਰ ਹੋਣ ਤੋਂ ਪਹਿਲਾਂ ਜੇਲ੍ਹ ਵਿੱਚ ਤਿੰਨ ਸਾਲ ਅੱਠ ਮਹੀਨੇ ਸਜ਼ਾ ਕੱਟਣ ਦਾ ਹੁਕਮ ਦਿੱਤਾ ਗਿਆ ਸੀ। ਹਾਈ ਕੋਰਟ ਨੇ ਪਾਇਆ ਕਿ ਵਿਕਟੋਰੀਆ ਦੀ ਅਪੀਲੀ ਅਦਾਲਤ ਆਪਣੇ 2-1 ਬਹੁਮਤ ਵਾਲੇ ਫੈਸਲੇ ਵਿੱਚ ਗਲਤ ਸੀ। ਵਿਕਟੋਰੀਆ ਦੀ ਅਪੀਲੀ ਅਦਾਲਤ ਨੇ ਜੂਰੀ ਦੇ ਫੈਸਲੇ ਨੂੰ ਕਾਇਮ ਰੱਖਿਆ ਸੀ।

# ਸਿੰਗਾਪੁਰ ਹਾਈ ਕੋਰਟ ਵਿਚ ਦੀਦਾਰ ਸਿੰਘ ਗਿੱਲ ਦੇ ਜੱਜ ਬਣੇ

ਸਿੰਗਾਪੁਰ, 9 ਅਪ੍ਰੈਲ (ਪੋਸਟ ਬਿਊਰੋ)- ਸਿੰਗਾਪੁਰ 'ਚ ਭਾਰਤੀ ਮੂਲ ਦੇ ਜੁਡੀਸ਼ਲ ਕਮਿਸ਼ਨਰ ਤੇ ਬੌਧਿਕ ਜਾਇਦਾਦ ਮਾਹਿਰ ਨੂੰ ਰਾਸ਼ਟਰਪਤੀ ਹਲੀਮਾਹ ਯਾਕੋਬ ਨੇ ਸੂਬੇ ਦੀ ਹਾਈ ਕੋਰਟ ਦਾ ਜੱਜ ਨਿਯੁਕਤ ਕੀਤਾ ਹੈ। ਜੁਡੀਸ਼ਲ ਕਮਿਸ਼ਨਰ ਦੀਦਾਰ ਸਿੰਘ ਗਿੱਲ ਇੱਕ ਅਗਸਤ 2020 ਨੂੰ ਹਾਈ ਕੋਰਟ ਦੇ ਜੱਜ ਦਾ ਅਹੁਦਾ ਸੰਭਾਲਣਗੇ।

ਇਸ ਸਬੰਧੀ ਜਾਣਕਾਰੀ ਪ੍ਰਧਾਨ ਮੰਤਰੀ ਦਫ਼ਤਰ ਨੇ ਜਾਰੀ ਕੀਤੀ ਹੈ। ਦੀਦਾਰ ਸਿੰਘ ਗਿੱਲ ਨੂੰ ਅਗਸਤ 2018 'ਚ ਸੁਪਰੀਮ ਕੋਰਟ ਦਾ ਜੁਡੀਸ਼ਲ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ



ਉਹ ਡਰਿਊ ਅਤੇ ਨਾਈਪਰ 'ਚ ਬੌਧਿਕ ਜਾਇਦਾਦ ਵਿਭਾਗ ਦੇ ਮੈਨੇਜਿੰਗ ਡਾਇਰੈਕਟਰ ਸਨ। ਸੁਪਰੀਮ ਕੋਰਟ ਵਿੱਚ ਚਾਰਜ ਸੰਭਾਲਣ ਤੋਂ ਬਾਅਦ ਚੀਫ ਜਸਟਿਸ ਸੁੰਦਰੇਸ਼ ਮੈਨਨ ਨੇ ਉਨ੍ਹਾਂ ਨੂੰ ਹਾਈ ਕੋਰਟ ਦੀ ਬੌਧਿਕ ਜਾਇਦਾਦ ਬਾਰੇ ਸੂਚੀ ਸੰਭਾਲਣ ਤੇ ਸਿੰਗਾਪੁਰ 'ਚ ਬੌਧਿਕ ਜਾਇਦਾਦ ਨਾਲ ਸਬੰਧਤ ਝਗੜਿਆਂ ਦੇ ਨਿਬੇੜੇ ਸਬੰਧੀ ਸਿਸਟਮ ਦੀ ਸਮੀਖਿਆ ਕਰਨ ਲਈ ਕਿਹਾ ਸੀ। ਬੌਧਿਕ ਜਾਇਦਾਦ ਨਾਲ ਸਬੰਧਤ ਕੇਸਾਂ ਤੋਂ ਬਿਨਾ ਉਨ੍ਹਾਂ ਹੋਰ ਵੀ ਕਈ ਕੇਸਾਂ ਦੀ ਨਿਗਰਾਨੀ ਕੀਤੀ। ਰਾਸ਼ਟਰਪਤੀ ਨੇ ਵਕੀਲ ਆਂਦਰੇ ਫਰਾਂਸਿਸ ਨੂੰ ਚਾਰ ਮਈ ਤੋਂ ਸੁਪਰੀਮ ਕੋਰਟ ਦਾ ਜੁਡੀਸ਼ਲ ਕਮਿਸ਼ਨਰ ਨਿਯੁਕਤ ਕੀਤਾ ਹੈ। ਇਨ੍ਹਾਂ ਦੋ ਨਿਯੁਕਤੀਆਂ ਨਾਲ ਸੁਪਰੀਮ ਕੋਰਟ ਕੋਲ ਕੁੱਲ੍ਹ 25 ਜੱਜ, ਚਾਰ ਜੁਡੀਕਲ ਕਮਿਸ਼ਨਰ, ਚਾਰ ਸੀਨੀਅਰ ਜੱਜ ਤੇ 18 ਕੌਮਾਂਤਰੀ ਜੱਜ ਹਨ।

# ਕਾਬੁਲ ਨੇ ਪਾਕਿ ਨਾਲ ਜੁੜਦੀ ਸਰਹੱਦ ਬੰਦ ਕੀਤੀ




ਇਸਲਾਮਾਬਾਦ, 9 ਅਪ੍ਰੈਲ (ਪੋਸਟ ਬਿਊਰੋ)- ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਸੰਬੰਧਾਂ ਵਿੱਚ ਤਣਾਅ ਦਾ ਅਸਰ ਕੋਰੋਨਾ ਦੇ ਕਾਰਨ ਦੋਵਾਂ ਦੇਸ਼ਾਂ ਵਿੱਚ ਫਸੇ ਲੋਕਾਂ ਦੀ ਦੇਸ਼ ਵਾਪਸੀ ਉੱਤੇ ਪਿਆ ਹੈ। ਅਫਗਾਨਿ ਨਾਗਰਿਕਾਂ ਦੀ ਦੇਸ਼ ਵੱਲ ਵਾਪਸੀ ਲਈ ਪਾਕਿਸਤਾਨ ਨੇ ਕੱਲ੍ਹ ਸਰਹੱਦ ਨੂੰ ਖੋਲ੍ਹਿਆ ਸੀ, ਪਰ ਅਫਗਾਨਿਸਤਾਨ ਨੇ ਪਾਕਿਸਤਾਨੀ ਨਾਗਰਿਕਾਂ ਦੀ ਵਾਪਸੀ ਦਾ ਮੁੱਦਾ ਉਠਾਉਂਦੇ ਹੋਏ ਸਰਹੱਦ ਨੂੰ ਬੰਦ ਕਰ ਦਿੱਤਾ ਹੈ।

ਡਾਨ ਅਖਬਾਰ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਫਗਾਨਿਸਤਾਨ ਨੇ ਕਿਹਾ ਕਿ ਜਿਸ ਤਰ੍ਹਾਂ ਅਫਗਾਨ ਨਾਗਰਿਕ ਦੇਸ਼ ਵਾਪਸ ਆ ਰਹੇ ਹਨ, ਉਵੇਂ ਹੀ ਅਫਗਾਨਿਸਤਾਨ ਵਿੱਚ ਫਸੇ ਹੋਏ ਪਾਕਿਸਤਾਨ ਦੇ ਨਾਗਰਿਕਾਂ ਦੀ ਵੀ ਆਪਣੇ ਦੇਸ਼ ਵੱਲ ਵਾਪਸੀ ਹੋਣੀ ਚਾਹੀਦੀ ਹੈ। ਇਸ ਵਿਵਾਦ ਦੇ ਬਾਅਦ ਅਫਗਾਨਿਸਤਾਨ ਨੇ ਸਰਹੱਦ ਬੰਦ ਕਰ ਦਿੱਤ ਹੈ। ਕੋਰੋਨਾ ਵਾਇਰਸ ਦੀ ਬਿਮਾਰੀ ਦੇ ਫੈਲਣ ਦੇ ਬਾਅਦ ਪਾਕਿ-ਸਤਾਨ ਨੇ ਅਫਗਾਨਿਸਤਾਨ ਨਾਲ ਲੱਗਦੀ ਚਮਨ ਅਤੇ ਤੋਰਖਮ ਸੀਮਾ ਨੂੰ ਬੰਦ ਕਰ ਦਿੱਤਾ ਸੀ, ਪਰ ਜਦੋਂ ਖੋਲ੍ਹਿਆ ਤਾਂ ਅਫਗਾਨਿਸਤਾਨ ਨੇ ਅੜਿੱਕਾ ਪਾ ਦਿੱਤਾ ਹੈ।

## ਟਵਿੱਟਰ ਦੇ ਸੀ ਈ ਓ ਵੱਲੋਂ ਕੋਰੋਨਾ ਦੇ ਇਲਾਜ ਲਈ ਇੱਕ ਅਰਬ ਡਾਲਰ ਦੇਣ ਦਾ ਐਲਾਨ

ਸਾਨ ਫਰਾਂਸਿਸਕੋ, 9 ਅਪ੍ਰੈਲ (ਪੋਸਟ ਬਿਊਰੋ)- ਟਵਿੱਟਰ ਦੇ ਮੋਢੀ ਅਤੇ ਸੀ ਈ ਓ ਜੈਕ ਦੋਰਜੀ ਆਪਣੇ ਚੈਰਿਟੀ ਫੰਡ ਤੋਂ ਕੋਰੋਨਾ ਨਾਲ ਨਜਿੱਠਣ ਲਈ ਆਪਣੀ ਨਿੱਜੀ ਜਾਇਦਾਦ 'ਚੋਂ ਕਰੀਬ ਇੱਕ ਅਰਬ ਡਾਲਰ ਦਾਨ ਕਰਨਗੇ।

ਦੋਰਜੀ ਨੇ ਕੱਲ੍ਹ ਕਈ ਟਵੀਟ ਕਰ ਕੇ ਦੱਸਿਆ ਕਿ ਉਹ ਆਪਣੇ ਸ਼ੇਅਰ ਆਪਣੀ ਨਿੱਜੀ ਜਾਇਦਾਦ 'ਚੋਂ ਡਿਜੀਟਲ ਪੇਮੈਂਟ ਗਰੁੱਪ ਸਕਵਾਇਰ ਨੂੰ ਟਰਾਂਸਫਰ ਕਰ ਦੇਣਗੇ। ਇਹ ਫੰਡ ਉਨ੍ਹਾਂ ਦੇ ਕਾਰਪੋਰੇਸ਼ਨ ਸਟਾਰਟ ਸਮਾਲ ਨਾਲ ਸੰਬੰਧਤ ਹੋਵੇਗੀ। ਇਸ ਵਿੱਚ ਉਨ੍ਹਾਂ ਦੀ ਕੁੱਲ ਜਾਇਦਾਦ ਦਾ 28 ਫੀਸਦੀ ਹਿੱਸਾ ਹੈ। ਉਨ੍ਹਾਂ ਨੇ ਕਿਹਾ, ਇਸ ਇਸ ਸਮੇਂ ਕਰਨ ਦੀ ਬਹੁਤ ਜ਼ਰੂਰਤ ਹੈ ਅਤੇ ਮੈਂ ਆਪਣੇ ਜੀਵਨ ਵਿੱਚ ਇਸ ਦਾ ਅਸਰ ਦੇਖਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਕਿ



ਮੈਨੂੰ ਉਮੀਦ ਹੈ ਕਿ ਇਹ ਦੂਸਰਿਆਂ ਨੂੰ ਵੀ ਕੁਝ ਕਰਨ ਲਈ ਪ੍ਰੇਰਿਤ ਕਰੇਗਾ। ਜੀਵਨ ਬੜਾ ਛੋਟਾ ਹੈ, ਅਸੀਂ ਲੋਕਾਂ ਦੀ ਮਦਦ ਕਰਨ ਦੇ ਲਈ ਜੋ ਕਰ ਸਕਦੇ ਹਾਂ, ਉਹ ਸਭ ਕੁਝ ਕਰੀਏ। ਦੋਰਜੀ ਨੇ ਕਿਹਾ ਕਿ ਜਦ ਮਹਾਮਾਰੀ ਖਤਮ ਹੋ ਗਈ ਤਾਂ ਉਹ ਸਿਹਤ ਅਤੇ ਲੜਕੀਆਂ ਦੀ ਸਿਖਿਆ 'ਤੇ ਧਿਆਨ ਦੇਣਗੇ, ਨਾਲ ਹੀ ਸੰਸਾਰ ਦੇ ਮੂਲ ਖਰਚ ਲਈ ਵੀ ਯਤਨ ਕਰਨਗੇ।

# ਲੌਕਡਾਊਨ ਦੌਰਾਨ ਮੁਸਲਿਮ ਭਾਈਚਾਰੇ ਨੇ ਹਿੰਦੂ ਔਰਤ ਦੀਆਂ ਅੰਤਿਮ ਰਸਮਾਂ ਨਿਭਾਈਆਂ

ਭੋਪਾਲ, 9 ਅਪ੍ਰੈਲ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਮੁਸਲਿਮ ਭਾਈਚਾਰੇ ਨੇ ਆਪਣੇ ਗੁਆਂਢ ਵਿੱਚ ਰਹਿੰਦੇ ਇਕ ਹਿੰਦੂ ਔਰਤ ਦੀ ਮੌਤ ਮਗਰੋਂ ਉਹਦੀਆਂ ਅੰਤਿਮ ਰਸਮਾਂ ਪੂਰੀ ਕੀਤੀਆਂ। ਦੇਸ਼ਵਿਆਪੀ ਲੌਕਡਾਊਨ ਕਰਕੇ ਪੀੜਤ ਦੇ ਰਿਸ਼ਤੇਦਾਰ ਇੰਦੌਰ ਨਹੀਂ ਪਹੁੰਚ ਸਕੇ। ਸੀਨੀਅਰ ਕਾਂਗਰਸ ਆਗੂ ਤੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਕਮਲ ਨਾਥ ਨੇ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਵੱਲੋਂ ਵਿਖਾਈ ਫ਼ਰਾਖ਼ਦਿਲੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਨ੍ਹਾਂ ਸਮਾਜ ਲਈ ਇਕ ਮਿਸਾਲ ਕਾਇਮ ਕੀਤੀ ਹੈ। ਅਧਰੰਗ ਪੀੜਤ ਦਰੋਪਈ ਬਾਈ (65) ਇੰਦੌਰ ਦੇ ਦੱਖਣੀ ਟੋਡਾ ਖੇਤਰ ਵਿੱਚ ਆਪਣੇ ਵੱਡੇ ਪੁੱਤਰ ਨਾਲ ਰਹਿੰਦੀ ਸੀ ਤੇ ਲੰਘੇ ਦਿਨ ਉਹਦੀ ਮੌਤ ਹੋ ਗਈ। ਲੌਕਡਾਊਨ ਕਰਕੇ ਪੀੜਤ ਦੇ ਦੂਰ-ਦੁਰਾਡੇ ਰਹਿੰਦੇ ਰਿਸ਼ਤੇਦਾਰ ਉਹਦੀ ਅੰਤਿਮ ਰਸਮਾਂ ਮੌਕੇ ਨਹੀਂ ਪਹੁੰਚ ਸਕੇ। ਮ੍ਰਿਤਕ ਦੇਹ ਨੂੰ ਸ਼ਮਸ਼ਾਨ ਤਕ ਲਿਜਾਣ ਲਈ ਕੋਈ ਵਾਹਨ ਵੀ ਨਹੀਂ ਮਿਲਿਆ। ਗੁਆਂਢ ਵਿੱਚ ਰਹਿੰਦੇ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੂੰ ਜਦੋਂ ਪਰਿਵਾਰ 'ਤੇ ਆਈ ਬਿਪਤਾ ਦਾ ਪਤਾ ਲੱਗਾ ਤਾਂ ਉਹ ਫੌਰੀ ਮਦਦ ਲਈ ਪਹੁੰਚ ਗਏ। ਕਾਂਗਰਸ ਦੇ ਬੁਲਾਰੇ ਨਰਿੰਦਰ ਸਲੂਜਾ ਨੇ ਕਿਹਾ ਕਿ ਇਨ੍ਹਾਂ ਕਰੋਨਾਵਾਇਰਸ ਦੇ ਡਰੋਂ ਇਹਤਿਆਤ ਵਜੋਂ ਮਾਸਕ ਜ਼ਰੂਰ ਪਾਏ ਹੋਏ ਸਨ, ਪਰ ਉਨ੍ਹਾਂ ਅੰਤਿਮ ਰਸਮਾਂ ਦਾ ਸਾਰਾ ਪ੍ਰਬੰਧ ਕਰਨ ਮਗਰੋਂ ਮ੍ਰਿਤਕ ਦੇਹ ਨੂੰ ਆਪਣੇ ਮੋਢਿਆਂ 'ਤੇ ਰੱਖ ਕੇ ਢਾਈ ਕਿਲੋਮੀਟਰ ਦੂਰ ਸ਼ਮਸ਼ਾਨ ਤਕ ਪਹੁੰਚਾਇਆ। ਸੋਸ਼ਲ ਮੀਡੀਆ 'ਤੇ ਇਸ ਪੂਰੀ ਘਟਨਾ ਦੀ ਵੀਡੀਓ ਵਾਇਰਲ ਹੋਣ ਮਗਰੋਂ ਹਰ ਕੋਈ ਮੁਸਲਿਮ ਭਾਈਚਾਰੇ ਦੀ ਫਰਾਖ਼ਦਿਲੀ ਦੀ ਤਾਰੀਫ਼ ਕਰ ਰਿਹੈ।

# ਸਰੀਰ ਵਿੱਚ ਛਿਪਿਆ ਰਹਿੰਦਾ ਹੈ ਕੋਰੋਨਾ !

ਸਿਊਲ, 9 ਅਪ੍ਰੈਲ (ਪੋਸਟ ਬਿਊਰੋ)- ਇਨਫੈਕਸ਼ਨ ਰੋਕਣ ਦੇ ਲਈ ਜਿਸ ਦੇਸ਼ ਦੀ ਦੁਨੀਆ ਭਰ ਵਿੱਚ ਤਾਰੀਫ ਹੋ ਰਹੀ ਹੈ ਉਸ ਦੇਸ਼ ਵਿੱਚ 51 ਮਰੀਜ਼ ਦੁਬਾਰਾ ਪੋਜੀਟਿਵ ਪਾਏ ਗਏ ਹਨ। ਦੱਖਣੀ ਕੋਰੀਆ ਨੇ ਕੋਰੋਨਾ ਦੇ ਕੇਸ ਸ਼ੁਰੂ ਹੋਣ ਦੇ ਨਾਲ ਹੀ ਵੱਡੀ ਗਿਣਤੀ ਵਿੱਚ ਲੋਕਾਂ ਦੇ ਟੈਸਟ ਕੀਤੇ ਸਨ। ਇਸ ਦੇ ਕਾਰਨ ਦੇਸ਼ ਵਿੱਚ ਕੋਰੋਨਾ ਉੱਤੇ ਕਾਫੀ ਹੱਦ ਤੱਕ ਕਾਬੂ ਹੋ ਗਿਆ ਪਰ 51 ਮਰੀਜ਼ਾਂ ਦੇ ਦੁਬਾਰਾ ਪੋਜੀਟਿਵ ਆਉਣ 'ਤੇ ਨਾ ਸਿਰਫ ਦੱਖਣੀ ਕੋਰੀਆ ਨਹੀਂ, ਬਲਕਿ ਹੋਰ ਦੇਸ਼ਾਂ ਦੀ ਚਿੰਤਾਵਾਂ ਵੀ ਵੱਧ ਗਈਆਂ ਹਨ। ਡੇਲੀ ਮੇਲ ਦੀ ਰਿਪੋਰਟ ਦੇ ਮੁਤਾਬਕ ਕੋਰੋਨਾ ਵਾਇਰਸ ਨਾਲ ਪੋਜੀਟਿਵ ਪਾਏ ਗਏ ਲੋਕਾਂ ਨੂੰ ਦੱਖਣੀ ਕੋਰੀਆ ਦੇ ਡੈਗੂ ਵਿੱਚ ਕਵਾਰੰਟਾਈਨ ਕੀਤਾ ਗਿਆ ਸੀ ਪਰ ਟੈਸਟ ਰਿਜਲਟ ਨੈਗੇਟਿਵ ਆਉਣ ਦੇ ਬਾਅਦ ਉਨ੍ਹਾਂ ਨੇ ਕਵਾਰੰਟਾਈਨ ਤੋਂ ਛੱਡ ਦਿੱਤਾ ਗਿਆ। ਕੁਝ ਦਿਨ ਬਾਅਦ 51 ਲੋਕ ਦੁਬਾਰਾ



ਪੋਜੀਟਿਵ ਪਾਏ ਗਏ। ਦੱਖਣੀ ਕੋਰੀਆ ਦੇ ਸੁਰੱਖਿਆ ਅਧਿਕਾਰੀਆਂ ਦਾ ਮੰਨਣਾ ਹੈ ਕਿ ਕੋਰੋਨਾ ਵਾਇਰਸ ਇਨਸਾਨਾਂ ਦੇ ਵਿੱਚ ਸਰੀਰ ਵਿੱਚ ਅਜਿਹੀ ਜਗ੍ਹਾ ਛਿਪ ਜਾਂਦਾ ਹੈ ਜਿਸਦਾ ਪਤਾ ਲਗਾਉਣਾ ਮੁਸ਼ਕਲ ਹੁੰਦਾ ਹੈ।

ਦੱਖਣੀ ਕੋਰੀਆ ਦੇ ਸੈਂਟਰ ਫਾਰ ਡਿਜੀਜ ਕੰਟ੍ਰੋਲ ਐਂਡ ਪ੍ਰੀਵੈਂਸ਼ਨ ਦਾ ਕਹਿਣਾ ਹੈ ਕਿ ਲਗਦਾ ਹੈ ਕਿ ਮਰੀਜ਼ ਦੁਬਾਰਾ ਪ੍ਰਭਾਵ ਨਹੀਂ ਹੋਇਆ, ਸਗੋਂ ਵਾਇਰਸ ਫਿਰ ਤੋਂ ਐਕਿਟਵ ਹੋ ਗਿਆ ਹੈ। ਬ੍ਰਿਟਿਸ਼ ਐਕਸਪਰਟ ਦਾ ਕਹਿਣਾ ਹੈ ਕਿ ਅੱਜ ਤੱਕ ਅਜਿਹੇ ਸਬੂਤ ਨਹੀਂ ਮਿਲੇ, ਜਿਸ ਨਾਲ ਇਹ ਸਾਬਿਤ ਹੋਵੇ ਕਿ ਮਰੀਜ਼ ਵਿੱਚ ਵਾਇਰਸ ਫਿਰ ਐਕਟਿਵ ਹੁੰਦੇ ਹਨ। ਬ੍ਰਿਟੇਨ ਦੇ ਈਸਟ ਐਂਗਲੀਆ ਯੂਨੀਵਰਸਿਟੀ ਵਿੱਚ ਇਨਫੈਕਸ਼ਨ ਰੋਗਾਂ ਦੇ ਪ੍ਰੋਫੈਸਰ ਪਾਲ ਹੰਟਰ ਨੇ ਕਿਹਾ, 'ਮੈਂ ਮੰਨਦਾ ਹਾਂ ਕਿ ਇਹ ਮਰੀਜ਼ ਦੁਬਾਰਾ ਪ੍ਰਭਾਵਤ ਨਹੀਂ ਹੋਏ ਹੋਣਗੇ, ਪਰ ਮੈਂ ਇਹ ਵੀ ਨਹੀਂ ਸੋਚਦਾ ਕਿ ਵਾਇਰਸ ਦੁਬਾਰਾ ਐਕਟਿਵ ਹੋ ਗਿਆ ਹੈ। ਮੈਨੂੰ ਲੱਗਦਾ ਹੈ ਕਿ ਪਹਿਲਾ ਉਨ੍ਹਾਂ ਦੀ ਜਾਂਚ ਰਿਪੋਰਟ ਵਿੱਚ ਗਲਤੀ ਨਾਲ ਨੈਗੇਟਿਵ ਰਿਜਲਟ ਆਇਆ ਹੋਵੇਗਾ।''








# ਪੰਜਾਬ ਦੇ ਬਿਜਲੀ ਖ਼ਪਤਕਾਰਾਂ ਨੂੰ 350 ਕਰੋੜ ਰੁਪਏ ਦੀ ਰਾਹਤ

ਚੰਡੀਗੜ੍ਹ, 9 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨਾਲ ਉਪਜੇ ਸੰਕਟ ਕਾਰਨ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਕਾਰਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿਜਲੀ ਖ਼ਪਤਕਾਰਾਂ ਲਈ ਤੈਅ ਦਰਾਂ ਵਿੱਚ 350 ਕਰੋੜ ਰੁਪਏ ਦੀ ਕਟੌਤੀ ਕਰਕੇ ਰਾਹਤ ਦੇਣ ਦਾ ਐਲਾਨ ਕੀਤਾ ਤੇ ਬਿੱਲ ਨਾ ਭਰਨ ਵਾਲਿਆਂ ਨੂੰ 20 ਅਪ੍ਰੈਲ ਤੱਕ ਮੋਹਲਤ ਦਿੱਤੀ ਗਈ ਹੈ। ਕਰਫਿਊ ਤੇ ਲੌਕਡਾਊਨ ਦੀਆਂ ਪਾਬੰਦੀਆਂ ਖ਼ਤਮ ਨਾ ਹੋਣ ਤੱਕ ਕਿਸੇ ਵੀ ਖ਼ਪਤਕਾਰ ਦਾ ਕੁਨੈਕਸ਼ਨ ਨਾ ਕੱਟਣ ਲਈ ਕਿਹਾ ਗਿਆ ਹੈ। ਇਸ ਰਾਹਤ ਬਦਲੇ ਪਾਵਰਕਾਮ ਨੂੰ ਵਾਧੂ ਵਿੱਤੀ ਭਾਰ ਸਹਿਣਾ ਪਏਗਾ। ਇਸ ਮੌਕੇ ਮੁੱਖ ਮੰਤਰੀ ਨੇ ਪੀ ਐਸ ਪੀ ਸੀ ਐਲ (ਪੰਜਾਬ ਸਟੇਟ ਪਾਵਰਕਾਮ ਲਿਮਿਟਿਡ) ਅਤੇ ਪੀ ਐਸ ਟੀ ਸੀ ਐਲ ਵਾਲੇ ਮੁਲਾਜ਼ਮਾਂ ਦੀ ਲਗਾਤਾਰ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਸ਼ਲਾਘਾ ਵੀ ਕੀਤੀ ਹੈ।



ਮੁੱਖ ਮੰਤਰੀ ਦੇ ਐਲਾਨ ਤੋਂ ਬਾਅਦ ਜਿਹੜੇ ਘਰੇਲੂ ਅਤੇ ਵਪਾਰਕ ਖ਼ਪਤਕਾਰ 20 ਮਾਰਚ ਨੂੰ ਜਾਂ ਇਸ ਤੋਂ ਬਾਅਦ ਬਿੱਲ ਭਰਨ ਵਾਲੇ ਸਨ, ਉਨ੍ਹਾਂ ਲਈ ਮੌਜੂਦਾ ਮੰਥਲੀ ਜਾਂ ਦੋ-ਮਹੀਨਿਆਂ ਦੇ 10,000 ਰੁਪਏ ਤੱਕ ਦੇ ਬਿੱਲ ਲਈ ਤੈਅ ਮਿਤੀ ਬਿਨਾਂ ਕਸੇ ਲੇਟ ਫੀਸ ਦੇ 20 ਅਪ੍ਰੈਲ ਤੱਕ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਉਨ੍ਹਾਂ ਖ਼ਪਤਕਾਰਾਂ ਨੂੰ (ਪਹਿਲਾਂ ਦੇ ਬਕਾਇਆ ਤੋਂ ਇਲਾਵਾ) ਇੱਕ ਫ਼ੀਸਦੀ ਛੋਟ ਦਿੱਤੀ ਜਾਵੇਗੀ, ਜਿਹੜੇ ਡਿਜੀਟਲ ਤਰੀਕੇ ਨਾਲ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਮਿਥੀ ਹੋਈ ਤਾਰੀਖ 'ਤੇ ਕਰਨਗੇ। ਇਹ ਰਿਆਇਤਾਂ ਸਾਰੇ ਉਦਯੋਗਿਕ ਖ਼ਪਤਕਾਰਾਂ, ਮੀਡੀਅਮ ਤੇ ਵੱਡੇ ਪੱਧਰ 'ਤੇ ਸਪਲਾਈ ਵਾਲੇ ਉਦਯੋਗਿਕ ਖ਼ਪਤਕਾਰਾਂ ਦੇ 20 ਮਾਰਚ ਜਾਂ ਇਸ ਪਿੱਛੋਂ ਦੇ ਬਿਜਲੀ ਬਿੱਲਾਂ 'ਤੇ ਵੀ ਲਾਗੂ ਹੋਣਗੀਆਂ। ਉਦਯੋਗਿਕ ਖ਼ਪਤਕਾਰਾਂ ਨੂੰ 23 ਮਾਰਚ ਤੋਂ ਬਾਅਦ ਦੋ ਮਹੀਨਿਆਂ ਲਈ ਮਿਥੇ ਖ਼ਰਚਿਆਂ ਤੋਂ ਛੋਟ ਦਿੱਤੀ ਜਾਵੇਗੀ ਤੇ ਉਨ੍ਹਾਂ ਦੇ ਬਿਜਲੀ ਬਿੱਲ ਪੱਕੇ ਖ਼ਰਚਿਆਂ ਵਿੱਚ ਕਟੌਤੀ ਮੁਤਾਬਕ ਹੋ ਸਕਦੇ ਹਨ। ਸੋਧੇ ਹੋਏ ਬਿਜਲੀ ਬਿੱਲਾਂ ਦਾ ਖ਼ਪਤਕਾਰਾਂ ਵੱਲੋਂ ਭੁਗਤਾਨ ਕੀਤਾ ਜਾਵੇਗਾ ਅਤੇ ਸਬਸਿਡੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

## ਦੁੱਧ ਨਾ ਲੈਣ ਦੀਆਂ ਅਫ਼ਵਾਹਾਂ ਦੇ ਨਾਲ ਗੁੱਜਰ ਭਾਈਚਾਰੇ ਦਾ ਲੱਕ ਟੁੱਟਣ ਲੱਗਾ

ਗੁਰਦਾਸਪੁਰ, 9 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਗੁੱਜਰ ਭਾਈਚਾਰੇ ਕੋਲੋਂ ਦੁੱਧ ਨਾ ਲੈਣ ਦੀਆਂ ਅਫ਼ਵਾਹਾਂ ਨੇ ਇਸ ਭਾਈਚਾਰੇ ਦੀ ਆਰਥਿਕ ਸਥਿਤੀ ਦਾ ਲੱਕ ਤੋੜ ਦਿੱਤਾ ਹੈ।

ਗੁਰਦਾਸਪੁਰ ਜ਼ਿਲ੍ਹੇ ਵਿੱਚ ਵੱਡੀ ਗਿਣਤੀ ਵਿੱਚ ਗੁੱਜਰ ਭਾਈਚਾਰੇ ਦੇ ਲੋਕਾਂ ਦੀ ਰੋਜ਼ੀ ਰੋਟੀ ਦੁੱਧ ਦੇ ਕਾਰੋਬਾਰ ਉੱਤੇ ਚੱਲਦੀ ਹੈ, ਪਰ ਜਦੋਂ ਸੋਸ਼ਲ ਮੀਡੀਆ 'ਤੇ ਗੁੱਜਰ ਭਾਈਚਾਰੇ ਕੋਲੋਂ ਦੁੱਧ ਨਾ ਲੈਣ ਦੀ ਅਫ਼ਵਾਹ ਫੈਲੀ ਤਾਂ ਉਸ ਕਾਰਨ ਗੁੱਜਰਾਂ ਦੇ ਕੋਲੋਂ ਨਾ ਲੋਕ ਅਤੇ ਨਾ ਡੇਅਰੀਆਂ ਵਾਲੇ ਦੁੱਧ ਲੈ ਰਹੇ ਹਨ। ਲੋਕਾਂ ਨੇ ਗੁੱਜਰਾਂ ਨੂੰ ਦੁੱਧ ਨਾ ਲਿਆਉਣ ਤੋਂ ਮਨ੍ਹਾਂ ਕਰ ਦਿੱਤਾ ਹੈ। ਕੁਝ ਡੇਅਰੀਆਂ ਦੇ ਮਾਲਕ ਗੁੱਜਰਾਂ ਨੂੰ ਇਹ ਕਹਿੰਦੇ ਹਨ ਕਿ ਉਹ ਪਹਿਲਾਂ ਕਿਸੇ ਸਰਕਾਰੀ ਅਧਿਕਾਰੀ ਤੋਂ ਲਿਖਵਾ ਕੇ ਲਿਆਉਣ ਜਾਂ ਉਨ੍ਹਾਂ ਦੀ ਕੋਈ ਅਧਿਕਾਰੀ ਜ਼ਿੰਮੇਵਾਰੀ ਚੁੱਕੇ। ਇਸ ਕਾਰਨ ਗੁੱਜਰਾਂ ਦਾ ਦੁੱਧ ਦਾ ਕਾਰੋਬਾਰ ਠੱਪ ਹੋ ਗਿਆ ਹੈ। ਪਿੰਡ ਮਾਨ ਚੋਪੜੇ ਦੇ ਕੁਝ ਗੁੱਜਰਾਂ ਦੀ ਇੱਕ ਵੀਡੀਓ ਵਿੱਚ ਉਹ ਦੁੱਧ ਦੇ ਵੱਡੇ-ਵੱਡੇ ਕੈਨ ਨਹਿਰ ਵਿੱਚ ਰੋੜ੍ਹ ਰਹੇ ਸਨ। ਵੀਡੀਓ ਦੀ ਜਾਂਚ ਕਰਨ ਲਈ ਜਦੋਂ ਪੱਤਰਕਾਰਾਂ ਦੀ ਟੀਮ ਪਿੰਡ ਮਾਨ ਚੋਪੜੇ ਇਨ੍ਹਾਂ ਗੁੱਜਰਾਂ ਕੋਲ ਪਹੁੰਚੀ ਤਾਂ ਗੁੱਜਰ ਭਾਈਚਾਰੇ ਦੇ ਲੋਕਾਂ ਨੇ ਕਿਹਾ ਕਿ ਦੁੱਧ ਵਰਗੀ ਕੀਮਤੀ ਚੀਜ਼ ਉਹ ਰੋਜ਼ ਹਜ਼ਾਰਾਂ ਲੀਟਰ ਦੇ ਹਿਸਾਬ ਨਾਲ ਨਹਿਰਾਂ ਅਤੇ ਖਾਲਾਂ ਵਿੱਚ ਮਜਬੂਰੀ ਵੱਸ ਰੋੜ੍ਹ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਲੋਕਾਂ ਨੂੰ ਇਨ੍ਹਾਂ ਅਫ਼ਵਾਹਾਂ ਤੋਂ ਜਾਣੂ ਕਰਵਾਉਣ ਅਤੇ ਸੁਚੇਤ ਕਰਵਾਉਣ ਲਈ ਪ੍ਰਸ਼ਾਸਨ ਕੋਈ ਹੀਲਾ ਜ਼ਰੂਰ ਕਰੇ।

## ਬੁਆਏ ਫਰੈਂਡ ਨੇ ਫੋਨ ਨਾ ਚੁੱਕਿਆ ਤਾਂ ਕੁੜੀ ਨੇ ਫਾਹਾ ਲੈ ਲਿਆ

ਜਲੰਧਰ, 9 ਅਪ੍ਰੈਲ (ਪੋਸਟ ਬਿਊਰੋ)- ਸੈਣੀ ਕਲੋਨੀ 'ਚ ਇੱਕ 19 ਸਾਲਾ ਕੁੜੀ ਨੇ ਬੁਆਏ ਫਰੈਂਡ ਵੱਲੋਂ ਫੋਨ ਨਾ ਚੁੱਕਣ 'ਤੇ ਫਾਹਾ ਲੈ ਕੇ ਜਾਨ ਦੇ ਦਿੱਤੀ ਹੈ। ਇਸ ਲੜਕੀ ਨੇ ਤਿੰਨ ਮਹੀਨੇ ਪਹਿਲਾਂ ਵੀ ਨਸ ਕੱਟ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਡਾਕਟਰਾਂ ਨੇ ਉਸ ਨੂੰ ਬਚਾ ਲਿਆ ਸੀ। ਮ੍ਰਿਤਕਾ ਦੀ ਪਛਾਣ ਲਕਸ਼ਮੀ ਵਜੋਂ ਹੋਈ ਹੈ।



ਥਾਣਾ ਨੰਬਰ 8 ਦੇ ਸਬ ਇੰਸਪੈਕਟਰ ਨਿਰਮਲ ਸਿੰਘ ਨੇ ਦੱਸਿਆ ਕਿ ਸਵੇਰੇ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਸੈਣੀ ਕਲੋਨੀ 'ਚ ਇੱਕ ਕੁੜੀ ਨੇ ਸੁਸਾਈਡ ਕਰ ਲਿਆ ਹੈ। ਉਨ੍ਹਾਂ ਮੌਕੇ 'ਤੇ ਜਾ ਕੇ ਦੇਖਿਆ ਕਿ 19 ਸਾਲ ਦੀ ਲਕਸ਼ਮੀ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਜਾਂਚ ਵਿੱਚ ਪੁਲਸ ਨੂੰ ਕੋਈ ਸੁਸਾਈਡ ਨੋਟ ਨਹੀਂ ਮਿਲਿਆ। ਨਿਰਮਲ ਸਿੰਘ ਨੇ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਾ ਕਿ ਲੜਕੀ ਯੂ ਪੀ ਵਿੱਚ ਰਹਿੰਦੇ ਇੱਕ ਨੌਜਵਾਨ ਨਾਲ ਪ੍ਰੇਮ ਕਰਦੀ ਸੀ, ਪਰ ਕੁਝ ਦਿਨਾਂ ਤੋਂ ਉਹ ਉਸ ਦਾ ਫੋਨ ਨਹੀਂ ਚੁੱਕ ਰਿਹਾ ਸੀ, ਜਿਸ ਕਾਰਨ ਲੜਕੀ ਨੇ ਖੁਦਕੁਸ਼ੀ ਕਰ ਲਈ। ਉਕਤ ਪਰਵਾਰ ਯੂ ਪੀ ਦਾ ਵਸਨੀਕ ਹੈ। ਲੜਕੀ ਦੇ ਪਰਵਾਰ ਵਾਲਿਆਂ ਨੇ ਕੋਈ ਵੀ ਕਾਨੂੰਨੀ ਕਾਰਵਾਈ ਕਰਵਾਉਣ ਤੋਂ ਮਨ੍ਹਾ ਕਰ ਦਿੱਤਾ ਹੈ।

## ਜੰਗਲੀ ਜੀਵ ਕਾਰੋਬਾਰ ਤੇ ਘਟਦੇ ਕੁਦਰਤੀ ਨਿਵਾਸ ਕਾਰਨ ਵਧਦਾ ਗਿਆ ਇਨਫੈਕਸ਼ਨ ਦਾ ਖਤਰਾ

ਲਾਸ ਏਂਜਲਸ, 9 ਅਪ੍ਰੈਲ (ਪੋਸਟ ਬਿਊਰੋ)- ਸ਼ਿਕਾਰ, ਵਪਾਰ ਰਾਹੀਂ ਇਨਸਾਨਾਂ ਵੱਲੋਂ ਜੰਗਲੀ ਜੀਵਾਂ ਦੀ ਵਰਤੋਂ ਅਤੇ ਘਟਦੇ ਕੁਦਰਤੀ ਨਿਵਾਸ (ਨੈਚੁਰਲ ਹੈਬੀਟੈਟ) ਕਾਰਨ ਮਨੁੱਖ ਤੇ ਪਸ਼ੂਆਂ ਵਿਚਾਲੇ ਕਰੀਬੀ ਸੰਪਰਕ ਲਗਾਤਾਰ ਵਧਿਆ ਹੈ, ਜਿਸ ਕਾਰਨ ਕੋਵਿਡ-19 ਵਰਗੀਆਂ ਇਨਫੈਕਸ਼ਨਾਂ ਦਾ ਖਤਰਾ ਲਗਾਤਾਰ ਵਧਦਾ ਜਾ ਰਿਹਾ ਹੈ।

ਪ੍ਰੋਸੀਡਿੰਗਸ ਆਫ ਦ ਰਾਇਲ ਸੋਸਾਇਟੀ ਬੀ ਜਰਨਲ 'ਚ ਛਪੇ ਅਧਿਐਨ ਨੇ ਜਾਨਵਰਾਂ 'ਚ ਇਨਫੈਕਸ਼ਨ ਦੇ ਖਤਰੇ ਦੇ ਮੁਲਾਂਕਣ ਲਈ ਨਵੇਂ ਸਬੂਤ ਪੇਸ਼ ਕੀਤੇ ਅਤੇ ਦੱਸਿਆ ਹੈ ਕਿ ਜੰਗਲੀ ਜੀਵਾਂ ਦੀ ਘਟਦੀ ਆਬਾਦੀ ਦੀ ਪ੍ਰਕਿਰਿਆ ਵਿੱਚ ਕਿਸ ਤਰ੍ਹਾਂ ਜਾਨਵਰਾਂ ਤੋਂ ਵਾਇਰਸ ਇਨਸਾਨ 'ਚ ਪਹੁੰਚਦਾ ਹੈ। ਅਮਰੀਕਾ 'ਚ ਕੈਲੇਫੋਰਨੀਆ ਯੂਨੀਵਰਸਿਟੀ 'ਚ ਖੋਜਕਾਰ ਕ੍ਰਿਸਟਿਨ ਕਰੂਡਰ ਜਾਨਸਨ ਨੇ ਕਿਹਾ ਕਿ ਜਾਨਵਰਾਂ ਤੋਂ ਵਾਇਰਸ ਦੇ ਪਸਾਰ ਦਾ ਸਿੱਧਾ ਸੰਬੰਧ ਜੰਗਲੀ ਜੀਵ ਤੇ ਉਨ੍ਹਾਂ ਦੇ ਨਿਵਾਸ ਵਿੱਚ ਮਨੁੱਖ ਦੇ ਦਖਲ ਨਾਲ ਜੁੜਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਦਾ ਨਤੀਜਾ ਇਹ ਹੋਇਆ ਕਿ ਪਸ਼ੂ ਆਪਣਾ ਵਾਇਰਸ ਸਾਡੇ ਨਾਲ ਸਾਂਝਾ ਕਰਦੇ ਹਨ। ਇਸ ਕਾਰਨ ਨਸਲਾਂ ਦੇ ਜੀਵਨ 'ਤੇ ਹੋਰ ਇਨਫੈਕਸ਼ਨ ਦੇ ਫੈਲਣ ਦਾ ਵੀ ਖਤਰਾ ਹੈ। ਇਹੀ ਕਾਰਨ ਹੈ ਕਿ ਅੱਜ ਅਸੀਂ ਅਜਿਹੀ ਹਾਲਤ ਵਿੱਚ ਪਹੁੰਚ ਗਏ ਹਾਂ ਕਿ ਜਿਸ ਦਾ ਸਾਹ-ਮਣਾ ਕਰ ਰਹੇ ਹਾਂ।



ਵਿਗਿਆਨੀਆਂ ਨੇ ਜਾਨਵਰਾਂ ਤੋਂ ਮਨੁੱਖ ਤੱਕ ਫੈਲੇ 142 ਵਾਇਰਸਾਂ ਦੇ ਅੰਕੜੇ ਇਕੱਠੇ ਕੀਤੇ। ਇਸ ਵਿੱਚ ਅਜਿਹੇ ਵਾਇਰਸ ਨੂੰ ਸ਼ਾਮਲ ਕੀਤਾ ਗਿਆ, ਜੋ ਵਾਹਕ ਰਾਹੀਂ ਇਨਸਾਨਾਂ ਤੱਕ ਪਹੁੰਚਿਆ। ਕੁਦਰਤ ਦੀ ਸੰਭਾਲ ਲਈ ਕੌਮਾਂਤਰੀ ਫੈਡਰੇਸ਼ਨ ਵੱਲੋਂ ਤਿਆਰ ਅਲੋਪ ਹੋਣ ਕੰਢੇ ਨਸਲਾਂ ਦੀ 'ਰੈੱਡ ਲਿਸਟ' ਦੀ ਵਰਤੋਂ ਕਰਦੇ ਹੋਏ ਵਿਗਿਆਨੀਆਂ ਨੇ ਜੰਗਲੀ ਜੀਵਾਂ ਨਾਲ ਜੁੜੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਅਤੇ ਕਿਹਾ ਕਿ ਅੰਕੜਿਆਂ ਤੋਂ ਇਨਫੈਕਸ਼ਨ ਫੈਲਣ ਦੇ ਰੁਝਾਨ ਦਾ ਸਾਫ ਪਤਾ ਲੱਗਾ ਹੈ। ਇਸ ਤੋਂ ਇਹ ਸਾਫ ਹੋਇਆ ਹੈ ਕਿ ਕਦੋਂ-ਕਦੋਂ ਜੰਗਲੀ ਜੀਵਾਂ ਰਾਹੀਂ ਇਨਸਾਨਾਂ 'ਚ ਇਨਫੈਕਸ਼ਨ ਫੈਲੀ। ਅਧਿਐਨ ਤੋਂ ਇਹ ਵੀ ਪਤਾ ਲੱਗਾ ਕਿ ਪਾਲਤੂ ਪਸ਼ੂਆਂ ਰਾਹੀਂ ਸਭ ਤੋਂ ਵੱਧ ਵਾਇਰਸ ਇਨਸਾਨਾਂ 'ਚ ਆਏ।

## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

**647-764-3637**

## ਹੈਲਪਰ ਦੀ ਲੋੜ ਹੈ



**Construction Company**

FULL TIME WORK

416-618-3358 | 905-789-7783






## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 | +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

Seeking suitable match for Jat Sikh Canadian citizen, Clean Shaven Handsome Boy. He is 1988 born, 5' 11" tall, slim built and Non-Vegetarian with a charming personality. He is a Chemical Engineer by profession and working in GTA. Chaste no bar. Please contact with details to 647-818-9481 or email at rbains1976@gmail.com.

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com






## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 | 416-494-9943


Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


UPPAL LAW



AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਕਰਫਿਊ ਦੌਰਾਨ ਗੁੰਡਾਗਰਦੀ ਕਰ ਰਹੇ ਚਾਰ ਬਦਮਾਸ਼ ਕਾਬੂ

ਜਲੰਧਰ, 9 ਅਪ੍ਰੈਲ (ਪੋਸਟ ਬਿਊਰੋ)- ਇਸ ਮਹਾਨਗਰ ਦੀ ਪੁਲਸ ਨੇ ਕਰਫਿਊ ਦੌਰਾਨ ਬਾਬਾ ਕਾਹਨ ਦਾਸ ਨਗਰ ਵਿੱਚ ਗੋਲੀ ਚਲਾ ਕੇ ਫਰਾਰ ਹੋਏ ਤਿੰਨ ਬਦਮਾਸ਼ਾਂ ਅਤੇ ਉਨ੍ਹਾਂ ਨੂੰ ਆਪਣੇ ਘਰ ਵਿੱਚ ਰੱਖਣ ਵਾਲੇ ਉਨ੍ਹਾਂ ਦੇ ਸਾਥੀ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀਆਂ ਤੋਂ ਇੱਕ ਮਾਉਜਰ ਤੇ 120 ਗਰਾਮ ਨਸ਼ੀਲਾ ਪਾਊਡਰ ਵੀ ਮਿਲਿਆ ਹੈ। ਇਨ੍ਹਾਂ ਦੀ ਪਛਾਣ ਸ਼ਹੀਦ ਬਾਬੂ ਲਾਭ ਸਿੰਘ ਨਗਰ ਦਾ ਆਕਾਸ਼ਦੀਪ ਸਿੰਘ, ਸ਼ਿਵ ਨਗਰ ਦਾ ਲਵਪ੍ਰੀਤ ਸਿੰਘ, ਬਾਬਾ ਕਾਹਨ ਦਾਸ ਨਗਰ ਦਾ ਸ਼ਿਵਮ ਉਰਫ ਸੋਢੀ ਉਰਫ ਸ਼ਿਵਾ ਅਤੇ ਅਮਨ ਨਗਰ ਦੇ ਮੋਹਿਤ ਮਲਹੋਤਰਾ ਦੇ ਰੂਪ ਵਿੱਚ ਹੋਈ ਹੈ।

ਕੁੱਟਮਾਰ ਤੇ ਹੱਤਿਆ ਦੀ ਕੋਸ਼ਿਸ਼ ਦੇ ਕੇਸਾਂ ਵਿੱਚ ਜੇਲ੍ਹ ਤੋਂ ਜ਼ਮਾਨਤ 'ਤੇ ਆਏ ਆਕਾਸ਼ਦੀਪ ਨੇ ਸਾਥੀ ਸ਼ਿਵਮ ਅਤੇ ਮੋਹਿਤ ਨਾਲ ਮਿਲ ਕੇ 25 ਮਾਰਚ ਦੁਪਹਿਰ ਨੂੰ ਬਾਬਾ ਕਾਹਨ ਸਿੰਘ ਨਗਰ ਵਿੱਚ ਬਦਮਾਸ਼ ਅਮਨ 'ਤੇ ਗੋਲੀ ਲਚਾਈ ਸੀ। ਅਮਨ ਵੀ ਜੇਲ੍ਹ 'ਚੋਂ ਜ਼ਮਾਨਤ 'ਤੇ ਹੈ, ਜਿਸ ਦੀ ਜੇਲ੍ਹ ਵਿੱਚ ਰਹਿੰਦੇ ਹੋਏ ਆਕਾਸ਼ਦੀਪ ਦੇ ਨਾਲ ਦੁਸ਼ਮਣੀ ਸ਼ੁਰੂ ਹੋਈ ਸੀ। ਪੁਲਸ ਨੇ ਆਕਾਸ਼ਦੀਪ ਅਤੇ ਉਸ ਦੇ ਸਾਥੀਆਂ ਦੇ ਖਿਲਾਫ ਕੇਸ ਦਰਜ ਕੀਤਾ ਸੀ, ਜਿਸ ਦੇ ਬਾਅਦ ਤਿੰਨੇ ਦੋਸ਼ੀ ਫਰਾਰ ਸਨ। ਡੀ ਸੀ ਪੀ ਬਲਕਾਰ ਸਿੰਘ ਨੇ ਦੱਸਿਆ ਕਿ ਥਾਣਾ ਚਾਰ ਦੀ ਪੁਲਸ ਨੇ ਕੱਲ੍ਹ ਅਲੀ ਮੁਹੱਲਾ ਨੇੜਿਓਂ ਆਕਾਸ਼ਦੀਪ ਤੇ ਲਵਪ੍ਰੀਤ ਨੂੰ ਕਾਬੂ ਕੀਤਾ ਸੀ। ਪੁਲਸ ਨੇ ਇਨ੍ਹਾਂ ਨੂੰ ਕਰਫਿਊ ਦੇ ਉਲੰਘਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਸੀ। ਪੁੱਛਗਿੱਛ ਵਿੱਚ ਲਵਪ੍ਰੀਤ ਨੇ ਦੱਸਿਆ ਕਿ ਉਸ ਨੇ ਆਪਣੇ ਤਿੰਨ ਸਾਥੀਆਂ ਦੇ ਨਾਲ ਬਾਬਾ ਕਾਹਨ ਨਗਰ ਵਿੱਚ ਬਦਮਾਸ਼ ਅਮਨ 'ਤੇ ਗੋਲੀ ਚਲਾਈ ਸੀ। ਇਸ ਪਿੱਛੋਂ ਉਹ ਤਿੰਨੇ ਆਪਣੇ ਦੋਸਤ ਲਵਪ੍ਰੀਤ ਦੇ ਗੜ੍ਹਾ ਵਿੱਚ ਕਿਰਾਏ ਦੇ ਮਕਾਨ ਵਿੱਚ ਛਿਪੇ ਸਨ। ਇਸ 'ਤੇ ਪੁਲਸ ਨੇ ਗੜ੍ਹਾ ਦੇ ਉਸ ਕਿਰਾਏ ਦੇ ਮਕਾਨ ਵਿੱਚ ਛਾਪਾ ਮਾਰ ਕੇ ਸ਼ਿਵਮ ਤੇ ਮੋਹਿਤ ਨੂੰ ਕਾਬੂ ਕਰ ਲਿਆ। ਇਸ ਦੌਰਾਨ ਪੁਲਸ ਨੇ ਉਸ ਮਕਾਨ ਵਿੱਚ ਪਏ ਆਕਾਸ਼ਦੀਪ ਦੇ ਬੈਗ ਦੀ ਤਲਾਸ਼ੀ ਲਈ ਤਾਂ ਇੱਕ ਮਾਉਜਰ, ਦੋ ਕਾਰਤੂਸ ਅਤੇ 95 ਗਰਾਮ ਨਸ਼ੀਲਾ ਪਾਊਡਰ ਮਿਲਿਆ, ਜਦ ਕਿ ਸ਼ਿਵਮ ਦੀ ਤਲਾਸ਼ੀ ਲੈਣ 'ਤੇ 15 ਗਰਾਮ ਅਤੇ ਮੋਹਿਤ ਤੋਂ 10 ਗਰਾਮ ਨਸ਼ੀਲਾ ਪਾਊਡਰ ਮਿਲਿਆ। ਡੀ ਸੀ ਪੀ ਨੇ ਦੱਸਿਆ ਕਿ ਆਕਾਸ਼ਦੀਪ ਦੇ ਖਿਲਾਫ ਹੱਤਿਆ ਦੀ ਕੋਸ਼ਿਸ਼ ਦੇ ਦੋ ਕੇਸ ਸਮੇਤ ਕੁੱਲ ਪੰਜ ਮਾਮਲੇ ਦਰਜ ਹਨ, ਜਦ ਕਿ ਲਵਪ੍ਰੀਤ ਸਿੰਘ 'ਤੇ ਦੋ ਅਤੇ ਮੋਹਿਤ ਅਤੇ ਸ਼ਿਵਮ 'ਤੇ ਇੱਕ-ਇੱਕ ਕੇਸ ਦਰਜ ਹੈ।


jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


# ਇੱਕ ਨੌਜਵਾਨ ਨੇ ਵਾਰਸਾਂ ਨੂੰ ਕੋਰੋਨਾ ਨਾਲ ਬਚਾਇਆ, ਦੂਸਰੇ ਨੇ ਅੱਠਾਂ ਨੂੰ ਬੀਮਾਰੀ ਵੰਡੀ



ਖਰਗੋਨ, 9 ਅਪ੍ਰੈਲ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਖਰਗੋਨ ਜ਼ਿਲ੍ਹੇ ਵਿੱਚ ਕੋਰੋਨਾ ਦੇ ਲੱਛਣਾਂ ਨੂੰ ਛੁਪਾਉਂਦੇ ਹੋਏ ਇੱਕ ਵਿਅਕਤੀ ਨੇ ਆਪਣੇ ਪਰਵਾਰ ਦੇ ਅੱਠ ਹੋਰ ਮੈਂਬਰਾਂ ਨੂੰ ਪੀੜਤ ਕਰ ਦਿੱਤਾ ਹੈ।

49 ਸਾਲ ਇੱਕ ਵਿਅਕਤੀ ਦੱਖਣੀ ਅਫੀਰਕਾ ਦੇ ਡਰਬਨ ਤੋਂ ਵਾਪਸੀ ਵੇਲੇ ਨਿਜਾਮੂਦੀਨ ਮਰਕਜ ਵਿੱਚ ਆਪਣੀ ਪਤਨੀ ਨਾਲ ਸ਼ਾਮਲ ਹੋਇਆ ਸੀ। ਉਸ ਨੇ 22 ਮਾਰਚ ਨੂੰ ਖਰਗੋਨ ਆਉਣ ਪਿੱਛੋਂ ਮਰਕਜ ਵਿੱਚ ਸ਼ਾਮਲ ਹੋਣ ਦੀ ਗੱਲ ਲੁਕਾ ਲਈ ਅਤੇ ਰਿਸ਼ਤੇਦਾਰਾਂ ਨੂੰ ਮਿਲਦਾ ਰਿਹਾ। ਉਸਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਨੂੰ ਇਸ ਦੀ ਜਾਣਕਾਰੀ ਨਹੀਂ ਦਿੱਤੀ। ਉਸ ਦੇ ਖਰਗੋਨ ਵਿੱਚ ਇਸ ਤਰ੍ਹਾਂ ਨਾਲ ਘੁਮਣ-ਫਿਰਨ ਦੀ ਸੂਚਨਾ 'ਤੇ ਉਸ ਨੂੰ ਉਸਦੀ ਪਤਨੀ ਦੇ ਨਾਲ 31 ਮਾਰਚ ਨੂੰ ਖਰਗੋਨ ਜ਼ਿਲ੍ਹਾ ਹਸਪਤਾਲ ਦੇ ਆਈਸੋਲੇਸ਼ਨ ਵਾਰਡ ਵਿੱਚ ਭਰਤੀ ਕੀਤਾ ਗਿਆ। ਚਾਰ ਅਪ੍ਰੈਲ ਨੂੰ ਉਸਦੀ ਕੋਰੋਨਾ ਵਾਇਰਸ ਰਿਪੋਰਟ ਪੋਜੀਟਿਵ ਆਈ ਅਤੇ ਉਸੇ ਦਿਨ ਉਸਦੀ 70 ਸਾਲ ਮਾਂ ਦੀ ਮੌਤ ਹੋ ਗਈ। ਉਸ ਦੇ 15 ਤੋਂ ਜ਼ਿਆਦਾ ਵਾਰਸਾਂ ਅਤੇ ਮਿਲਣ ਵਾਲੇ ਆਏ ਲੋਕਾਂ ਦੇ ਸੈਂਪਲ ਜਾਂਚ ਲਈ ਭੇਜੇ ਗਏ ਅਤੇ ਕੱਲ੍ਹ ਉਸਦੀ ਮਾਂ, ਪਿਤਾ, ਭਰਾ, ਭਰਾ ਦੀ ਪਤਨੀ ਅਤੇ ਚਾਰ ਬੱਚੇ ਸਮੇਤ ਨੌਂ ਸਗੇ ਰਿਸ਼ਤੇਦਾਰਾਂ ਦੀ ਰਿਪੋਰਟ ਪੋਜੀਟਿਵ ਆਈ ਹੈ।

ਦੂਸਰੇ ਪਾਸੇ ਕਰੀਬ ਇੱਕ ਮਹੀਨੇ ਫਰਾਂਸ ਦੇ ਪੈਰਿਸ ਤੋਂ ਖਰਗੋਨ ਦੇ ਆਸਨਪਿੰਡ ਦਾ ਚਾਰਟਰਡ ਅਕਾਊਂਟੈਂਟ ਵਾਪਸ ਆਇਆ ਸੀ। ਉਸ ਨੇ ਸਮਝਦਾਰੀ ਵਿਖਾਈ ਤੇ ਇਸਦੀ ਸੂਚਨਾ ਸਿਹਤ ਵਿਭਾਗ ਅਤੇ ਪ੍ਰਸ਼ਾਸਨ ਨੂੰ ਦੇ ਦਿੱਤੀ ਸੀ ਅਤੇ 14 ਦਿਨ ਦੇ ਲਈ ਹੋਮ ਕਵਾਰੰਟਾਈਨ ਵਿੱਚ ਚਲਾ ਗਿਆ ਸੀ। ਉਸਦੀ ਰਿਪੋਰਟ ਚਾਰ ਅਪ੍ਰੈਲ ਨੂੰ ਪੋਜੀਟਿਵ ਆਈ ਅਤੇ ਉਸ ਦੇ 15 ਤੋਂ ਵੱਧ ਵਾਰਸਾਂ ਅਤੇ ਸੰਪਰਕ ਵਿੱਚ ਸੰਭਾਵਿਤ ਰੂਪ ਨਾਲ ਆਉਣ ਵਾਲੇ ਲੋਕਾਂ ਦੇ ਸੈਂਪਲ ਟੈਸਟ ਲਈ ਭੇਜੇ ਗਏ। ਉਸ ਦੇ ਕਿਸੇ ਵੀ ਜਾਣੂ ਜਾ ਸੰਬੰਧੀ ਦੀ ਰਿਪੋਰਟ ਪੋਜੀਟਿਵ ਨਹੀਂ ਆਈ।


ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060

ਵੈਨ ਡਰਾਇਵਰ ਦੀ ਲੋੜ ਹੈ। ਸੰਪਰਕ: 289-541-5384


# ਮੁਕਾਬਲੇ ਵਿੱਚ ਜੈਸ਼ ਦਾ ਕਮਾਂਡਰ ਮਾਰ ਦਿੱਤਾ ਗਿਆ

ਸ੍ਰੀਨਗਰ, 9 ਅਪ੍ਰੈਲ (ਪੋਸਟ ਬਿਊਰੋ)- ਉਤਰੀ ਕਸ਼ਮੀਰ ਦੇ ਸੋਪੋਰ ਵਿੱਚ ਕੱਲ੍ਹ ਹੋਏ ਇੱਕ ਮੁਕਾਬਲੇ ਵਿੱਚ ਪੰਜ ਲੱਖ ਦੇ ਇਨਾਮ ਵਾਲਾ ਜੈਸ਼-ਏ-ਮੁਹੰਮਦ ਦਾ ਡਿਵੀਜ਼ਨਲ ਕਮਾਂਡਰ ਸੱਜਾਦ ਨਵਾਬ ਡਾਰ ਮਾਰਿਆ ਗਿਆ। ਇਸ ਦੌਰਾਨ ਇੱਕ ਫੌਜੀ ਜ਼ਖਮੀ ਹੋ ਗਿਆ ਅਤੇ ਅੱਤਵਾਦੀ ਟਿਕਾਣਾ ਬਣਿਆ ਮਕਾਨ ਵੀ ਤਬਾਹ ਹੋ ਗਿਆ। ਸੱਜਾਦ ਦੇ ਬਾਕੀ ਸਾਥੀਆਂ ਦੀ ਤਲਾਸ਼ ਵਿੱਚ ਸੁਰੱਖਿਆ ਬਲਾਂ ਨੇ ਤਲਾਸ਼ੀ ਮੁਹਿੰਮ ਚਲਾਈ ਹੋਈ ਹੈ।

ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀ ਸੱਜਾਦ ਅਹਿਮਦ ਨਵਾਬ ਡਾਰ ਮੰਗਲਵਾਰ ਸ਼ਾਮ ਨੂੰ ਆਪਣੇ ਕੁਝ ਸਾਥੀਆਂ ਨਾਲ ਗੁਲਾ ਬਾਗ ਆਰਮਪੋਰਾ ਵਿੱਚ ਘੁੰਮਦੇ ਦੇਖਿਆ ਗਿਆ ਸੀ। ਪਤਾ ਲੱਗਦੇ ਸਾਰ ਫੌਜ ਅਤੇ ਸੀ ਆਰ ਪੀ ਐਫ ਦੇ ਜਵਾਨਾਂ ਨੇ ਮੰਗਲਵਾਰ ਰਾਤ ਮੁਹਿੰਮ ਸ਼ੁਰੂ ਕਰ ਦਿੱਤੀ। ਕੱਲ੍ਹ ਤੜਕੇ ਇੱਕ ਮਕਾਨ ਨੇੜੇ ਜਦੋਂ ਸੁਰੱਖਿਆ ਬਲ ਪਹੁੰਚੇ, ਅੰਦਰ ਛਿਪੇ ਅੱਤਵਾਦੀਆਂ ਨੇ ਫਾਇਰ ਕਰ ਦਿੱਤਾ। ਸੁਰੱਖਿਆ ਬਲਾਂ ਨੇ ਜਵਾਬੀ ਫਾਇਰ ਕੀਤਾ ਅਤੇ ਪਿੰਡ ਦੇ ਪ੍ਰਮੁੱਖ ਲੋਕਾਂ ਦੀ ਮਦਦ ਨਾਲ ਅੱਤਵਾਦੀਆਂ ਨੂੰ ਸਮਰਪਣ ਕਰਨ ਨੂੰ ਵੀ ਕਿਹਾ, ਪਰ ਉਹ ਨਹੀਂ ਮੰਨੇ ਤਾਂ ਆਖਰੀ ਹਮਲਾ ਕੀਤਾ ਗਿਆ ਅਤੇ ਜ਼ੋਰਦਾਰ ਧਮਾਕੇ ਦੇ ਨਾਲ ਮਕਾਨ ਵਿੱਚ ਅੱਗ ਲੱਗ ਗਈ। ਕਰੀਬ ਅੱਧੇ ਘੰਟੇ ਤੱਕ ਗੋਲੀ ਨਹੀਂ ਚੱਲੀ ਤਾਂ ਜਵਾਨਾਂ ਨੇ ਤਲਾਸ਼ੀ ਸ਼ੁਰੂ ਕੀਤੀ, ਇਸੇ ਦੌਰਾਨ ਫਿਰ ਉਥੋਂ ਗੋਲੀ ਚੱਲੀ, ਜਿਸ ਵਿੱਚ ਇੱਕ ਜਵਾਨ ਜਸਵਿੰਦਰ ਸਿੰਘ ਜ਼ਖਮੀ ਹੋ ਗਿਆ। ਉਸ ਨੂੰ ਇਲਾਜ ਲਈ ਹਸਪਤਾਲ ਪੁਚਾ ਕੇ ਉਸ ਦੇ ਸਾਥੀਆਂ ਨੇ ਅੱਤਵਾਦੀ ਨੂੰ ਮੁਕਾਬਲੇ ਵਿੱਚ ਉਲਝਾ ਲਿਆ ਅਤੇ ਕੁਝ ਦੇਰ ਵਿੱਚ ਉਸ ਨੂੰ ਮਾਰ ਦਿੱਤਾ। ਸੂਤਰਾਂ ਮਤਾਬਕ ਮਕਾਨ ਵਿੱਚ ਤਿੰਨ ਤੋਂ ਚਾਰ ਅੱਤਵਾਦੀ ਸਨ। ਇੱਕ ਹੀ ਅੱਤਵਾਦੀ ਉਥੇ ਘੇਰਾਬੰਦੀ ਦੇ ਦੌਰਾਨ ਰਿਹਾ, ਬਾਕੀ ਫਰਾਰ ਹੋ ਗਏ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

A/Z CITY DRIVER WANTED
INNOVATION Transportation
◦ A/Z City Drivers Needed
◦ Good Pay and good Mileage
◦ Day, Afternoon & Weekend Shifts
◦ Weekly Pay
$22 /Hour
◦ 7 Days Work ◦ All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਕੋਵਿਡ -19 ਕੀ ਹੈ? ਸਰਕਾਰਾਂ ਇਸ ਬਾਰੇ ਕੀ ਕਰ ਰਹੀਆਂ ਹਨ ਤੇ ਲੋਕਾ ਨੂੰ ਕੀ ਕਰਨਾ ਚਾਹਿੰਦਾ ਹੈ?



ਸੁਰਜੀਤ ਸਿੰਘ ਫਲੋਰਾ

ਕੋਵੀਡ -19 ਮਹਾਂਮਾਰੀ ਹਰ ਕਿਸੇ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਨੂੰ ਸਮਝਣ ਲਈ ਅਤੇ ਇਸ ਵਾਰੇ ਅਸੀਂ ਵੱਖ ਵੱਖ ਮੁਦੇ ਅਤੇ ਸਰਕਾਰਾਂ ਇਸ ਨਾਲ ਕਿਵੇਂ ਨਜਿੱਠ ਰਹੀਆਂ ਹਨ, ਲੋਕਾ ਦੀ ਕਿਵੇਂ ਮਦਦ ਕਰ ਰਹੀਆਂ ਹਨ। ਤੇ ਕੈਨੇਡੀਅਨ ਲੋਕ ਇਸ ਨੂੰ ਜਲਦ ਤੋਂ ਜਲਦ ਖ਼ਤਮ ਕਰਨ ਲਈ ਸਰਕਾਰ ਦੀ ਕਿਵੇਂ ਮਦਦ ਕਰ ਸਕਦੀ ਹੈ। ਆਉ ਅਸੀਂ ਸੰਖੇਪ ਵਿਚ ਇਸ ਵਾਰੇ ਜਾਣਕਾਰੀ ਦਿੰਦੇ ਹਾਂ ਜੋ ਅਸੀਂ ਆਪਣੇ ਸੁਹਿਰਦ ਪਾਠਕਾਂ ਲਈ ਜਰੂਰੀ ਸਮਝਦੇ ਹਾਂ:-

## ਕੋਵਿਡ -19 ਕੀ ਹੈ?

ਕੋਵੀਡ -19 ਇੱਕ ਬਿਮਾਰੀ ਹੈ ਜੋ ਇੱਕ ਨੋਵਲ ਕੋਰੋਨਾਵਾਇਰਸ ਕਾਰਨ ਹੁੰਦੀ ਹੈ, ਜਿਸ ਨੂੰ ਸਾਰਸ ਕੋਵਿ 2 ਵਜੋਂ ਜਾਣਿਆ ਜਾਂਦਾ ਹੈ. ਕੋਰੋਨਾਵਾਇਰਸ ਵਿਸ਼ਾਣੂਆਂ ਦੇ ਵੱਡੇ ਪਰਵਾਰ ਹਨ ਜੋ ਕਿ ਆਮ ਠੰਡ ਤੋਂ ਲੈ ਕੇ ਹੋਰ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ।

ਕੋਵਿਡ -19 ਕੋਰੋਨਾਵਾਇਰਸ ਦੇ ਲੱਛਣ ਕੀ ਹਨ?

ਕੋਵੀਡ -19 ਗਲੇ ਵਿੱਚ ਖਰਾਸ਼, ਮਾਸਪੇਸ਼ੀ ਦੇ ਦਰਦ, ਸਿਰ ਦਰਦ, ਖੰਘ, ਸਾਹ ਲੈਣ ਵਿੱਚ ਮੁਸ਼ਕਲ ਅਤੇ ਵਧੇਰੇ ਗੰਭੀਰ ਮਾਮ-ਲਿਆਂ ਵਿੱਚ, ਨਮੂਨੀਆ ਸਮੇਤ ਕਈ ਲੱਛਣਾਂ ਦਾ ਕਾਰਨ ਬਣਦੀ ਹੈ। ਜ਼ਿਆਦਾਤਰ ਸਿਹਤਮੰਦ ਲੋਕਾਂ ਲਈ ਲੱਛਣ ਅਕਸਰ ਆਮ ਜ਼ੁਕਾਮ ਦੇ ਪ੍ਰਤੀਕ ਹੁੰਦੇ ਹਨ, ਪਰ ਦੂਜਿਆਂ ਲਈ, ਅਤੇ ਖਾਸ ਤੌਰ ਤੇ ਬਜ਼ੁਰਗਾਂ ਅਤੇ ਕਮਜ਼ੋਰ ਇੰਨਸਾਨਾਂ ਲਈ ਗੰਭੀਰ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਦੀ ਸਖ਼ਤ ਦੇਖਭਾਲ ਦੀ ਜ਼ਰੂਰਤ ਹੁੰਦੀ ਹੈ।

ਇਹ ਵੀ ਦੇਖਣ ਵਿਚ ਆਇਆਂ ਹੈ ਕਿ ਬਹੁਤ ਸਾਰੇ ਜੋ ਸੰਕਰਮਿਤ ਹਨ ਬਹੁਤ ਹਲਕੇ ਲੱਛਣਾਂ ਦਾ ਅਨੁਭਵ ਕਰਦੇ ਹਨ ਜਾਂ ਕੋਈ ਵੀ ਨਹੀ, ਜੋ ਭਿਆਨਕ ਗੰਭੀਰ ਤੇ ਹੋਰ ਲੋਕਾ ਲਈ ਵੀ ਖ਼ਤਰਨਾਕ ਸਾਬਿਤ ਹੋ ਰਹੇ ਹਨ ਕਿਉਂਕਿ ਉਹ ਲੋਕ ਕਈ ਹੋਰਾਂ ਨੂੰ ਇਸ ਮਹਾਂਮਾਰੀ ਦਾ ਸ਼ਿਕਾਰ ਬਣਾ ਰਹੇ ਹਨ, ਜਾਣ ਬੁਝ ਕੇ ਨਹੀਂ ਬੱਲਕੇ ਉਹਨਾਂ ਨੂੰ ਕੋਈ ਵੀ ਦੁਖ ਤਕਲੀਫ ਭਾਂਵ ਲੱਛਣ ਸਾਹਮਣੇ ਨਹੀਂ ਆ ਰਹੇ ਉਹ ਖੁਦ ਇਸ ਤੋਂ ਅਨਜਾਣ ਹੁੰਦੇ ਹਨ।

## ਲੋਕ ਕਿੰਨੇ ਬਿਮਾਰ ਹੋ ਰਹੇ ਹਨ?

60 ਸਾਲ ਤੋਂ ਘੱਟ ਉਮਰ ਦੇ ਬਹੁਤ ਸਾਰੇ ਲੋਕ ਕੋਵਿਡ -19 ਇੱਕ ਆਮ ਜ਼ੁਕਾਮ ਵਾਂਗ ਮਹਿਸੂਸ ਕਰਦੇ ਹਨ ਹਾਲਾਂਕਿ, ਬਿਮਾਰੀਆਂ ਵਿੱਚ ਨਮੂਨੀਆ ਵੀ ਸ਼ਾਮਲ ਹੋ ਸਕਦਾ ਹੈ ਜੋ ਲੋਕਾਂ ਨੂੰ ਹਸਪਤਾਲ ਵਿੱਚ ਸਖਤ ਦੇਖਭਾਲ ਲਈ ਵੈਂਟੀਲੇਟਰ ਹੇਠ ਰੱਖਿਆ ਜਾਂਦਾ ਹੈ। ਪਰ ਬਹੁਤ ਸਾਰੇ ਇਸ ਹੱਦ ਤੱਕ ਜਾਣ ਕਾਰਨ ਦੁਨੀਆ ਭਰ ਦੇ ਹਜ਼ਾਰਾਂ ਲੋਕ ਕੋਵਿਡ -19 ਤੋਂ ਮਰ ਰਹੇ ਹਨ।

ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਦੇ ਅਨੁਸਾਰ 5 ਅਪ੍ਰੈਲ ਤੱਕ 60 ਸਾਲ ਤੋਂ ਵੱਧ ਉਮਰ ਵਾਲੇ ਵੱਧ ਨਜ਼ਰ ਆ ਰਹੇ ਹਨ।

60 ਸਾਲ ਤੋਂ ਵੱਧ ਉਮਰ ਦੇ ਲੋਕਾ ਦੀਆਂ ਕੋਵਿਡ -19 ਨਾਲ ਕੈਨੇਡਾ ਵਿਚ 90% ਮੌਤਾਂ ਹੋ ਚੁਕਿਆਂ ਹਨ। ਕਿਸੇ ਵੀ ਉਮਰ ਦੇ ਲੋਕ ਅੰਡਰਲਾਈਗ ਡਾਕਟਰੀ ਸਥਿਤੀਆਂ ਜਿਵੇਂ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੀ ਬਿਮਾਰੀ ਅਤੇ ਫੇਫੜਿਆਂ ਦੀ ਬਿਮਾਰੀ ਦੇ ਨਾਲ ਕੋਵੀਡ -19 ਤੋਂ ਗੰਭੀਰ ਬਿਮਾਰੀ ਦੇ ਵੱਧ ਜੋਖਮ ਵਿੱਚ ਦਿਖਾਈ ਦਿੰਦੇ ਹਨ।

ਹਾਲਾਂਕਿ, 40 ਸਾਲ ਤੋਂ ਘੱਟ ਉਮਰ ਦੇ ਸਿਹਤਮੰਦ ਲੋਕ ਅਜਿਹੇ ਹਨ ਜੋ ਬਹੁਤ ਬਿਮਾਰ ਹੋ ਰਹੇ ਹਨ ਅਤੇ, ਕੁਝ ਮਾਮਲਿਆਂ ਵਿੱਚ, ਮਰ ਰਹੇ ਹਨ. ਅਪ੍ਰੈਲ ਦੇ ਅਰੰਭ ਵਿਚ, 20 ਸਾਲਾਂ ਦੀ ਇਕ ਐਡਮਿੰਟਨ ਦੇ ਵਿਅਕਤੀ ਦੀ ਅਚਾਨਕ ਮੌਤ ਹੋ ਗਈ ਸੀ।

## ਕੋਵਿਡ -19 ਕਿੰਨਾ ਘਾਤਕ ਹੈ?

ਵਿਸ਼ਵ ਪੱਧਰ 'ਤੇ ਮੌਤ ਦਰ ਇਸ ਸਮੇਂ 7.7% ਹੈ. 5 ਅਪ੍ਰੈਲ ਤੱਕ, ਕੈਨੇਡਾ ਵਿਚ, ਇਹ 1.8 ਪ੍ਰਤੀਸ਼ਤ ਹੈ, ਇਸ ਦੇ ਮੁਕਾਬਲੇ, ਫਲੂ ਲਈ ਮੌਤ ਦਰ ਲਗਭਗ 0.1 ਪ੍ਰਤੀਸ਼ਤ ਹੈ।

## ਕੀ ਕੋਈ ਇਲਾਜ਼ ਹੈ?

ਕੋਵਿਡ-19 ਲਈ ਇਸ ਵੇਲੇ ਕੋਈ ਟੀਕਾ ਜਾਂ ਇਲਾਜ਼ ਨਹੀ ਹੈ. ਬਹੁਤ ਸਾਰੇ ਵਿਅਕਤੀ ਆਪਣੇ ਆਪ ਬਿਮਾਰੀ ਤੋਂ ਠੀਕ ਹੋ ਚੁਕੇ ਹਨ ਹੋ ਰਹੇ ਹਨ। ਪਰ ਗੰਭੀਰ , ਸਥਿਤੀ ਨਾਜ਼ੁਕ ਹੁਣ ਤੇ ਮਰ ਵੀ ਰਹੇ ਹਨ।

ਮੈਂ ਆਪਣੀ ਰੱਖਿਆ ਕਿਵੇਂ ਕਰੀਏ?

ਸੁਰੱਖਿਆ ਦਾ ਸਭ ਤੋਂ ਵਧੀਆ ਰੂਪ ਹੈ ਚੰਗੀ ਸਫਾਈ ਦਾ ਅਭਿਆਸ ਕਰਨਾ, ਖਾਸ ਤੌਰ 'ਤੇ ਵਾਰ ਵਾਰ ਹੱਥ ਧੋਣਾ, ਘਰ ਰਹਿਣਾ ਅਤੇ ਸਰੀਰਕ ਦੂਰੀਆਂ ਦਾ ਅਭਿਆਸ ਕਰਨਾ (ਜਿਸ ਨੂੰ ਸਮਾਜਿਕ ਦੂਰੀ ਵੀ ਕਿਹਾ ਜਾਂਦਾ ਹੈ)।

ਉੱਤਰੀ ਅਮਰੀਕਾ ਵਿੱਚ ਕੋਵਿਡ -19 ਦੇ ਪ੍ਰਕੋਪ ਸ਼ੁਰੂ ਹੋਣ ਤੋਂ ਬਾਅਦ ਸਰੀਰਕ ਜਾਂ ਸਮਾਜਕ ਦੂਰੀ ਜਨਤਕ ਸਿਹਤ ਪੇਸ਼ੇਵਰਾਂ ਲਈ ਇੱਕ ਅਵਾਜ਼ ਬਣ ਗਈ ਹੈ। ਜਨਤਾ ਨੂੰ ਘਰ ਰਹਿਣ ਲਈ ਕਿਹਾ ਜਾਂਦਾ ਹੈ ਅਤੇ ਸਿਰਫ਼ ਜਰੂਰੀ ਕਾਰਨਾਂ ਕਰਕੇ ਬਾਹਰ ਨਿਕਲਣ ਲਈ ਹਿਦਾਇਤ ਕੀਤੀ ਜਾਂਦੀ ਹੈ ਜਿਵੇਂ ਕੇ ਗਰੋਸਰੀ ਆਦਿ ਖਰੀਣ ਕਰ ਲਈ। ਕੈਨੇਡਾ ਦੇ ਸਿਹਤ ਦੇ ਮੁੱਖ ਮੈਡੀਕਲ ਅਫਸਰਾਂ ਨੇ ਕਿਹਾ ਕਿ ਜੇ ਤੁਹਾਡੇ ਕੋਲ ਕੋਵਿਡ -19 ਦੇ ਲੱਛਣ ਨਹੀ ਹਨ ਤਾਂ ਆਪਣੇ ਆਲੇ ਦੁਆਲੇ ਵਾਲੀ ਪਾਰਕ ਵਿਚ ਘੁੰਮਣ ਲਈ ਬਾਹਰ ਜਾਣਾ ਸਹੀ ਹੈ. ਹਾਲਾਂਕਿ, ਜਦੋਂ ਜਨਤਕ ਤੌਰ 'ਤੇ ਬਾਹਰ ਹੁੰਦੇ ਹੋਏ ਇਕ ਦੂਜੇ ਤੋਂ ਦੋ ਮੀਟਰ (ਛੇ ਫੁੱਟ) ਦੂਰ ਰਹਿਣ ਲਈ ਕਿਹਾ ਗਿਆ ਹੈ। ਕੁਝ ਕਾਰੋਬਾਰ ਗਾਹਕਾਂ ਦੀ ਮਾਤਰਾ ਨੂੰ ਸੀਮਤ ਕਰ ਰਹੇ ਹਨ ਜਿਸ ਨੂੰ ਉਹ ਇਕੋ ਸਮੇਂ ਅੰਦਰ ਆਉਣ ਦਿੰਦੇ ਹਨ ਅਤੇ ਬਹੁਤ ਸਾਰੇ ਗਰੋਸਰੀ ਸਟੋਰਾਂ ਨੇ ਨਿਸ਼ਾਨ ਲਗਾ ਦਿੱਤੇ ਹਨ ਕਿ ਲਾਈਨਾਂ ਵਿਚ ਉਡੀਕ ਕਰਦਿਆਂ ਕਿੱਥੇ ਖੜ੍ਹੇ ਹੋਣਾ ਹੈ।

ਆਪਣੇ ਹੱਥ ਧੋਣ ਵੇਲੇ, ਘੱਟੋ ਘੱਟ 20 ਸਕਿੰਟ ਲਈ ਅਜਿਹਾ ਕਰਨ ਦੀ ਹਿਦਾਇਤ ਕੀਤੀ ਗਈ ਹੈ।

ਇਹ ਵੀ ਹਿਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਚਿਹਰੇ ਨੂੰ ਛੂਹਣ ਤੋਂ ਗੁਰੇਜ ਕਰੋ ਅਤੇ ਨਿਯਮਿਤ ਤੌਰ 'ਤੇ ਵਰਤੀਆਂ ਜਾਂਦੀਆਂ ਸਤਹਾਂ ਨੂੰ ਅਕਸਰ ਸਾਫ ਅਤੇ ਰੋਗਾਣੂ ਮੁਕਤ ਕਰੋ।

## ਕੋਵਿਡ -19 ਕਿਸ ਤਰ੍ਹਾਂ ਫੈਲਦੀ ਹੈ?

ਕੋਵੀਡ -19 ਮੁੱਖ ਤੌਰ 'ਤੇ ਖੰਘ, ਛਿੱਕ ਮਾਰਨ ਜਾਂ ਕਿਸੇ ਅਜਿਹੇ ਵਿਅਕਤੀ ਨਾਲ ਸਿੱਧਾ ਸੰਪਰਕ ਕਰਕੇ ਫੈਲਦੀ ਹੈ ਜੋ ਬਿਮਾਰ ਹੈ ਜਾਂ ਜਿਸ ਸਤ੍ਹਾ ਨੇ ਕਿਸੇ ਬੀਮਾਰ ਵਿਅਕਤੀ ਨੂੰ ਛੂਹਿਆ ਹੈ।

ਜਦੋਂ ਪਾਣੀ ਦੀਆਂ ਬੂੰਦਾਂ ਕਿਸੇ ਸੰਕਰਮਿਤ ਵਿਅਕਤੀ ਤੋਂ ਕਿਸੇ ਹੋਰ ਵਿਅਕਤੀ ਵੱਲ ਜਾਂਦੀਆਂ ਹਨ, ਤਾਂ ਉਹ ਵਿਅਕਤੀ ਸੰਕਰਮਿਤ ਹੋ ਸਕਦਾ ਹੈ।

ਇਹੀ ਕਾਰਨ ਹੈ ਕਿ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਚਿਹਰੇ ਨੂੰ ਛੂਹਣ ਤੋਂ ਬਚਣ ਅਤੇ ਜਨਤਕ ਤੌਰ 'ਤੇ ਦੋ ਮੀਟਰ, ਜਾਂ ਛੇ ਫੁੱਟ, ਦੂਜਿਆਂ ਤੋਂ ਦੂਰ ਰਹਿਣ।ਇਸ ਦੇ ਨਾਲ ਹੀ ਦੂਜਿਆਂ ਵਿਚ ਵਾਇਰਸ ਫੈਲਣ ਤੋਂ ਬਚਾਉਣ ਲਈ ਤੁਹਾਨੂੰ ਆਪਣੀ ਬਾਂਹ ਦੇ ਮੋੜ ਵਿਚ ਖੰਘਣ ਜਾਂ ਛਿੱਕਣ ਦੀ ਸਲਾਹ ਦਿੱਤੀ ਜਾਂਦੀ ਹੈ।

ਕੀ ਜਦੋਂ ਮੈਂ ਬਾਹਰ ਜਾਂਦਾ ਹਾਂ ਤਾਂ ਮੈਨੂੰ ਇੱਕ ਮਾਸਕ ਪਾਉਣਾ ਚਾਹੀਦਾ ਹੈ?

ਕਨੇਡਾ ਦੀ ਚੀਫ ਪਬਲਿਕ ਹੈਲਥ ਅਫਸਰ ਡਾ. ਟੈਰੀਸਾ ਟਾਮ ਨੇ 6 ਅਪ੍ਰੈਲ ਨੂੰ ਕਿਹਾ ਕਿ ਮਾਸਕ ਪਹਿਨਣਾ ਉਹਨਾਂ ਲੋਕਾਂ ਲਈ ਇਕ ਜਰੂਰੀ ਹੈ ਜੋ ਕੋਵਿਡ -19 ਦੇ ਸ਼ਿਕਾਰ ਹਨ । ਆਮ ਲੋਕ ਵੀ ਇਸ ਮਾਸਿਕ ਨੂੰ ਪਾ ਕੇ ਬਾਹਰ ਨਿਕਲਣ ਤਾਂ ਜੋ ਬਿਨ੍ਹਾਂ ਕਿਸੇ ਬਿਮਾਰੀ ਨੂੰ ਦੂਸਰਿਆਂ ਤੱਕ ਫੈਲਣ ਤੋਂ ਰੋਕਿਆ ਜਾ ਸਕੇ। ਯਾਦ ਰਹੇ ਟਾਮ ਨੇ ਪਹਿਲਾਂ ਮਾਸਕ ਪਹਿਨਣ ਨੂੰ ਕੋਈ ਤਵੱਜੋ ਨਹੀਂ ਸੀ ਦਿੱਤੀ।

## ਕੋਵਿਡ -19 ਕਿਵੇਂ ਫਲੂ ਨਾਲ ਤੁਲਨਾ ਕਰਦਾ ਹੈ?

ਕੋਵਿਡ -19 ਅਤੇ ਫਲੂ ਵਿਚ ਸਮਾਨਤਾਵਾਂ ਅਤੇ ਅੰਤਰ ਹਨ। ਇਹ ਦੋਵੇਂ ਸਾਹ ਪ੍ਰਣਾਲੀ ਨੂੰ ਪ੍ਰਭਾਵਤ ਕਰਦੇ ਹਨ ਅਤੇ ਇਹ ਦੋਵੇਂ ਨੱਕ ਅਤੇ ਮੂੰਹ ਦੀਆਂ ਛੋਟੀਆਂ ਬੂੰਦਾਂ ਦੁਆਰਾ ਫੈਲਦਾ ਹੈ।

ਕੈਨੇਡਾ ਸਰਕਾਰ ਅਤੇ ਹਰ ਸੂਬੇ ਦੀਆਂ ਸਰਕਾਰਾਂ ਕਰਵ ਨੂੰ ਚਪਟਾਉਣ ਲਈ ਕਈ ਕਦਮ ਚੁਕ ਰਹੇ ਹਨ, ਜਿਵੇਂ ਕਿ 5 ਲੋਕਾਂ ਦੇ ਇੱਕਠਾਂ ਨੂੰ ਸੀਮਿਤ ਕਰ ਰਹੇ ਹਨ, ਉਨ੍ਹਾਂ ਲੋਕਾਂ ਨੂੰ ਉਤਸ਼ਾਹਤ ਕਰ ਰਹੇ ਹਨ ਜੋ ਆਪਣੇ ਘਰ ਰਹਿਣ ਲਈ ਚੰਗਾ ਨਹੀ ਮਹਿਸੂਸ ਕਰ ਰਹੇ, ਉਨ੍ਹਾਂ ਲੋਕਾਂ ਨੂੰ ਸਵੈ-ਇਕੱਲੇ ਰਹਿਣ ਅਤੇ ਜਨਤਕ ਸਹੂਲਤਾਂ ਅਤੇ ਗੈਰ-ਜ਼ਰੂਰੀ ਸਟੋਰਾਂ ਨੂੰ ਬੰਦ ਕਰਨ ਦੇ ਆਦੇਸ਼ ਦੇ ਰਹੇ ਹਨ। ਜਿਸ ਨਾਲ ਇਸ ਨੂੰ ਹੋਰ ਫ਼ੈਲਣ ਤੋਂ ਰੋਕਿਆ ਜਾ ਸਕੇ।

## ਮੈਂ ਬਿਮਾਰ ਮਹਿਸੂਸ ਕਰ ਰਿਹਾ ਹਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੋ ਖੰਘ, ਬੁਖਾਰ ਜਾਂ ਗਲੇ ਦੇ ਦਰਦ ਵਰਗੇ ਲੱਛਣਾਂ ਨਾਲ ਬਿਮਾਰ ਮਹਿਸੂਸ ਕਰ ਰਹੇ ਹਨ, ਨੂੰ ਸਵੈ-ਅਲੱਗ ਕਰਨ ਅਤੇ ਸੂਬਾਈ ਸਰਕਾਰ ਦੇ ਆਨਲਾਇਨ ਟੈਸਟ ਮੁਲਾਂਕਣ ਸਾਧਨ ਦੀ ਵਰਤੋਂ ਕਰਨ ਲਈ ਕਿਹਾ ਜਾਂਦਾ ਹੈ।

ਜੇ ਟੂਲ ਕਹਿੰਦਾ ਹੈ ਕਿ ਤੁਹਾਨੂੰ ਕੋਵਿਡ-19 ਲਈ ਟੈਸਟ ਕੀਤਾ ਜਾਣਾ ਚਾਹੀਦਾ ਹੈ, ਆਪਣੇ ਸੂਬੇ ਜਾਂ ਸਿਟੀ ਦੇ ਨੰਬਰ ਤੇ ਫੋਨ ਕਰਕੇ ਜਾਣਕਾਰੀ ਪ੍ਰਾਪਤ ਕੀਤੀ ਜਾਂ ਸਕਦੀ ਹੈ।

ਜੇ ਤੁਹਾਨੂੰ ਸਾਹ ਦੀ ਕਮੀ ਹੈ, ਤਾਂ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਜ਼ਰੂਰਤ ਹੈ. 911 ਤੇ ਕਾਲ ਕਰੋ ਅਤੇ ਉਹਨਾਂ ਨੂੰ ਦੱਸੋ ਕਿ ਤੁਸੀਂ ਕੋਵਿਡ -19 ਦੇ ਸ਼ਿਕਾਰ ਹੋ। ਪਰ 911 ਦੀ ਦੁਰਵਰਤੋਂ ਨਾ ਕਰੋ।

ਜੇ ਤੁਹਾਨੂੰ ਜਾਂਚ ਕਰਨ ਦੀ ਜ਼ਰੂਰਤ ਨਹੀ ਹੈ, ਤੁਹਾਨੂੰ ਅਜੇ ਵੀ 10 ਦਿਨਾਂ ਲਈ ਆਪਣੇ ਆਪ ਨੂੰ ਵੱਖ ਕਰਨਾ ਚਾਹੀਦਾ ਹੈ ਜਾਂ ਜਦੋਂ ਤੱਕ ਤੁਹਾਡੇ ਲੱਛਣ ਨਹੀ ਚਲੇ ਜਾਂਦੇ, 14 ਦਿਨਾਂ ਲਈ ਆਪਣੇ ਆਪ ਨੂੰ ਲੋਕਾ ਤੋਂ ਦੂਰ ਰੱਖੋ।

## ਸਵੈ-ਇਕੱਲਤਾ ਕੀ ਹੈ?

ਲੋਕਾ ਤੋਂ ਦੂਰੀ ਭਾਵ ਸ਼ੋਸ਼ਲ ਡਿਸਟੈਂਸ ਹੋਣ ਦਾ ਅਰਥ ਹੈ ਘਰ ਰਹਿਣਾ, ਪਰਿਵਾਰਕ ਮੈਂਬਰਾਂ ਨਾਲ ਨੇੜਲੇ ਸੰਪਰਕ ਤੋਂ ਪਰਹੇਜ਼ ਕਰਨਾ ਅਤੇ ਤੁਹਾਡੇ ਘਰ ਆਉਣ ਵਾਲਿਆਂ ਨੂੰ ਆਗਿਆ ਨਾ ਦੇਣਾ।

ਤੁਹਾਨੂੰ ਆਪਣੇ ਆਪ ਨੂੰ ਘਰ ਦੇ ਦੂਜੇ ਲੋਕਾਂ ਤੋਂ ਅਲੱਗ ਕਰਨਾ ਚਾਹੀਦਾ ਹੈ ਅਤੇ ਜੇ ਸੰਭਵ ਹੋਵੇ ਤਾਂ ਵੱਖਰਾ ਵਾਸ਼ਰੂਮ ਵੀ ਵਰਤਣਾ ਚਾਹੀਦਾ ਹੈ। ਦੂਜਿਆਂ ਨਾਲ ਸੰਪਰਕ ਤੋਂ ਬਚਣ ਲਈ, ਆਪਣੇ ਦੋਸਤ ਜਾਂ ਪਰਿਵਾਰ ਲਈ ਖਾਣਾ ਅਤੇ ਹੋਰ ਸਮਾਨ ਆਪਣੇ ਘਰ ਦੇ ਬਾਹਰ ਛੱਡਣ ਦਾ ਪ੍ਰਬੰਧ ਕਰੋ। ਦਿਨ ਵਿਚ ਸਮੇਂ ਸਮੇਂ ਘੱਟੋ ਘੱਟ 20 ਸਕਿੰਟ ਲਈ ਆਪਣੇ ਹੱਥ ਨਿਯਮਿਤ ਤੌਰ ਤੇ ਧੋਣੇ ਅਤੇ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਣਾ ਵੀ ਮਹੱਤਵਪੂਰਨ ਹੈ।

ਅੰਤਰਰਾਸ਼ਟਰੀ ਯਾਤਰਾ ਤੋਂ ਵਾਪਸ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ 14 ਦਿਨਾਂ ਲਈ ਦੁਨੀਆਂ ਤੋਂ ਖੁਦ ਤੋਂ ਅਲੱਗ ਰਹਿਣ ਦੀ ਹਿਦ-ਇਤ ਹੈ ਜੇਕਰ ਨਹੀਂ ਰੱਖਦੇ ਤੇ ਅਪਰਾਧ ਲਈ $ 1000 ਜਾਂ ਇਸ ਤੋਂ ਵੱਧ ਦਾ ਜੁਰਮਾਨਾ ਹੋ ਸਕਦਾ ਹੈ।

ਇਸ ਦੇ ਨਾਲ ਹੀ ਜੇਕਰ ਕਿਸੇ ਨੂੰ ਲਗਦਾ ਹੈ ਕਿ ਉਹ ਕੋਵਿਡ -19 ਦਾ ਸ਼ਿਕਾਰ ਹੈ ਤੇ ਉਸ ਨੇ ਟੈਸਟ ਦਿੱਤਾ ਹੈ ਉਸ ਨੂੰ ਵੀ 14 ਦਿਨਾਂ ਲਈ ਆਪਣੇ ਆਪ ਨੂੰ ਦੂਜਿਆਂ ਤੋਂ ਦੂਰੀ ਬਣਾ ਕੇ ਰੱਖਣ ਦੀ ਹਿਦਾਇਤ ਕੀਤੀ ਗਈ ਹੈ।

ਸਰਕਾਰ ਜਨਤਕ ਇੱਕਠਾਂ ਤੇ ਕਿਹੜੀਆਂ ਪਾਬੰਦੀਆਂ ਲਗਾ ਰਹੀ ਹੈ?

ਸਰਕਾਰ ਨੇ ਜਨਤਕ ਇੱਕਠਾਂ ਨੂੰ 5 ਵਿਅਕਤੀਆਂ ਜਾਂ ਇਸ ਤੋਂ ਘੱਟ ਤੱਕ ਸੀਮਤ ਕਰ ਦਿੱਤਾ ਹੈ, ਪਹਿਲਾਂ 50 ਅਤੇ ਇਸ ਤੋਂ ਪਹਿਲਾਂ 250 ਸੀ।

ਗੈਰ-ਜ਼ਰੂਰੀ ਕਾਰੋਬਾਰਾਂ ਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਇਹ ਕਿਸ ਤੇ ਲਾਗੂ ਹੁੰਦਾ ਹੈ? ਸੂਬੇ ਨੇ ਸਾਰੇ ਗੈਰ-ਜ਼ਰੂਰੀ ਕਾਰੋਬਾਰਾਂ ਨੂੰ ਬੰਦ ਕਰਨ ਦੇ ਆਦੇਸ਼ ਦਿੱਤੇ ਹਨ, ਸਮੇਤ:

- ਵਿਅਕਤੀਗਤ ਸੇਵਾਵਾਂ ਜਿਵੇਂ ਸੈਲੂਨ ਅਤੇ ਟੈਟੂ ਪਾਰਲਰ ਦੇ ਨਾਲ ਨਾਲ ਪ੍ਰਚੂਨ ਸਟੋਰ ਜਿਵੇਂ ਕਪੜੇ ਸਟੋਰ ਅਤੇ ਗੇਮਿੰਗ ਦੀਆਂ ਦੁਕਾਨਾਂ.

ਰੈਸਟੋਰੈਂਟਾਂ ਵਿਚ ਖਾਣੇ ਦੀਆਂ ਸੇਵਾਵਾਂ ਵਰਜਿਤ ਹਨ. ਟੇਕ-ਆਊਟ, ਡਿਲਿਵਰੀ ਅਤੇ ਡ੍ਰਾਇਵ-ਦੁਆਰਾ ਸੇਵਾਵਾਂ ਨੂੰ ਅਜੇ ਵੀ ਆਗਿਆ ਹੈ।

- ਸਿਹਤ ਸੇਵਾਵਾਂ ਜਿਵੇਂ ਦੰਦਾਂ ਦੇ ਡਾਕਟਰ, ਮਸਾਜ ਥੈਰੇਪਿਸਟ ਅਤੇ ਫਿਜ਼ੀਓਥੈਰੇਪਿਸਟ ਹੁਣ ਗੈਰ-ਸੰਕਟਕਾਲੀ ਸੇਵਾਵਾਂ ਨਹੀਂ ਦੇ ਸਕਦੇ।

15 ਜਾਂ 15 ਤੋਂ ਵੱਧ ਵਿਅਕਤੀਆਂ ਦੇ ਨਾਲ ਕੰਮ ਕਰਨ ਵਾਲੀਆਂ ਥਾਵਾਂ, ਜਿੰਨਾਂ ਤੇ ਹੋਰ ਪਾਬੰਦੀ ਨਹੀ ਹੈ ਜਾਂ ਪਾਬੰਦੀਆਂ ਨਹੀ ਹਨ ਉਹ ਕੰਮ ਕਰਨਾ ਜਾਰੀ ਰੱਖ ਸਕਦੇ ਹਨ ਜਦੋਂ ਤੱਕ ਉਹ ਸਾਰੇ ਜਨਤਕ ਸਿਹਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹਨ, ਜਿਸ ਵਿੱਚ ਸਮਾਜਕ ਦੂਰੀਆਂ ਵਾਲੇ ਨਿਰਦੇਸ਼ ਸ਼ਾਮਲ ਹਨ।

### ਛੋਟ

ਇਹ ਸੇਵਾਵਾਂ 15 ਵਿਅਕਤੀਆਂ ਦੀ ਸੀਮਾ ਤੋਂ ਮੁਕਤ ਹਨ, ਜਦੋਂ ਤੱਕ ਉਹ ਦੋ ਮੀਟਰ ਸਰੀਰਕ ਦੂਰੀ ਬਣਾਈ ਰੱਖਦੇ ਹਨ। ਜਾਂ ਨਹੀ ਤਾਂ ਲੋਕਾਂ ਵਿਚਕਾਰ ਸੰਪਰਕ ਸੀਮਤ ਕਰਦੇ ਹਨ ਜਿਵੇਂ ਕਿ : -ਪਬਲਿਕ ਟ੍ਰਾਂਜ਼ਿਟ - ਸੈਲਟਰ ਅਤੇ ਅਸਥਾਈ ਜਾਂ ਅਸਥਾਈ ਰਿਹਾਇਸ਼ੀ ਸਹੂਲਤਾਂ। ਵਰਕ ਕੈਂਪ ਵਿਚ ਖਾਣ ਪੀਣ ਦੀਆਂ ਸਹੂਲਤਾਂ।

ਕੀ ਮੈਂ ਫਿਰ ਵੀ ਕੰਮ ਤੇ ਜਾ ਸਕਦਾ ਹਾਂ? ਮੇਰੇ ਦੋਸਤ ਦੇ ਘਰ ਬਾਰੇ ਕੀ? ਪਾਰਕ?

ਜੇ ਤੁਸੀ ਠੀਕ ਮਹਿਸੂਸ ਕਰ ਰਹੇ ਹੋ, ਤਾਂ ਤੁਸੀ ਕੰਮ 'ਤੇ ਜਾ ਸਕਦੇ ਹੋ, ਪਰ ਕੈਨੇਡਾ ਹੈਲਥ ਕੇਅਰ ਡਾਕਟਰ - ਸਰੀਰਕ ਦੂਰੀ ਅਤੇ ਅਕਸਰ ਹੱਥ ਧੋਣ ਸਮੇਤ ਵਧੇਰੇ ਸਾਵਧਾਨੀ ਵਰਤਣ ਦੀ ਸਿਫਾਰਸ਼ ਕਰਦੀ ਹੈ। ਸਿਟੀ ਪਾਰਕ ਖੁੱਲੇ ਰਹਿੰਦੇ ਹਨ, ਪਰ ਜ਼ਿਆਦਾਤਰ। ਜਦੋਂ ਤੱਕ ਕੋਈ ਵੀ ਪੰਜ ਤੋਂ ਵੱਧ ਇਕ ਹੀ ਜਗ੍ਹਾ ਤੇ ਇੱਕਠੇ ਨਹੀਂ ਹੁੰਦੇ ਦੂਰੀ ਬਣਾ ਕੇ ਰੱਖਦੇ ਹਨ ਤੱਕ ਤੱਕ ਸਭ ਠੀਕ ਹੈ ਨਹੀਂ ਤਾਂ ਸਿਟੀ ਬਾਏਲਾਅ ਵਲੋਂ $500 ਤੋਂ $1000 ਡਾਲਰ ਦਾ ਜੁਰਮਾਨਾਂ ਹੋ ਸਕਦਾ ਹੈ।

ਵਸਨੀਕ ਪਾਰਕਾਂ ਵਿਚ ਸੈਰ ਤੇ ਜਾ ਸਕਦੇ ਹਨ, ਪਰ ਸਿਹਤ ਅਧਿਕਾਰੀ ਵਸਨੀਕਾਂ ਨੂੰ ਅਪੀਲ ਕਰਦੇ ਹਨ ਕਿ ਉਹ ਦੋ ਮੀਟਰ ਦੇ ਸਰੀਰਕ ਦੂਰੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਹੀ ਚੱਲਣ।

ਕੀ ਟੇਕਵੇ ਖਾਣਾ ਖਾਣਾ ਸੁਰੱਖਿਅਤ ਹੈ?

ਹਾਂ ਇਸ ਗੱਲ ਦਾ ਹਾਲੇ ਤੱਕ ਕੋਈ ਸਬੂਤ ਨਹੀਂ ਹੈ ਕਿ ਬਿਮਾਰੀ ਨੂੰ ਭੋਜਨ ਦੁਆਰਾ ਸੰਚਾਰਿਤ ਕੀਤਾ ਜਾ ਸਕਦਾ ਹੈ।

## ਸੂਬਾ ਹੋਰ ਕੀ ਕਰ ਰਿਹਾ ਹੈ?

ਸੂਬਾ ਰਿਹਾਇਸ਼ੀ ਬਿਜਲੀ ਦੇ ਬਿਲਾਂ ਵਿਚ ਰਾਹਤ ਦੇ ਰਿਹਾ ਹੈ। ਘਰਾਂ ਦੀਆਂ ਮੌਰਗੇਜ ਕੰਮਨੀਆਂ ਨਾਲ ਮਿਲ ਕੇ ਕੁਝ ਮਹੀਨਿਆਂ ਲਈ ਮੌਰਗੇਜ ਦੀਆਂ ਕਿਸਤਾਂ ਤੇ ਰੋਕ ਲਗਾਈ ਜਾ ਰਹੀ ਹੈ।

## ਕਿਰਾਏਦਾਰਾਂ ਬਾਰੇ ਕੀ?

ਸਰਕਾਰ ਨੇ ਐਲਾਨ ਕੀਤਾ ਕਿ 1 ਅਪ੍ਰੈਲ ਨੂੰ ਕਿਰਾਇਆ ਅਦਾ ਕਰਨ ਵਿੱਚ ਅਸਫਲ ਰਹਿਣ ਕਾਰਨ ਕਿਸੇ ਨੂੰ ਵੀ ਕੱਢਿਆ ਨਹੀ ਜਾ ਸਕਦਾ । ਇਸ ਤੋਂ ਇਲਾਵਾ, ਮਕਾਨ ਮਾਲਕਾਂ ਨੂੰ ਕਿਰਾਏਦਾਰਾਂ ਨਾਲ ਭੁਗਤਾਨ ਦੀਆਂ ਯੋਜਨਾਵਾਂ ਬਾਰੇ ਗੱਲਬਾਤ ਕਰਨ ਲਈ ਕਿਹਾ ਗਿਆ ਸੀ ਜਿਨ੍ਹਾਂ ਦੀ ਆਮਦਨੀ ਮਹਾਂਮਾਰੀ ਨਾਲ ਪ੍ਰਭਾਵਤ ਹੋਈ ਹੈ।

## ਫੈਡਰਲ ਸਰਕਾਰ ਕਾਰੋਬਾਰਾਂ ਲਈ ਕੀ ਕਰ ਰਹੀ ਹੈ?

ਫੈਡਰਲ ਸਰਕਾਰ ਤਿੰਨ ਮਹੀਨਿਆਂ ਤੱਕ ਕਾਰੋਬਾਰਾਂ ਲਈ 75 ਪ੍ਰਤੀਸ਼ਤ ਤਨਖਾਹ ਦੀ ਸਬਸਿਡੀ ਦੀ ਪੇਸ਼ਕਸ਼ ਕਰ ਰਹੀ ਹੈ। ਹਾਲਾਂਕਿ ਕੁਝ ਮਾਲਕ ਕਹਿੰਦੇ ਹਨ ਕਿ ਉਨ੍ਹਾਂ ਨੂੰ ਮਾਲੀਏ ਦੇ ਭਾਫ ਦੀ ਬਜਾਏ ਸਬਸਿਡੀ ਲੈਣ ਲਈ ਛੇ ਹਫ਼ਤਿਆਂ ਲਈ ਇੰਤਜ਼ਾਰ ਕਰਨਾ ਪੈਂਦਾ ਹੈ, ਜੋ ਬਹੁਤ ਲੰਮਾ ਹੈ।

ਕਾਰੋਬਾਰ ਵੀ ਜੂਨ ਤੱਕ ਟੈਕਸ ਭੁਗਤਾਨ ਮੁਲਤਵੀ ਕਰ ਸਕਣਗੇ, ਕੈਨੇਡਾ ਐਮਰਜੈਂਸੀ ਬਿਜਨਸ ਅਕਾਊਂਟ ਅਤੇ ਛੋਟੇ ਅਤੇ ਦਰਮਿਆਨੇ ਆਕਾਰ ਵਾਲੇ ਐਂਟਰਪ੍ਰਾਈਜ਼ ਲੋਨ ਅਤੇ ਗਰੰਟੀ ਪ੍ਰੋਗਰਾਮ ਰਾਹੀਂ ਵਿਆਜ ਮੁਕਤ ਕਰਜ਼ੇ ਲਈ ਅਰਜ਼ੀ ਭਰ ਸਕਦੇ ਹਨ।

ਮੈਂ ਆਪਣੀ ਨੌਕਰੀ ਗੁਆ ਚੁਕਾ ਹਾਂ, ਮਦਦ ਲਈ ਕਿੱਥੇ ਅਰਜ਼ੀ ਦੇਵਾਂ?

ਸਰਕਾਰ ਨੇ ਕੋਵਿਡ -19 ਸੰਕਟ ਨਾਲ ਸਿੱਝਣ ਲਈ ਰੁਜ਼ਗਾਰ ਬੀਮੇ ਲਾਭਾਂ ਦਾ ਵਿਸਥਾਰ ਕੀਤਾ ਹੈ। ਬਿਮਾਰੀ ਦੇ ਲਾਭ ਆਮਦਨ ਬਦਲਣ ਦੇ 15 ਹਫ਼ਤਿਆਂ ਤੱਕ ਪ੍ਰਦਾਨ ਕਰਦੇ ਹਨ। ਉਹ ਯੋਗ ਦਾਅਵੇਦਾਰਾਂ ਲਈ ਉਪਲਬਧ ਹਨ ਜੋ ਬਿਮਾਰੀ, ਸੱਟ ਜਾਂ ਕੁਆਰੰਟੀਨ ਕਾਰਨ ਕੰਮ ਨਹੀਂ ਕਰ ਸਕਦੇ।ਕੈਨੇਡਾ ਨੇ ਇਕ ਹਫਤੇ ਦੀ ਆਮ ਉਡੀਕ ਵੀ ਮੁਆਫ ਕਰ ਦਿੱਤੀ ਹੈ ਅਤੇ ਇਸ ਤਰ੍ਹਾਂ ਕਰ ਦਿੱਤਾ ਹੈ ਤਾਂ ਕਿ ਕੁਆਰੰਟੀਨ ਕਾਰਨ ਈ.ਆਈ. ਲਾਭ ਲੈਣ ਵਾਲੇ ਲੋਕਾਂ ਨੂੰ ਡਾਕਟਰੀ ਸਰਟੀਫਿਕੇਟ ਪ੍ਰਦਾਨ ਵੀ ਨਹੀਂ ਕਰਨਾ ਪਏਗਾ।

ਹਾਲਾਂਕਿ, ਜੇ ਤੁਸੀਂ 15 ਮਾਰਚ ਤੋਂ ਬਾਅਦ ਨਿਯਮਤ ਈ.ਆਈ. ਜਾਂ ਬਿਮਾਰੀ ਲਾਭ ਲਈ ਯੋਗ ਹੋ ਗਏ ਹੋ, ਤਾਂ ਤੁਹਾਡੇ ਦਾਅਵੇ ਦੀ ਪ੍ਰਕਿਰਿਆ ਨਵੇਂ ਕੈਨੇਡਾ ਦੇ ਐਮਰਜੈਂਸੀ ਪ੍ਰਤਿਕ੍ਰਿਆ ਦੁਆਰਾ ਕੀਤੀ ਜਾਏਗੀ।

ਕਨੇਡਾ ਦੇ ਐਮਰਜੈਂਸੀ ਪ੍ਰਤਿਕ੍ਰਿਆ ਲਾਭ ਕਨੈਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ 4 ਮਹੀਨਿਆਂ ਲਈ ਪ੍ਰਤੀ ਮਹੀਨਾ. 2,000 ਦਾ ਭੁਗਤਾਨ ਹੈ। ਜੋ ਕੋਵਿਡ -19 ਕਰਕੇ ਕੰਮ ਬੰਦ ਕਰਨ ਲਈ ਮਜਬੂਰ ਕਰਨ ਵਾਲਿਆਂ ਲਈ ਯੋਗ ਹੈ, ਭਾਵੇਂ ਉਹ ਰੁਜ਼ਗਾਰ ਬੀਮਾ ਭੁਗਤਾਨਾਂ ਦੇ ਯੋਗ ਹੋਣਗੇ ਜਾਂ ਨਹੀਂ।

ਇਹ ਲਾਭ ਉਨ੍ਹਾਂ ਕਾਮਿਆਂ ਲਈ ਵੀ ਉਪਲਬਧ ਹੈ ਜਿਹੜੇ ਬਿਮਾਰ, ਅਲੱਗ-ਅਲੱਗ ਅਤੇ ਕੋਵਿਡ -19 ਵਾਲੇ ਕਿਸੇ ਦੀ ਦੇਖਭਾਲ ਕਰ ਰਹੇ ਹਨ; ਕੰਮ ਕਰਨ ਵਾਲੇ ਮਾਪਿਆਂ ਨੂੰ ਦੇਖਭਾਲ ਲਈ ਘਰ ਰਹਿਣ ਲਈ ਮਜ਼ਬੂਰ ਹੋਏ ਹਨ।

ਲਾਭ ਲਈ ਅਰਜ਼ੀਆਂ 6 ਅਪ੍ਰੈਲ ਨੂੰ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਪੈਦਾ ਹੋਏ ਲੋਕਾਂ ਲਈ ਖੁੱਲ੍ਹੀਆਂ ਹਨ. ਅਪ੍ਰੈਲ, ਮਈ ਅਤੇ ਜੂਨ ਵਿਚ ਪੈਦਾ ਹੋਏ ਲੋਕ ਮੰਗਲਵਾਰ, ਅਪ੍ਰੈਲ 7, ਅਪ੍ਰੈਲ, ਜੁਲਾਈ ਜਾਂ ਸਤੰਬਰ ਵਿਚ ਪੈਦਾ ਹੋਏ ਲੋਕ ਬੁੱਧਵਾਰ ਨੂੰ ਅਰਜ਼ੀ ਦੇ ਸਕਦੇ ਹਨ ਅਤੇ ਅਕਤੂਬਰ, ਨਵੰਬਰ ਅਤੇ ਦਸੰਬਰ ਵਿਚ ਪੈਦਾ ਹੋਏ ਲੋਕਾਂ ਤੋਂ ਵੀਰਵਾਰ ਨੂੰ ਅਰਜ਼ੀਆਂ ਸਵੀਕਾਰ ਕੀਤੀਆਂ ਜਾਂਦੀਆਂ ਹਨ. ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਕਿਸੇ ਲਈ ਖੁੱਲਾ ਰਹੇਗਾ। ਐਮਰਜੈਂਸੀ ਲਾਭ ਲਈ ਯੋਗ ਬਣਨ ਲਈ, ਕਾਮਿਆਂ ਨੇ 2019 ਵਿੱਚ, ਜਾਂ ਅਰਜ਼ੀ ਦੇਣ ਤੋਂ ਪਹਿਲਾਂ 12 ਮਹੀਨਿਆਂ ਵਿੱਚ ਘੱਟੋ ਘੱਟ $ 5,000 ਦੀ ਕਮਾਈ ਦਾ ਹੋਣਾ ਜਰੂਰੀ ਹੈ।



ਬਿਜਲੀ ਦਾ ਕੋਈ ਵੀ ਛੋਟਾ ਜਾਂ ਵੱਡਾ ਕੰਮ

FOR ALL KINDS OF ELECTRICAL WORK




INDOOR ਜਾਂ OUTDOOR LED POT LIGHTS ਲਗਵਾਉਣ ਤੇ DIMMER FREE ਲਗਵਾਉ

- Industrial Lighting / Automation
- Residential/ Commercial/ Industrial
- Basement / Custom Homes Wiring
- Service Panel Upgrading
- Fire Alarm / Security System
- Drive way Lights
- CCTV Camera
- UPS & Battery Banks



Contact: Nirmal Johal
Certified Technician
647-716-2677

# Dr. Randhawa Dentistry

*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr



# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



AAHA FOODS
Presents




"Silver coated Cardamom"
From the makers of Rajnigandha.100 years old trusted Brand

Wholesale Company of Ethnic Food Products

**AAHA FOODS**
(A Division of SR India Marketing INC)
Unit No. 2, 1850 Ellesmere Road,Scarborough, ON M1H 2V5 Canada
+1 416-925-6339, +1 416-666-8525,+1 647-831-9149
Fax: 647-351-7157, Email: siva@srimi.com , ram@srimi.com
www.aahafoods.ca aahafoodscanada



# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



